ਫ਼. ਏਂਗਲਜ਼

# ਜਰਮਨੀ ਵਿੱਚ ਇਨਕਲਾਬ ਅਤੇ ਉਲ਼ਟ ਇਨਕਲਾਬ



ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

*ਫ਼. ਏਂਗਲਜ਼*

# ਜਰਮਨੀ ਵਿੱਚ ਇਨਕਲਾਬ ਅਤੇ ਉਲ਼ਟ ਇਨਕਲਾਬ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — 1978
ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਰਾਮਬਾਬੂ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

**ਕੀਮਤ : 50 ਰੁਪਏ**

# I

# ਇਨਕਲਾਬ ਦੇ ਅਰੰਭ ਹੋਣ ਸਮੇਂ ਜਰਮਨੀ ਦੀ ਹਾਲਤ

ਮਹਾਂਦੀਪ ਯੂਰਪ ਦੇ ਮੰਚ ਉੱਤੇ ਇਨਕਲਾਬੀ ਨਾਟਕ ਦਾ ਪਹਿਲਾ ਐਕਟ ਸਮਾਪਤ ਹੋ ਗਿਆ ਹੈ। 1848 ਦੇ ਝੱਖੜ ਤੋਂ ਪਹਿਲਾਂ "ਜੋ ਸੱਤ੍ਹਾਵਾਂ ਸਨ" ਮੁੜ ਕੇ ਜਿਹੜੀਆਂ "ਸੱਤ੍ਹਾਵਾਂ ਸਥਾਪਤ ਹੋਣਗੀਆਂ", ਇੱਕ ਦਿਨ ਦੇ ਘੱਟ ਜਾਂ ਵੱਧ ਪ੍ਰਸਿੱਧ ਹਾਕਮ, ਆਰਜ਼ੀ ਗਵਰਨਰ, ਤਿੰਨ ਮੈਂਬਰੀ ਪ੍ਰਬੰਧਕੀ ਕੌਂਸਲ ਦੇ ਮੈਂਬਰ, ਡਿਕਟੇਟਰ ਆਪਣੇ ਪ੍ਰਤੀਨਿਧਾਂ ਦੀ, ਸਿਵਲ ਕਮਿਸ਼ਨਰਾਂ, ਫ਼ੌਜੀ ਕਮਿਸ਼ਨਰਾਂ, ਪ੍ਰਬੰਧਕ ਅਧਿਕਾਰੀਆਂ, ਜੱਜਾਂ, ਜਰਨੈਲਾਂ, ਅਫ਼ਸਰਾਂ ਤੇ ਸਿਪਾਹੀਆਂ ਦੀ ਲਾਮਡੋਰੀ ਸਮੇਤ ਸਾਰੇ ਵਿਦੇਸ਼ੀ ਕੰਢਿਆਂ ਉੱਤੇ ਸੁੱਟ ਦਿੱਤੇ ਗਏ ਹਨ" ਅਤੇ, "ਸਾਗਰਾਂ ਤੋਂ ਪਾਰ" ਇੰਗਲੈਂਡ ਜਾਂ ਅਮਰੀਕਾ ਨੂੰ ਜਲਾਵਤਨ ਕਰ ਦਿੱਤੇ ਗਏ ਹਨ" ਤਾਂ ਜੋ ਉੱਥੇ "in Partibus Infidelium" ਨਵੀਆਂ ਸਰਕਾਰਾਂ, ਯੂਰਪੀ ਕਮੇਟੀਆਂ, ਕੇਂਦਰੀ ਕਮੇਟੀਆਂ, ਕੌਮੀ ਕਮੇਟੀਆਂ ਬਣਾ ਲੈਣ ਅਤੇ ਆਪਣੀ ਆਮਦ ਬਾਰੇ ਕਿਸੇ ਘੱਟ ਕਲਪਤ ਬਾਦਸ਼ਾਹ ਵਾਂਗ ਬਾਜ਼ਾਬਤਾ ਤੌਰ 'ਤੇ ਐਲਾਨ ਕਰ ਸਕਣ।

ਇਸ ਨਾਲ਼ੋਂ ਵਧੇਰੇ ਉੱਘੜਵੀਂ ਹਾਰ, ਜੋ ਮਹਾਂਦੀਪੀ ਇਨਕਲਾਬੀ ਪਾਰਟੀ, ਜਾਂ ਸਗੋਂ ਪਾਰਟੀਆਂ ਨੂੰ ਹੋਈ ਕਿਆਸ ਨਹੀਂ ਕੀਤੀ ਜਾ ਸਕਦੀ। ਪਰ ਇਹੋ ਹੀ ਕਿਉਂ ? ਕੀ ਬਰਤਾਨੀਆਂ ਦੀਆਂ ਮੱਧ ਸ਼੍ਰੇਣੀਆਂ ਦੀ ਆਪਣੀ ਸਮਾਜਕ ਤੇ ਰਾਜਨੀਤਕ ਉੱਚਤਮਤਾ ਲਈ 48 ਸਾਲ ਤੱਕ ਜੱਦੋ ਜਹਿਦ, ਫ਼ਰਾਂਸੀਸੀ ਮੱਧ ਸ਼੍ਰੇਣੀਆਂ ਦੀ 40 ਸਾਲ ਤੱਕ ਜੱਦੋ ਜਹਿਦ ਬੇਮਿਸਾਲ ਜੱਦੋ ਜਹਿਦਾਂ ਨਹੀਂ ? ਅਤੇ ਕੀ ਉਹਨਾਂ ਦੀ ਜਿੱਤ ਉਸ ਘੜੀ ਨਾਲ਼ੋਂ ਵਧੇਰੇ ਨੇੜੇ ਜਾਪਦੀ ਸੀ ਜਦੋਂ ਮੁੜ ਬਹਾਲ ਹੋਏ ਇੱਕਪੁਰਖਾ ਰਾਜ ਨੇ ਆਪਣੇ ਆਪ ਨੂੰ ਕਿਸੇ ਵੀ ਸਮੇਂ ਨਾਲ਼ੋਂ ਵਧੇਰੇ ਮਜ਼ਬੂਤ ਮਹਿਸੂਸ ਕੀਤਾ ? ਉਸ ਅੰਧ ਵਿਸ਼ਵਾਸ਼ ਦੇ ਸਮੇਂ ਜਿਨ੍ਹਾਂ ਨੇ ਕੁੱਝ ਕੁ ਐਜੀਟੇਟਰਾਂ ਦੀ ਮੰਦਭਾਵਨਾ ਨਾਲ਼ ਇਨਕਲਾਬਾਂ ਨੂੰ ਮਨਸੂਬ ਕਰ ਦਿੱਤਾ, ਬੜੇ ਚਿਰ ਤੋਂ ਲੱਦ ਗਏ ਹਨ। ਅੱਜ ਕੱਲ੍ਹ ਹਰ ਕੋਈ ਜਾਣਦਾ ਹੈ, ਕਿ ਜਿੱਥੇ ਕਿਤੇ ਵੀ ਕੋਈ ਇਨਕਲਾਬੀ ਹਿਲਜੁਲ ਹੁੰਦੀ ਹੈ, ਉੱਥੇ ਪਿਛੋਕੜ ਵਿੱਚ ਕੋਈ ਨਾ ਕੋਈ ਅਜਿਹੀ ਸਮਾਜਕ ਜ਼ਰੂਰਤ ਜ਼ਰੂਰ ਹੁੰਦੀ ਹੈ ਜਿਸ ਨੂੰ ਛਿਜ ਚੁੱਕੀਆਂ ਸੰਸਥਾਵਾਂ ਨੇ ਪੂਰਾ ਹੋਣ ਤੋਂ ਰੋਕਿਆ ਹੁੰਦਾ ਹੈ। ਭਾਵੇਂ ਇਸ ਜ਼ਰੂਰਤ ਨੂੰ ਅਜੇ ਇਤਨੀ ਤੀਖਣਤਾ ਨਾਲ਼ ਮਹਿਸੂਸ ਨਾ ਕੀਤਾ ਗਿਆ ਹੋਵੇ ਜਿਤਨਾ ਆਮ ਤੌਰ 'ਤੇ ਕੀਤਾ ਜਾਂਦਾ ਹੈ ਕਿ ਉਹ ਤੁਰੰਤ ਸਫ਼ਲਤਾ ਨੂੰ ਸਦੀਵੀ ਬਣਾ ਸਕੇ, ਪਰ ਧੱਕੇਸ਼ਾਹੀ ਜਬਰ ਉੱਤੇ ਇਸ ਦਾ ਹਰ ਯਤਨ ਇਸ ਨੂੰ ਮਜ਼ਬੂਤ ਤੋਂ ਮਜ਼ਬੂਤ ਬਣਾਉਂਦਾ ਹੈ ਤੇ ਅਖ਼ੀਰ ਇਹ ਆਪਣੀਆਂ ਬੇੜੀਆਂ ਨੂੰ ਤੋੜ ਸੁੱਟਦੀ ਹੈ। ਪਰ, ਫਿਰ ਵੀ ਜੇ ਅਸੀਂ ਹਾਰ ਜਾਂਦੇ ਹਾਂ ਤਾਂ ਸਾਡੇ ਕੋਲ਼ ਮੁੱਢ ਤੋਂ ਫਿਰ ਅਰੰਭ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੁੰਦਾ ਅਤੇ ਚੰਗੇ ਭਾਗਾਂ ਨੂੰ, ਬਹੁਤ ਹੀ ਥੋੜ੍ਹੇ ਸਮੇਂ ਦੇ ਵਕਫ਼ੇ ਦਾ ਸੰਭਵ ਆਰਾਮ, ਜੋ ਸਾਨੂੰ ਲਹਿਰ ਦੇ ਪਹਿਲੇ

ਐਕਟ ਦੀ ਸਮਾਪਤੀ ਤੇ ਦੂਜੇ ਦੇ ਅਰੰਭ ਵਿਚਾਲੇ ਮਿਲ਼ਦਾ ਹੈ, ਇੱਕ ਬਹੁਤ ਜ਼ਰੂਰੀ ਕੰਮ ਲਈ ਵਕਤ ਦਿੰਦਾ ਹੈ। ਉਹਨਾਂ ਕਾਰਨਾਂ ਦੇ ਅਧਿਅਨ ਦਾ ਸਮਾਂ ਜਿੰਨ੍ਹਾਂ ਨੇ ਸਾਬਕ ਬਗ਼ਾਵਤ ਤੇ ਉਸ ਦੀ ਹਾਰ ਦੋਹਾਂ ਨੂੰ ਜ਼ਰੂਰੀ ਬਣਾਇਆ ਹੁੰਦਾ ਹੈ, ਕਾਰਨ ਜਿਨ੍ਹਾਂ ਨੂੰ ਸਬੱਬੀ ਯਤਨਾਂ, ਯੋਗਤਾਵਾਂ, ਗ਼ਲਤੀਆਂ, ਭੁੱਲਾਂ ਜਾਂ ਕੁੱਝ ਆਗੂਆਂ ਦੀਆਂ ਗ਼ਦਾਰੀਆਂ ਵਿੱਚੋਂ ਨਹੀਂ ਸਗੋਂ ਹਰ ਇੱਕ ਉੱਸਲਵੱਟੇ ਲੈਂਦੀ ਕੌਮ ਦੀ ਆਮ ਸਮਾਜਕ ਸਥਿਤੀ ਤੇ ਹਾਲਤਾਂ ਵਿੱਚੋਂ ਲੱਭਣਾ ਚਾਹੀਦਾ ਹੈ। ਇਹ ਗੱਲ ਕਿ ਫ਼ਰਵਰੀ ਤੇ ਮਾਰਚ 1848 ਦੀਆਂ ਅਚਾਨਕ ਪੈਦਾ ਹੋਈਆਂ ਲਹਿਰਾਂ, ਕਿਸੇ ਇਕੱਲੇ ਇਕੱਲੇ ਵਿਅਕਤੀ ਦਾ ਕੰਮ ਨਹੀਂ ਸਨ, ਸਗੋਂ ਕੌਮੀ ਜ਼ਰੂਰਤਾਂ 'ਤੇ ਥੁੜ੍ਹਾਂ ਦੇ ਆਪ ਮੁਹਾਰੇ, ਅਰੁੱਕ ਪ੍ਰਗਟਾਅ ਸਨ, ਜਿਸ ਨੂੰ ਵੱਧ ਜਾਂ ਘੱਟ ਸਪੱਸ਼ਟਤਾ ਨਾਲ਼ ਸਮਝਿਆ ਗਿਆ, ਪਰ ਜਿਸ ਨੂੰ ਹਰ ਦੇਸ਼ ਵਿੱਚ ਅਣਗਿਣਤ ਜਮਾਤਾਂ ਵੱਲੋਂ ਬਹੁਤ ਵਿਲੱਖਣਤਾ ਨਾਲ਼ ਮਹਿਸੂਸ ਕੀਤਾ ਗਿਆ, ਇਹ ਇੱਕ ਅਜਿਹੀ ਹਕੀਕਤ ਹੈ ਜਿਸ ਨੂੰ ਹਰ ਥਾਂ 'ਤੇ ਪ੍ਰਵਾਨ ਕੀਤਾ ਗਿਆ ਹੈ; ਪਰ ਜਦੋਂ ਤੁਸੀਂ ਉਲਟ ਇਨਕਲਾਬ ਸਫ਼ਲਤਾਵਾਂ ਦੇ ਕਾਰਨਾਂ ਬਾਰੇ ਜਾਂਚ ਕਰਦੇ ਹੋ ਤਾਂ ਤੁਹਾਨੂੰ ਹਰ ਥਾਂ 'ਤੇ ਇਹ ਤਿਆਰ ਬਰ ਤਿਆਰ ਉੱਤਰ ਮਿਲਦਾ ਹੈ ਕਿ ਇਹ ਜਾਂ ਉਹ ਫ਼ਲਾਣਾ ਭੱਦਰ ਪੁਰਸ਼ ਸੀ ਜਿਸ ਨੇ ਲੋਕਾਂ ਨਾਲ਼ ਗ਼ੱਦਾਰੀ ਕੀਤੀ। ਉਹ ਉੱਤਰ ਹਾਲਾਤ ਅਨੁਸਾਰ ਸੱਚਾ ਹੋ ਸਕਦਾ ਹੈ, ਜਾਂ ਨਹੀਂ ਹੋ ਸਕਦਾ, ਪਰ ਕਿਸੇ ਵੀ ਹਾਲਤ ਵਿੱਚ ਇਹ ਕਿਸੇ ਵੀ ਗੱਲ ਦੀ ਵਿਆਖਿਆ ਨਹੀਂ ਕਰਦਾ— ਇੱਥੋਂ ਤੱਕ ਕਿ ਇਹ ਵੀ ਨਹੀਂ ਕਰਵਾਂਦਾ ਕਿ ਇਹ ਕਿਵੇਂ ਸੰਭਵ ਹੋਇਆ ਕਿ "ਲੋਕਾਂ" ਨੇ ਉਹਨਾਂ ਨੂੰ ਆਪਣੇ ਆਪ ਨਾਲ਼ ਗ਼ੱਦਾਰੀ ਕਰਨ ਦੀ ਆਗਿਆ ਦੇ ਦਿੱਤੀ ਅਤੇ ਇੱਕ ਰਾਜਨੀਤਕ ਪਾਰਟੀ ਦੀ ਕਿਤਨੀ ਮੰਦੀ ਹਾਲਤ ਹੈ ਜਿਸ ਦੀ ਸਮੁੱਚੀ ਰਾਸ-ਮੂੜੀ ਕੇਵਲ ਇੱਕੋ ਇੱਕ ਤੱਥ ਦੇ ਗਿਆਨ ਵਿੱਚ ਸਥਿਤ ਹੈ ਕਿ ਇਸ ਜਾਂ ਉਸ ਭੱਦਰਪੁਰਸ਼ ਉੱਤੇ ਇਤਬਾਰ ਨਹੀਂ ਕੀਤਾ ਜਾਣਾ ਚਾਹੀਦਾ।

ਇਨਕਲਾਬੀ ਹਿਲਜੁੱਲ ਦੇ ਅਰੰਭ ਅਤੇ ਇਸ ਦੇ ਦਬਾਏ ਜਾਣ ਦੇ ਕਾਰਨਾਂ ਦੀ ਜਾਂਚ ਪੜਤਾਲ਼ ਦੀ ਤੇ ਉਹਨਾਂ ਨੂੰ ਸਾਹਮਣੇ ਲਿਆਉਣ ਦੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬਹੁਤ ਭਾਰੀ ਮਹੱਤਤਾ ਹੈ। ਇਹਨਾਂ ਸਾਰੇ ਛੋਟੇ ਛੋਟੇ ਨਿੱਜੀ ਝਗੜਿਆਂ ਅਤੇ ਖਹਿਬੜਾ ਖਹਿਬੜੀ — ਇਹ ਸਾਰੇ ਸਵੈ ਵਿਰੋਧੀ ਬਿਆਨ, ਕਿ ਉਹ ਮਾਰਾਸਾਤ ਸੀ, ਜਾਂ ਲੇਦਰੂ-ਰੋਲਿਨ ਸੀ ਜਾਂ ਲੂਈ ਬਲਾਂਕ ਸੀ ਜਾਂ ਆਰਜ਼ੀ ਸਰਕਾਰ ਦਾ ਕੋਈ ਹੋਰ ਮੈਂਬਰ ਸੀ ਜਾਂ ਇਹ ਸਾਰੇ ਹੀ ਸਨ, ਜੋ ਉਹਨਾਂ ਚਟਾਨਾਂ ਵਿਚਾਲਿਉਂ ਇਨਕਲਾਬ ਨੂੰ ਕੱਢ ਕੇ ਲੈ ਗਏ ਜਿਨ੍ਹਾਂ ਉੱਤੇ ਇਹ ਟੁੱਟ ਭੱਜ ਗਿਆ ਸੀ— ਨਾਲ਼ ਕਿਸੇ ਦੀ ਕੀ ਦਿਲਚਸਪੀ ਹੋ ਸਕਦੀ ਹੈ, ਕਿਸੇ ਅਮਰੀਕਨ ਜਾਂ ਅੰਗਰੇਜ਼ ਨੂੰ ਇਹ ਕੀ ਗਿਆਨ ਪ੍ਰਦਾਨ ਕਰ ਸਕਦੇ ਹਨ ਜਿਸ ਨੇ ਇਹਨਾਂ ਸਾਰੀਆਂ ਵੱਖ ਵੱਖ ਲਹਿਰਾਂ ਨੂੰ ਇਤਨੀ ਦੂਰੀ ਤੋਂ ਵਾਚਿਆ ਹੈ ਕਿ ਉਹ ਅਮਲਾਂ ਦੇ ਕਿਸੇ ਵੀ ਵਿਸਥਾਰ ਨੂੰ ਨਿੱਖੜਵੇਂ ਰੂਪ ਵਿੱਚ ਚੰਗੀ ਤਰ੍ਹਾਂ ਜਾਣ ਸਕੇ ? ਕੋਈ ਵੀ ਸੂਝ ਬੂਝ ਵਾਲ਼ਾ ਬੰਦਾ ਇਹ ਕਦੇ ਵਿਸ਼ਵਾਸ ਨਹੀਂ ਕਰੇਗਾ ਕਿ ਬਾਰਾਂ ਬੰਦੇ (ਫ਼ਰਾਂਸ ਦੀ ਆਰਜ਼ੀ ਸਰਕਾਰ ਦੇ ਮੈਂਬਰ— ਸੰਪਾਦਕ) ਜੋ ਵਿਚਲੇ ਮੇਲ ਦੀ ਯੋਗਤਾ ਦੇ ਸਨ, ਚੰਗਿਆਈ ਜੋ ਬੁਰਾਈ ਲਈ ਤਿੰਨ ਕਰੋੜ 60 ਲੱਖ

ਵਸੋਂ ਵਾਲ਼ੀ ਕੌਮ ਨੂੰ ਤਿੰਨਾਂ ਮਹੀਨਿਆਂ ਵਿੱਚ ਤਬਾਹ ਕਰਨ ਦੇ ਯੋਗ ਸਨ, ਜਦੋਂ ਤੱਕ ਉਹਨਾਂ 3 ਕਰੋੜ 60 ਲੱਖ ਲੋਕਾਂ ਨੇ ਆਪਣੇ ਸਾਹਮਣੇ ਦੇ ਰਾਹ ਨੂੰ ਉਸ ਨਾਲ਼ੋਂ ਬਹੁਤ ਘੱਟ ਨਾ ਵੇਖਿਆ ਹੋਵੇ ਜਿੰਨਾਂ ਉਹਨਾਂ ਬਾਰਾਂ ਨੇ। ਪਰ ਇਹ ਗੱਲ ਕਿਵੇ ਸੰਭਵ ਹੋਈ ਕਿ ਇਹਨਾਂ 3 ਕਰੋੜ 60 ਲੱਖ ਲੋਕਾਂ ਨੂੰ ਤੁਰੰਤ ਹੀ ਇਸ ਗੱਲ ਦਾ ਆਪ ਫ਼ੈਸਲਾ ਕਰਨ ਦਾ ਸੱਦਾ ਦਿੱਤਾ ਗਿਆ ਕਿ ਉਹਨਾਂ ਨੇ ਕਿਹੜੇ ਰਾਹ ’ਤੇ ਤੁਰਨਾ ਹੈ, ਜਦ ਕਿ ਉਹ ਅੰਸ਼ਕ ਤੌਰ ’ਤੇ ਕਿਸੇ ਹਨ੍ਹੇਰੇ ਘੁਸਮੁਸੇ ਵਿੱਚ ਭੰਬਲ ਭੂਸੇ ਖਾ ਰਹੇ ਸਨ ਅਤੇ ਉਹ ਫਿਰ ਕਿਵੇਂ ਰਾਹ ਭੁੱਲ ਗਏ ਅਤੇ ਉਹਨਾਂ ਦੇ ਪੁਰਾਣੇ ਆਗੂਆਂ ਨੂੰ ਉਹਨਾਂ ਦੀ ਅਗਵਾਈ ਲਈ ਘੜੀ ਦੀ ਘੜੀ ਪਰਤਣ ਦੀ ਆਗਿਆ ਦੇ ਦਿੱਤੀ ਗਈ, ਇਹ ਹੈ ਸੁਆਲ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ।

ਫਿਰ, ਜੇ ਅਸੀਂ **ਦੀ ਟ੍ਰਿਬਿਊਨ** ਦੇ ਪਾਠਕਾਂ ਸਾਹਮਣੇ ਉਹ ਕਾਰਨ ਪੇਸ਼ ਕਰਨ ਦਾ ਯਤਨ ਕਰੀਏ, ਜਿਨ੍ਹਾਂ ਸਦਕਾ ਭਾਵੇਂ ਉਹਨਾਂ ਨੇ 1848 ਵਿੱਚ ਜਰਮਨ ਇਨਕਲਾਬ ਨੂੰ ਜ਼ਰੂਰੀ ਬਣਾ ਦਿੱਤਾ ਸੀ, 1849 ਅਤੇ 1850 ਵਿੱਚ ਅਟੱਲ ਤੌਰ ’ਤੇ ਵਕਤੀ ਜਬਰ ਹੋਂਦ ਵਿੱਚ ਆਇਆ, ਸਾਡੇ ਤੋਂ ਉਸ ਦੇਸ ਵਿੱਚ ਵਾਪਰੀਆਂ ਘਟਨਾਵਾਂ ਦਾ ਪੂਰਨ ਇਤਿਹਾਸ ਪੇਸ਼ ਕਰਨ ਦੀ ਆਸ ਨਹੀਂ ਰੱਖਣੀ ਚਾਹੀਦੀ। ਮਗਰਲੀਆਂ ਘਟਨਾਵਾਂ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਦਾ ਨਿਰਣਾ ਇਸ ਗੱਲ ਦਾ ਫ਼ੈਸਲਾ ਕਰੇਗਾ ਕਿ ਵੇਖਣ ਨੂੰ ਸਬੱਬੀ, ਬੇਮੇਲ ਤੇ ਬੇਜੋੜ ਤੱਥਾਂ ਦੇ ਉਲਝਵੇਂ ਢੇਰ ਦਾ ਕਿਹੜਾ ਅੰਸ਼ ਸੰਸਾਰ ਇਤਿਹਾਸ ਦਾ ਇੱਕ ਭਾਗ ਬਣੇਗਾ। ਅਜਿਹੇ ਕਾਰਜ ਲਈ ਅਜੇ ਸਮਾਂ ਨਹੀਂ ਪੁੱਜਾ; ਉਸ ਲਹਿਰ ਦੀਆਂ ਮੁੱਖ ਘਟਨਾਵਾਂ ਦੀ, ਮੁੱਖ ਉਤਰਾਅ-ਚੜ੍ਹਾਅ ਦੀ ਵਿਆਖਿਆ ਕਰਨ ਲਈ ਅਤੇ ਉਸ ਸੇਧ ਦਾ ਥਹੁ ਪਤਾ ਪ੍ਰਾਪਤ ਕਰਨ ਲਈ ਜੋ ਅਗਲੀ ਤੇ ਸ਼ਾਇਦ ਨੇੜੇ ਦੀ ਬਗ਼ਾਵਤ ਜਰਮਨ ਲੋਕਾਂ ਨੂੰ ਦੇਵੇਗੀ, ਜੇ ਅਸੀਂ ਨਾ ਇਨਕਾਰ ਕਰਨ ਯੋਗ ਤੱਥਾਂ ਉੱਤੇ ਆਧਾਰਤ ਯੁਕਤੀ-ਪੂਰਨ ਕਾਰਨ ਲੱਭ ਸਕੀਏ ਤਾਂ ਸਾਨੂੰ ਆਪਣੇ ਆਪ ਨੂੰ ਸੰਭਵ ਹੱਦਾਂ ਵਿੱਚ ਸੀਮਤ ਰੱਖਣਾ ਚਾਹੀਦਾ ਹੈ ਤੇ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ।

ਅਤੇ ਪਹਿਲੀ ਗੱਲ, ਇਨਕਲਾਬ ਦੇ ਫੁੱਟਣ ਸਮੇਂ ਜਰਮਨੀ ਦੀ ਹਾਲਤ ਕਿਹੋ ਜਿਹੀ ਸੀ ?

ਲੋਕਾਂ ਦੀ ਵੱਖ ਵੱਖ ਜਮਾਤਾਂ ਦੀ ਬਣਤਰ ਜੋ ਹਰ ਰਾਜਨੀਤਕ ਜੱਥੇਬੰਦੀ ਦੀ ਬੁਨਿਆਦ ਹੁੰਦੀ ਹੈ, ਜਰਮਨੀ ਵਿੱਚ ਕਿਸੇ ਵੀ ਹੋਰ ਦੇਸ਼ ਨਾਲ਼ੋਂ ਵਧੇਰੇ ਗੁੰਝਲਦਾਰ ਸੀ। ਜਦ ਕਿ ਇੰਜ ਇੰਗਲੈਂਡ ਤੇ ਫ਼ਰਾਂਸ ਵਿੱਚ ਜਾਗੀਰਦਾਰੀ ਨੇ ਇੱਕ ਸ਼ਕਤੀਸ਼ਾਲੀ ਤੇ ਧਨਾਢ ਮੱਧ ਸ਼੍ਰੇਣੀ ਨੂੰ, ਜੋ ਵੱਡੇ ਨਗਰਾਂ ਵਿੱਚ ਵਿਸ਼ੇਸ਼ ਤੌਰ ’ਤੇ ਰਾਜਧਾਨੀ ਵਿੱਚ ਕੇਂਦਰਿਤ ਸੀ, ਨਸ਼ਟ ਕਰ ਦਿੱਤਾ ਸੀ ਜਾਂ ਘੱਟੋ ਘੱਟ ਨਿਗੂਣੀ ਤੇ ਤੁੱਛ ਹਾਲਤ ਤੱਕ ਪਹੁੰਚਾ ਦਿੱਤਾ ਸੀ, ਜਰਮਨੀ ਵਿੱਚ ਜਗੀਰਦਾਰ ਕੁਲੀਨ ਵਰਗ ਨੇ ਆਪਣੀਆਂ ਪੁਰਾਤਨ ਸਹੂਲਤਾਂ ਦਾ ਇੱਕ ਬਹੁਤ ਵੱਡਾ ਹਿੱਸਾ ਆਪਣੇ ਕੋਲ਼ ਰੱਖ ਲਿਆ ਸੀ। ਭੋਂਦਾਰੀ ਦਾ ਜਗੀਰੂ ਪ੍ਰਬੰਧ ਲਗਭਗ ਹਰ ਥਾਂ ’ਤੇ ਪ੍ਰਚੱਲਤ ਸੀ। ਇੱਥੋਂ ਤੱਕ ਕਿ ਜਾਗੀਰਦਾਰਾਂ ਨੇ ਆਪਣੇ ਮੁਜ਼ਾਰਿਆਂ ਉੱਤੇ ਕਾਨੂੰਨੀ ਅਧਿਕਾਰ ਵੀ ਆਪਣੇ ਕੋਲ਼ ਰੱਖੇ ਹੋਏ ਸਨ। ਆਪਣੀਆਂ ਰਾਜਸੀ ਸਹੂਲਤਾਂ ਤੋਂ, ਰਾਜਿਆਂ ਨੂੰ ਕਾਬੂ

ਵਿੱਚ ਰੱਖਣ ਦੇ ਅਧਿਕਾਰ ਤੋਂ ਵਾਂਝਿਆਂ ਹੁੰਦਿਆਂ ਵੀ ਉਹਨਾਂ ਨੇ ਆਪਣੀਆਂ ਜਾਗੀਰਾਂ ਉਤਲੀ ਕਿਸਾਨੀ ਉੱਤੇ ਲਗਭਗ ਸਾਰੀ ਮੱਧਕਾਲੀ ਉੱਚਮਤਾ ਅਤੇ ਇਸ ਦੇ ਨਾਲ਼ ਹੀ ਆਪਣੇ ਉੱਤੇ ਟੈਕਸਾਂ ਤੋਂ ਛੋਟ ਦੀ ਰਿਆਇਤ ਵੀ ਬਹਾਲ ਰੱਖੀ ਹੋਈ ਸੀ। ਜਾਗੀਰਦਾਰੀ ਦੂਜਿਆਂ ਇਲਾਕਿਆਂ ਨਾਲ਼ੋਂ ਕੁਝ ਇਲਾਕਿਆਂ ਵਿੱਚ ਵਧੇਰੇ ਪ੍ਰਫੁੱਲਤ ਹੋ ਰਹੀ ਸੀ, ਪਰ ਰ੍ਹਾਈਨ ਦਰਿਆ ਦੇ ਖੱਬੇ ਕੰਢੇ ਤੋਂ ਬਿਨਾਂ ਕਿਸੇ ਵੀ ਹੋਰ ਥਾਂ ’ਤੇ ਇਹ ਪੂਰੀ ਤਰ੍ਹਾਂ ਨਸ਼ਟ ਨਹੀਂ ਸੀ ਹੋਈ। ਇਹ ਜਾਗੀਰੂ ਕੁਲੀਨ ਵਰਗ, ਜੋ ਉਸ ਸਮੇਂ ਬਹੁਤ ਵੱਡੀ ਗਿਣਤੀ ਵਿੱਚ ਸੀ ਤੇ ਅੰਸ਼ਕ ਤੌਰ ’ਤੇ ਬਹੁਤ ਹੀ ਧਨਾਢ ਸੀ, ਸਰਕਾਰੀ ਤੌਰ ’ਤੇ ਦੇਸ ਵਿੱਚ ਪਹਿਲੀ ਸ਼੍ਰੇਣੀ (“order”) ਸਮਝੀ ਜਾਂਦੀ ਸੀ। ਇਹ ਅਤਿ ਉੱਚੀਆਂ ਸਰਕਾਰੀ ਪਦਵੀਆਂ ਉੱਤੇ ਸ਼ੁਸ਼ੋਭਤ ਸੀ, ਵਿਸ਼ੇਸ਼ ਤੌਰ ’ਤੇ ਫ਼ੌਜ ਦੇ ਸਾਰੇ ਅਫ਼ਸਰ ਇਸੇ ਵਿੱਚੋਂ ਸਨ।

ਜਰਮਨੀ ਦੀ ਬੁਰਜੂਆਜ਼ੀ ਇਤਨੀ ਧਨਾਢ ’ਤੇ ਕੇਂਦਰਿਤ ਨਹੀਂ ਸੀ ਜਿਤਨੀ ਫ਼ਰਾਂਸ ਜਾਂ ਇੰਗਲੈਂਡ ਦੀ ਬੁਰਜੂਆਜ਼ੀ ਸੀ। ਭਾਫ਼ ਦੀ ਆਮਦ ਨਾਲ਼ ਅਤੇ ਅੰਗਰੇਜ਼ ਉਤਪਾਦਕਾਂ ਦੀ ਤੇਜ਼ੀ ਨਾਲ਼ ਫੈਲ ਰਹੀ ਉੱਚਮਤਾ ਨਾਲ਼ ਜਰਮਨੀ ਦੇ ਪੁਰਾਤਨ ਉਤਪਾਦਕ ਤਬਾਹ ਹੋ ਗਏ ਸਨ, ਦੇਸ਼ ਦੇ ਦੂਜੇ ਭਾਗਾਂ ਵਿੱਚ ਸਥਾਪਤ ਹੋਏ ਨੈਪੋਲੀਅਨੀ ਮਹਾਂਦੀਪੀ **ਪ੍ਰਬੰਧ** ਦੇ ਅਧੀਨ ਕਾਰੇ ਲੱਗੇ ਵਧੇਰੇ ਆਧੁਨਿਕ ਉਤਪਾਦਕਾਂ ਨੇ ਪੁਰਾਣੇ ਉਤਪਾਦਕਾਂ ਨੂੰ ਹੋਏ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਸੀ ਦਿੱਤਾ, ਨਾ ਹੀ ਉਤਪਾਦਨ ਕਰ ਦੀ ਇਤਨੀ ਤੱਕੜੀ ਦਿਲਚਸਪੀ ਪੈਦਾ ਕੀਤੀ ਜੋ ਆਪਣੀਆਂ ਲੋੜਾਂ ਸਰਕਾਰ ਦੇ ਧਿਆਨ ਵਿੱਚ ਲਿਆ ਸਕਦੀ ਜਿਸ ਸਰਕਾਰ ਨੂੰ ਗ਼ੈਰ-ਕੁਲੀਨ ਦੌਲਤ ਤੇ ਤਾਕਤ ਦੇ ਹਰ ਵਿਸਥਾਰ ਨਾਲ਼ ਚਿੜ੍ਹ ਸੀ। ਜੇ ਫ਼ਰਾਂਸ ਨੇ ਆਪਣੇ ਸਿਲਕ ਉਤਪਾਦਕਾਂ ਨੂੰ ਇਨਕਲਾਬਾਂ ਤੇ ਜੰਗਾਂ ਦੇ ਪੰਜਾਹ ਸਾਲਾਂ ਰਾਹੀਂ ਜੇਤੂ ਬਣਾ ਦਿੱਤਾ ਸੀ, ਤਾਂ, ਇਸੇ ਸਮੇਂ ਦੇ ਦੌਰਾਨ ਜਰਮਨੀ ਸੂਤੀ ਕੱਪੜੇ (ਲਿਨਨ) ਦਾ ਆਪਣਾ ਪੁਰਾਤਨ ਵਪਾਰ ਵੀ ਗੁਆ ਬੈਠਾ ਸੀ। ਇਸ ਤੋਂ ਉਪਰੰਤ ਮਾਲ ਤਿਆਰ ਕਰਨ ਵਾਲੇ ਇਲਾਕੇ ਕੁੱਝ ਕੁ ਹੀ ਸਨ ਤੇ ਉਹ ਵੀ ਇੱਕ ਦੂਜੇ ਤੋਂ ਬਹੁਤ ਦੁਰੇਡੇ ਸਨ; ਤੱਟ ਤੋਂ ਬਹੁਤ ਦੂਰ ਦੇਸ਼ ਦੇ ਅੰਦਰ ਕਰਕੇ ਸਥਿਤ ਸਨ ਅਤੇ ਆਪਣੀਆਂ ਦਰਾਮਦਾਂ ਤੇ ਬਰਾਮਦਾਂ ਲਈ ਬਹੁਤ ਕਰਕੇ ਵਿਦੇਸ਼ੀ,—ਡੱਚ ਜਾਂ ਬੈਲਜੀਅਨ ਬੰਦਰਗਾਹਾਂ ਵਰਤਦੇ ਸਨ, ਫ਼ਰਮਾਂ ਦੀ ਉੱਤਰੀ ਸਾਗਰ ਤੇ ਬਾਲਟਕ ਦੇ ਕੰਢਿਆਂ ਉੱਤੇ ਵੱਡੇ ਨਗਰਾਂ ਦੀਆਂ ਬੰਦਰਗਾਹਾਂ ਵਿੱਚ ਬਹੁਤ ਹੀ ਘੱਟ ਜਾਂ ਉੱਕਾ ਹੀ ਦਿਲਚਸਪੀ ਨਹੀਂ ਸੀ; ਵੱਡੀ ਗੱਲ ਇਹ ਸੀ ਕਿ ਉਹ ਪੈਰਿਸ ਤੇ ਲੀਓਨਸ, ਲੰਡਨ ਤੇ ਮਾਨਚੈਸਟਰ ਵਰਗੇ ਵੱਡੇ ਉਤਪਾਦਕ ਤੇ ਵਣਜ ਵਪਾਰਕ ਕੇਂਦਰ ਪੈਦਾ ਕਰਨ ਦੇ ਅਯੋਗ ਸਨ। ਜਰਮਨ ਉਤਪਾਦਕਾਂ ਦੇ ਇਸ ਪਛੜੇਵੇਂ ਦੇ ਕਾਰਨ ਅਨੇਕ ਤੇ ਬਹੁਭਾਂਤੀ ਸਨ, ਪਰ, ਦੱਸਣ ਲਈ ਦੋ ਹੀ ਕਾਫ਼ੀ ਹੋਣਗੇ! ਅੰਧ ਮਹਾਂਸਾਗਰ ਤੋਂ ਦੂਰ, ਜੋ ਸੰਸਾਰ ਦੀ ਤਜਾਰਤ ਲਈ ਇੱਕ ਬਹੁਤ ਵੱਡੀ ਸ਼ਾਹਰਾਹ ਬਣ ਗਿਆ ਸੀ, ਦੇਸ਼ ਦੀ ਕਸੂਤੀ ਭੂਗੋਲਿਕ ਹਾਲਤ ਅਤੇ ਨਿਰੰਤਰ ਤੇ ਲਗਾਤਾਰ ਜੰਗਾਂ ਜਿਨ੍ਹਾਂ ਵਿੱਚ ਜਰਮਨੀ ਉਲਝਿਆ ਹੋਇਆ ਸੀ ਅਤੇ ਜਿਹੜੀਆਂ ਉਸ ਦੀ ਧਰਤੀ ਉੱਤੇ ਸੋਲ੍ਹਵੀਂ ਸਦੀ ਤੋਂ ਲੈ ਕੇ ਹੁਣ ਤੱਕ ਲੜੀਆਂ ਗਈਆਂ ਸਨ। ਗਿਣਤੀ ਦੀ ਇਹ ਥੁੜ੍ਹ ਸੀ ਅਤੇ ਵਿਸ਼ੇਸ਼ ਤੌਰ ਤੇ ਕੇਂਦਰਿਤ ਗਿਣਤੀ

ਦੀ ਥੁੜ੍ਹ ਸੀ, ਜਿਸ ਨੇ ਜਰਮਨੀ ਦੀ ਮੱਧ ਸ਼੍ਰੇਣੀ ਨੂੰ ਉਹ ਰਾਜਨੀਤਕ ਉੱਚਤਮਤਾ ਪ੍ਰਾਪਤ ਕਰਨ ਤੋਂ ਰੋਕੀ ਰੱਖਿਆ ਜੋ ਅੰਗਰੇਜ਼ ਬੁਰਜੂਆਜ਼ੀ ਨੂੰ 1688 ਤੋਂ ਪ੍ਰਾਪਤ ਸੀ ਅਤੇ ਜੋ ਫ਼ਰਾਂਸੀਸੀ ਬੁਰਜੂਆਜ਼ੀ ਨੇ 1789 ਵਿੱਚ ਪ੍ਰਾਪਤ ਕਰ ਲਈ ਸੀ ਅਤੇ ਫਿਰ ਵੀ, 1815 ਤੋਂ ਦੌਲਤ, ਅਤੇ ਦੌਲਤ ਦੇ ਨਾਲ਼ ਜਰਮਨੀ ਦੀ ਮੱਧ ਸ਼੍ਰੇਣੀ ਦੀ ਰਾਜਨੀਤਕ ਮਹੱਤਤਾ ਲਗਾਤਾਰ ਵੱਧ ਰਹੀ ਸੀ। ਸਰਕਾਰਾਂ, ਭਾਵੇਂ ਜੱਕੋਤੱਕੀ ਨਾਲ਼ ਹੀ ਘੱਟੋ ਘੱਟ ਇਸ ਦੇ ਵਧੇਰੇ ਫ਼ੌਰੀ ਪਦਾਰਥਕ ਹਿੱਤਾਂ ਦੇ ਸਾਹਮਣੇ ਸਿਰ ਝੁਕਾਉਣ ਲਈ ਮਜ਼ਬੂਰ ਹੋ ਗਈਆਂ। ਇਹ ਕਹਿਣਾ ਵੀ ਸਹੀ ਹੋਵੇਗਾ ਕਿ 1815 ਤੋਂ 1830 ਤੱਕ ਅਤੇ 1832 ਤੋਂ 1840 ਤੱਕ, ਰਾਜਨੀਤਕ ਪ੍ਰਭਾਵ ਦਾ, ਹਰ ਕਣ ਜਿਹੜਾ ਛੋਟੇਰੇ ਰਾਜਾਂ ਦੇ ਸੰਵਿਧਾਨਾਂ ਵਿੱਚ ਮੱਧ ਸ਼੍ਰੇਣੀ ਨੂੰ ਪ੍ਰਾਪਤ ਸੀ, ਰਾਜਨੀਤਕ ਪ੍ਰਤੀਕਰਮ ਦੇ ਉੱਪਰਲੇ ਦੋ ਦੌਰਾਂ ਦੇ ਦੌਰਾਨ ਮੁੜ ਕੇ ਉਹਨਾਂ ਤੋਂ ਖੋਹ ਲਿਆ ਗਿਆ ਸੀ– ਅਜਿਹੇ ਹਰ ਕਣ ਦੀ ਥਾਂ ਤੇ ਫ਼ਰਮਾਂ ਨੂੰ ਵਧੇਰੇ ਅਮਲੀ ਲਾਭ ਤੇ ਸਹੂਲਤਾਂ ਪ੍ਰਦਾਨ ਕਰ ਦਿੱਤੀਆਂ ਗਈਆਂ। ਮੱਧ ਸ਼੍ਰੇਣੀ ਨੂੰ ਹਰ ਰਾਜਨੀਤਕ ਹਾਰ ਦੇ ਮਗਰੋਂ ਵਪਾਰਕ ਕਾਨੂੰਨ ਘੜ੍ਹਨ ਦੇ ਖੇਤਰ ਵਿੱਚ ਜਿੱਤ ਪ੍ਰਾਪਤ ਹੋਈ ਅਤੇ, ਨਿਰਸੰਦੇਹ 1818 ਦਾ **ਪ੍ਰਸ਼ੀਅਨ ਪਰੋਟੈਕਟਿਵ ਟੈਰਿਫ਼** (Prussian Protective Tariff ) ਅਤੇ Zoilverein ਦੀ ਰਚਨਾ, ਜਰਮਨੀ ਦੇ ਵਪਾਰੀਆਂ ਤੇ ਉਤਪਾਦਕਾਂ ਲਈ ਨਿਕਚੂ ਡਿਊਕਸ਼ਾਹੀ ਦੇ ਸਦਨਾਂ ਵਿੱਚ ਗੋਲ਼ਮੋਲ਼ ਵਿਚਾਰ ਪ੍ਰਗਟਾਉਣ ਦੇ ਅਧਿਕਾਰ ਨਾਲ਼ੋਂ, ਮੰਤਰੀਆਂ ਵਿੱਚ, ਜਿਹੜੇ ਉਹਨਾਂ ਦੀਆਂ ਵੋਟਾਂ ਉੱਤੇ ਹੱਸਦੇ ਸਨ, ਵਿਸ਼ਵਾਸ਼ ਦੀ ਥੁੜ੍ਹ ਨਾਲ਼ੋਂ ਵਧੇਰੇ ਲਾਹੇਵੰਦ ਸਨ। ਸੋ, ਦੌਲਤ ਦੇ ਵਾਧੇ ਅਤੇ ਤਜਾਰਤ ਦੇ ਵਿਸਥਾਰ ਨਾਲ਼ ਬੁਰਜੂਆਜ਼ੀ ਹੀ ਇੱਕ ਅਜਿਹੇ ਪੜਾਅ ’ਤੇ ਪੁੱਜੀ ਜਿੱਥੇ ਇਸ ਨੇ ਵੇਖਿਆ ਕਿ ਉਸ ਦੇ ਬਹੁਤ ਜ਼ਰੂਰੀ ਹਿੱਤਾਂ ਦੇ ਵਿਕਾਸ ਨੂੰ ਦੇਸ਼ ਦੇ ਰਾਜਨੀਤਕ ਵਿਧਾਨ ਰਾਹੀਂ– ਛੱਤੀ ਰਾਜਿਆਂ ਵਿਚਾਲੇ, ਜਿਨ੍ਹਾਂ ਦੀਆਂ ਰੁਚੀਆਂ ਤੇ ਮਨ ਤਰੰਗਾਂ ਇੱਕ ਦੂਜੇ ਨਾਲ਼ ਟਕਰਾਉਂਦੀਆਂ ਸਨ ਅਟਕਲਪੱਚੂ ਵੰਡ ਰਾਹੀਂ, ਜ਼ਰਾਇਤ ਅਤੇ ਇਸ ਨਾਲ਼ ਸਬੰਧਿਤ ਤਜਾਰਤ ਦੇ ਪੈਰੀਂ ਜਾਗੀਰੂ ਬੇੜੀਆਂ ਰਾਹੀਂ, ਮੂੜ੍ਹ ਤੇ ਗ਼ੁਸਤਾਖ਼ ਨੌਕਰਸ਼ਾਹੀ ਦੀ ਟੋਹ ਰੱਖਣ ਵਾਲ਼ੀ ਨਿਗਰਾਨੀ ਰਾਹੀਂ– ਰੋਕ ਪਾ ਦਿੱਤੀ ਗਈ ਹੈ। ਇਸੇ ਸਮੇਂ Zoilverein ਦੀ ਮਜ਼ਬੂਤੀ ਤੇ ਵਿਸਥਾਰ, ਭਾਫ਼ ਦੇ ਸੰਚਾਰ ਦੀ ਆਮ ਆਮਦ, ਘਰੇਲੂ ਤਜਾਰਤ ਵਿੱਚ ਵੱਧ ਰਹੇ ਮੁਕਾਬਲੇ ਨੇ ਵੱਖ ਵੱਖ ਰਾਜਾਂ ਤੇ ਪ੍ਰਾਂਤਾਂ ਵਿਚਾਲੇ ਵਪਾਰਕ ਸ਼੍ਰੇਣੀਆਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਂਦਾ, ਹਿੱਤਾਂ ਨੂੰ ਬਰਾਬਰ ਬਣਾ ਦਿੱਤਾ, ਉਹਨਾਂ ਦੀ ਤਾਕਤ ਨੂੰ ਕੇਂਦਰਿਤ ਕਰ ਦਿੱਤਾ। ਇਸ ਦਾ ਕੁਦਰਤੀ ਸਿੱਟਾ ਇਹ ਨਿਕਲ਼ਿਆ ਕਿ ਉਹ ਸਾਰੇ ਦੇ ਸਾਰੇ ਲਿਬਰਲ ਅਪੋਜ਼ੀਸ਼ਨ ਵਿੱਚ ਚਲੇ ਗਏ ਅਤੇ ਰਾਜਨੀਤਕ ਸੱਤ੍ਹਾ ਲਈ ਜਰਮਨ ਮੱਧ ਸ਼੍ਰੇਣੀ ਨੇ ਪਹਿਲੀ ਗੰਭੀਰ ਜੱਦੋਜਹਿਦ ਜਿੱਤ ਲਈ। ਇਸ ਤਬਦੀਲੀ ਨੂੰ 1840 ਤੋਂ, ਉਸ ਘੜੀ ਤੋਂ ਜਦੋਂ ਪ੍ਰਸ਼ੀਆ ਦੀ ਬੁਰਜੂਆਜ਼ੀ ਨੇ ਜਰਮਨੀ ਦੀ ਮੱਧ ਸ਼੍ਰੇਣੀ ਦੀ ਲਹਿਰ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈ ਲਈ ਸੀ, ਆਦੀ ਹੋ ਸਕਦੀ ਹੈ। ਏਦੂੰ ਪਿੱਛੋਂ ਸਾਨੂੰ ਹੁਣ 1840–47 ਦੀ ਇੱਕ ਲਿਬਰਲ ਅਪੋਜ਼ੀਸ਼ਨ ਦੀ ਲਹਿਰ ਵੱਲ ਪਰਤਣਾ ਚਾਹੀਦਾ ਹੈ।

ਕੌਮ ਦੀ ਬਹੁਤ ਵੱਡੀ ਗਿਣਤੀ, ਜਿਹੜੀ ਛੋਟੀ ਵਪਾਰਕ ਤੇ ਦੁਕਾਨਦਾਰ ਜਮਾਤ

ਤੇ ਕਿਰਤੀ ਲੋਕਾਂ ਵਜੋਂ ਨਗਰਾਂ ਵਿੱਚ ਅਤੇ ਕਿਰਸਾਣੀ ਵਜੋਂ ਪਿੰਡਾਂ ਵਿੱਚ ਰਹਿੰਦੀ ਸੀ, ਇਹ ਨਾ ਤਾਂ ਕੁਲੀਨ ਵਰਗ ਵੱਲ ਸੀ ਤੇ ਨਾ ਹੀ ਬੁਰਜੂਆਜ਼ੀ ਵੱਲ ਸੀ।

ਛੋਟੀ ਵਪਾਰਕ ਤੇ ਦੁਕਾਨਦਾਰ ਜਮਾਤ ਜਰਮਨੀ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਹੈ, ਇਸ ਦਾ ਕਾਰਨ ਵੱਡੇ ਸਰਮਾਏਦਾਰਾਂ ਤੇ ਉਤਪਾਦਕਾਂ ਦੀ ਇੱਕ ਜਮਾਤ ਵਜੋਂ ਉਸ ਦੇਸ਼ ਵਿੱਚ ਸੀਮਤ ਵਿਕਾਸ ਸੀ। ਵੱਡੇ ਨਗਰਾਂ ਵਿਚਲੀ ਵਸੋਂ ਵਿੱਚ ਇਸ ਦੀ ਲਗਭਗ ਬਹੁਗਿਣਤੀ ਹੈ; ਛੋਟੇ ਨਗਰਾਂ ਵਿੱਚ ਪੂਰੀ ਤਰ੍ਹਾਂ ਭਾਰੂ ਹੈ, ਕਿਉਂ ਜੋ ਇੱਥੇ ਮੁਕਾਬਲਾ ਕਰਨ ਵਾਲ਼ੇ ਧਨਾਢਾਂ ਦੀ ਅਣਹੋਂਦ ਹੈ : ਇਹ ਜਮਾਤ, ਜੋ ਹਰ ਆਧੁਨਿਕ ਅਦਾਰੇ ਵਿੱਚ ਅਤੇ ਸਾਰੇ ਆਧੁਨਿਕ ਇਨਕਲਾਬਾਂ ਵਿੱਚ ਇੱਕ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ, ਜਰਮਨੀ ਵਿੱਚ ਅਜੇ ਵੀ ਵਧੇਰੇ ਮਹੱਤਵਪੂਰਨ ਹੈ, ਇਸ ਨੇ ਤਾਜ਼ਾ ਜੱਦੋਜਹਿਦਾਂ ਦੇ ਦੌਰਾਨ ਆਮ ਤੌਰ ’ਤੇ ਇੱਕ ਨਿਰਣਾਇਕ ਰੋਲ ਅਦਾ ਕੀਤਾ ਹੈ। ਵੱਡੇ ਸਰਮਾਏਦਾਰਾਂ, ਵਪਾਰੀਆਂ ਤੇ ਉਤਪਾਦਕਾਂ, ਜੇ ਸਹੀ ਤੌਰ ’ਤੇ ਆਖਿਆ ਜਾਏ ਤਾਂ ਬੁਰਜੂਆਜ਼ੀ ਅਤੇ ਪ੍ਰੋਲਤਾਰੀਆ ਜਾਂ ਸਨਅਤੀ ਜਮਾਤ ਵਿਚਾਲੇ ਇਸ ਦੀ ਵਿਚਕਾਰਲੀ ਪੁਜ਼ੀਸ਼ਨ ਇਸ ਲੱਛਣ ਨੂੰ ਨਿਸਚਿਤ ਕਰਦੀ ਹੈ। ਪਹਿਲੇ ਦੀ ਪੁਜ਼ੀਸ਼ਨ ਪ੍ਰਾਪਤ ਕਰਨ ਅਤੇ ਅਮੀਰ ਬਣਨ ਦੀ ਤਾਂਘ ਇਸ ਜਮਾਤ ਦੇ ਵਿਅਕਤੀਆਂ ਨੂੰ ਪ੍ਰੋਲਤਾਰੀਏ ਜਾਂ ਸਨਅਤੀ ਜਮਾਤ ਵਿੱਚ ਵਗਾਹ ਮਾਰਦੀ ਹੈ। ਇੱਕਪੁਰਖਾਰਾਜ ਅਤੇ ਸਾਮੰਤਸ਼ਾਵਾਹੀ ਦੇਸ਼ਾਂ ਵਿੱਚ ਦਰਬਾਰ ਤੇ ਰਈਸਸ਼ਾਹੀ ਦਾ ਦਸਤੂਰ ਇਸ ਦੀ ਹੋਂਦ ਲਈ ਜ਼ਰੂਰੀ ਹੋ ਜਾਂਦਾ ਹੈ; ਇਸ ਦਸਤੂਰ ਦੀ ਅਣਹੋਂਦ ਇਸ ਦੇ ਵੱਡੇ ਭਾਗ ਨੂੰ ਨਸ਼ਟ ਕਰ ਸਕਦੀ ਹੈ। ਛੋਟੇ ਨਗਰਾਂ ਵਿੱਚ, ਇੱਕ ਫ਼ੌਜੀ ਕਿਲ੍ਹਾ, ਇੱਕ ਕਾਉਂਟੀ ਸਰਕਾਰ, ਆਪਣੇ ਅਨੁਆਈਆਂ ਸਮੇਤ ਇੱਕ ਕਾਨੂੰਨ ਦੀ ਅਦਾਲਤ ਬਹੁਤ ਵਾਰ ਇਸ ਦੀ ਖ਼ੁਸ਼ਹਾਲੀ ਦਾ ਆਧਾਰ ਬਣਾਉਂਦੇ ਹਨ; ਇਹਨਾਂ ਨੂੰ ਹਟਾ ਦੇਈਏ ਤਾਂ ਦੁਕਾਨਦਾਰ, ਦਰਜ਼ੀ, ਮੋਚੀ, ਛੋਟਾ ਮੋਟਾ ਕੰਮ ਕਰਨ ਵਾਲ਼ੇ ਤਰਖਾਣ, ਆਦਿ, ਸਭ ਅਲੋਪ ਹੋ ਜਾਣਗੇ। ਸੋ ਇੱਕ ਵਧੇਰੇ ਧਨਾਢ ਜਮਾਤ ਦੀਆਂ ਸਫ਼ਾਂ ਵਿੱਚ ਸ਼ਾਮਲ ਹੋਣ ਦੀ ਆਸ ਅਤੇ ਪ੍ਰੋਲਤਾਰੀਆ ਜਾਂ ਕੰਗਾਲਾਂ ਦੀ ਹਾਲਤ ਤੱਕ ਪੁੱਜ ਜਾਣ ਦੇ ਡਰ ਵਿਚਾਲੇ; ਜਨਤਕ ਮਾਮਲਿਆਂ ਦੇ ਨਿਰਦੇਸ਼ਨ ਵਿੱਚ ਇੱਕ ਹਿੱਸਾ ਪ੍ਰਾਪਤ ਕਰਨ ਰਾਹੀਂ ਆਪਣੇ ਹਿੱਤਾਂ ਨੂੰ ਵਧਾਉਣ ਦੀ ਤਾਂਘ ਅਤੇ ਕੁਵੇਲੇ ਦੀ ਵਿਰੋਧਤਾ ਰਾਹੀਂ ਸਰਕਾਰ ਦੇ, ਜਿਹੜੀ ਉਹਨਾਂ ਦੀ ਹੋਂਦ ਨੂੰ ਖ਼ਤਮ ਕਰਦੀ ਹੈ ਕਿਉਂ ਜੋ ਉਸ ਕੋਲ਼ ਉਹਨਾਂ ਦੇ ਵਧੀਆ ਗਾਹਕਾਂ ਨੂੰ ਹਟਾਉਣ ਦੀ ਸ਼ਕਤੀ ਹੈ, ਕ੍ਰੋਧ ਦੀ ਪਰਚੰਡਤਾ ਦੇ ਖ਼ਤਰੇ ਵਿਚਾਲੇ ਹਮੇਸ਼ਾਂ ਡਿਕਡੋਲੇ ਖਾਂਦਿਆਂ ਇਹ ਜਮਾਤ ਜਿਸ ਕੋਲ ਬਹੁਤ ਥੋੜ੍ਹੇ ਸਾਧਨ ਹਨ ਤੇ ਜੋ ਕੁੱਝ ਕੁੱਝ ਨਾਂ ਮਾਤਰ ਹੈ ਉਹ ਅਣ-ਸੁਰੱਖਿਅਤ ਤੇ ਬਹੁਤ ਹੀ ਅਸਥਿਰ ਵਿਚਾਰਾਂ ਵਾਲ਼ੀ ਹੈ। ਇੱਕ ਸ਼ਕਤੀਸ਼ਾਲੀ ਜਾਗੀਰਦਾਰ ਜਾਂ ਇੱਕਪੁਰਖੀ ਸਰਕਾਰ ਦੇ ਅਧੀਨ ਨਿਰਮਾਣ ਤੇ ਹੱਦ ਦਰਜੇ ਦੀ ਦਬੇਲ ਤੇ ਆਗਿਆਕਾਰ ਹੁੰਦਿਆਂ ਇਹ ਲਿਬਰਲਇਜ਼ਮ ਵੱਲ ਝੁਕਦੀ ਹੈ ਜਦੋਂ ਮੱਧ ਸ਼੍ਰੇਣੀ ਉੱਭਰ ਰਹੀ ਹੁੰਦੀ ਹੈ; ਜਿਵੇਂ ਹੀ ਮੱਧ ਸ਼੍ਰੇਣੀ ਉੱਚਤਮਤਾ ਪ੍ਰਾਪਤ ਕਰ ਲੈਂਦੀ ਹੈ ਇਸ ਨੂੰ ਜ਼ੋਰਦਾਰ ਜਮਹੂਰੀ ਦੌਰੇ ਪੈਂਦੇ ਹਨ, ਪਰ ਜਿਵੇਂ ਹੀ ਇਸ ਤੋਂ ਹੇਠਲੀ ਜਮਾਤ, ਪ੍ਰੋਲਤਾਰੀਆ, ਆਪਣੀ ਸੁਤੰਤਰ ਹਿਲਜੁੱਲ ਦਾ ਯਤਨ ਕਰਦੀ ਹੈ, ਇਹ ਡਰ ਦੀ ਘਟੀਆ ਉਪਰਾਮਤਾ ਵਿੱਚ ਪਿਛਾਂਹ ਜਾ

ਡਿੱਗਦੀ ਹੈ। ਅਸੀਂ ਸਹਿਜੇ ਸਹਿਜੇ ਵੇਖਾਂਗੇ ਕਿ ਇਹ ਜਮਾਤ ਜਰਮਨੀ ਵਿੱਚ ਇੱਕ ਮਗਰੋਂ ਦੂਜੇ ਪੜਾਆਂ ਵਿੱਚੋਂ ਕਿਵੇਂ ਗੁਜ਼ਰਦੀ ਹੈ।

ਜਰਮਨੀ ਵਿੱਚ ਮਜ਼ਦੂਰ ਜਮਾਤ ਆਪਣੇ ਸਮਾਜਿਕ ਤੇ ਰਾਜਨੀਤਕ ਵਿਕਾਸ ਦੇ ਪੱਖੋਂ ਇੰਗਲੈਂਡ ਤੇ ਫ਼ਰਾਂਸ ਦੀ ਮਜ਼ਦੂਰ ਜਮਾਤ ਨਾਲ਼ੋਂ ਬਹੁਤ ਹੀ ਪਿੱਛੇ ਹੈ ਜਿਵੇਂ ਜਰਮਨ ਬੁਰਜੂਆਜ਼ੀ ਇਹਨਾਂ ਦੇਸ਼ਾਂ ਦੀ ਬੁਰਜੂਆਜ਼ੀ ਨਾਲ਼ੋਂ ਬਹੁਤ ਪਿੱਛੇ ਹੈ। ਜਿਹੋ ਜਿਹਾ ਮਾਲਕ ਉਹੋ ਜਿਹਾ ਨੌਕਰ। ਵੱਡੀ ਗਿਣਤੀ ਵਾਲ਼ੀ, ਮਜ਼ਬੂਤ, ਕੇਂਦਰਿਤ ਤੇ ਸੂਝਵਾਨ ਪ੍ਰੋਲਤਾਰੀ ਜਮਾਤ ਲਈ ਹੋਂਦ ਦੀਆਂ ਹਾਲਤਾਂ ਦਾ ਵਿਕਾਸ, ਵੱਡੀ ਗਿਣਤੀ ਵਾਲ਼ੀ ਧਨਾਢ, ਕੇਂਦਰਿਤ ਤੇ ਸ਼ਕਤੀਸ਼ਾਲੀ ਸ਼੍ਰੇਣੀ ਦੇ ਲਈ ਹੋਂਦ ਦੀਆਂ ਹਾਲਤਾਂ ਦੇ ਵਿਕਾਸ ਦੇ ਨਾਲ਼ ਨਾਲ਼ ਹੁੰਦਾ ਹੈ। ਮਜ਼ਦੂਰ ਜਮਾਤ ਦੀ ਲਹਿਰ ਆਪਣੇ ਆਪ ਕਦੇ ਵੀ ਸੁਤੰਤਰ ਨਹੀਂ ਹੁੰਦੀ, ਨਾ ਹੀ ਇਹ ਇੱਕ ਨਿਵੇਕਲੇ ਤੌਰ 'ਤੇ ਪ੍ਰੋਲਤਾਰੀ ਚਰਿੱਤਰ ਦੀ ਹੁੰਦੀ ਹੈ ਜਦੋਂ ਤੱਕ ਮੱਧ ਸ਼੍ਰੇਣੀ ਦੇ ਸਾਰੇ ਹਿੱਸੇ ਅਤੇ ਵਿਸ਼ੇਸ਼ ਤੌਰ 'ਤੇ ਇਸ ਤੋਂ ਬਹੁਤ ਹੀ ਅਗਾਂਹਵਧੂ ਭਾਗ ਵੱਡੇ ਉਤਪਾਦਕ ਰਾਜਨੀਤਕ ਸੱਤ੍ਹਾ ਜਿੱਤ ਨਹੀਂ ਲੈਂਦੇ ਅਤੇ ਰਾਜ ਨੂੰ ਆਪਣੀਆਂ ਲੋੜਾਂ ਅਨੁਸਾਰ ਮੁੜ ਕੇ ਨਹੀਂ ਡੌਲ ਲੈਂਦੇ। ਉਦੋਂ ਹੀ  ਮਾਲਕ ਤੇ ਨੌਕਰ ਵਿਚਾਲੇ ਅਟੱਲ ਟੱਕਰ ਅਤਿ ਜ਼ਰੂਰੀ ਹੋ ਜਾਂਦੀ ਹੈ ਅਤੇ ਇਸ ਨੂੰ ਹੋਰ ਸਮੇਂ ਲਈ ਅੱਗੇ ਨਹੀਂ ਪਾਇਆ ਜਾ ਸਕਦਾ; ਮਜ਼ਦੂਰ ਜਮਾਤ ਨੂੰ ਕਦੇ ਵੀ ਪੂਰੀਆਂ ਨਾ ਹੋਣ ਵਾਲੀਆਂ ਝੂਠੀਆਂ ਆਸਾਂ ਤੇ ਇਕਰਾਰਾਂ ਨਾਲ਼ ਹੋਰ ਸਮੇਂ ਲਈ ਨਹੀਂ ਟਾਲ਼ਿਆ ਜਾ ਸਕਦਾ; ਕਿ 19ਵੀਂ ਸਦੀ ਦੀ ਪ੍ਰੋਲਤਾਰੀਆ ਨੂੰ ਖ਼ਤਮ ਕਰਨ ਦੀ ਬਹੁਤ ਵੱਡੀ ਸਮੱਸਿਆ ਅਖ਼ੀਰ ਚੰਗੀ ਤਰ੍ਹਾਂ ਤੇ ਆਪਣੇ ਸਪੱਸ਼ਟ ਰੂਪ ਵਿੱਚ ਸਾਹਮਣੇ ਆ ਗਈ ਹੈ। ਹੁਣ, ਜਰਮਨੀ ਵਿੱਚ ਮਜ਼ਦੂਰ ਜਮਾਤ ਦੀ ਬਹੁਤ ਭਾਰੀ ਗਿਣਤੀ, ਉਹਨਾਂ ਆਧੁਨਿਕ ਮੈਨੂਫ਼ੈਕਚਰਿੰਗ ਲਾਰਡਾਂ ਵੱਲੋਂ ਨਹੀਂ ਜਿਨ੍ਹਾਂ ਦੇ ਸ਼ਾਨਦਾਰ ਨਮੂਨੇ ਗਰੇਟ ਬ੍ਰਿਟੇਨ ਵਿੱਚ ਮਿਲਦੇ ਹਨ, ਸਗੋਂ ਛੋਟੇ ਵਿਹਾਰੀਆਂ ਵੱਲੋਂ ਜਿਨ੍ਹਾਂ ਦੀ ਸਮੁੱਚੀ ਉਤਪਾਦਕੀ ਪ੍ਰਣਾਲੀ ਦਾ ਮੱਧ ਕਾਲ ਦੀ ਮਹਿਜ਼ ਇੱਕ ਯਾਦਗਾਰ ਹੈ, ਕਾਰੇ ਲੱਗੀ ਹੋਈ ਸੀ ਅਤੇ ਜਿਵੇਂ ਕਿ ਕਪਾਹ ਦੇ ਬਹੁਤ ਵੱਡੇ ਵਪਾਰੀ ਅਤੇ ਨਿਕਚੂ ਮੋਚੀ ਜਾਂ ਉਸਤਾਦ ਦਰਜ਼ੀ ਵਿਚਾਲੇ ਬਹੁਤ ਭਾਰੀ ਫ਼ਰਕ ਹੈ, ਇਸੇ ਤਰ੍ਹਾਂ ਆਧੁਨਿਕ ਉਤਪਾਦਕ ਵੱਡੇ ਨਗਰਾਂ ਦੇ ਪੂਰੀ ਤਰ੍ਹਾਂ ਜਾਗਰਤ ਫ਼ੈਕਟਰੀ ਮਜ਼ਦੂਰ ਤੋਂ ਇੱਕ ਛੋਟੇ ਪੇਂਡੂ ਕਸਬੇ ਦੇ ਇੱਕ ਸ਼ਰਮਾਕਲ ਫਿਰਤੂ ਦਰਜ਼ੀ ਜਾਂ ਤਰਖਾਣ ਤੱਕ, ਜਿਹੜਾ ਲਗਭਗ ਪੰਜ ਸੌ ਸਾਲ ਪਹਿਲਾਂ ਦੀ ਹਾਲਤਾਂ ਵਿੱਚ ਰਹਿੰਦਾ ਹੈ ਤੇ ਕੰਮ ਕਰਦਾ ਹੈ, ਉਤਨਾ ਹੀ ਫ਼ਾਸਲਾ ਹੈ। ਜੀਵਨ ਦੀਆਂ ਆਧੁਨਿਕ ਹਾਲਤਾਂ ਦੀ, ਸਨਅਤੀ ਪੈਦਾਵਾਰ ਦੇ ਆਧੁਨਿਕ ਰੂਪਾਂ ਦੀ ਆਮ ਅਣਹੋਂਦ ਦੇ ਨਾਲ਼, ਨਿਰਸੰਦੇਹ, ਆਧੁਨਿਕ ਵਿਚਾਰਾਂ ਦੀ ਉਸੇ ਤਰ੍ਹਾਂ ਦੀ ਆਮ ਅਣਹੋਂਦ ਵੀ ਮਿਲ਼ ਗਈ ਅਤੇ ਇਸ ਲਈ ਇਸ ਵਿੱਚ ਹੈਰਾਨਗੀ ਵਾਲ਼ੀ ਕੋਈ ਗੱਲ ਨਹੀਂ ਹੋਣੀ ਚਾਹੀਦੀ ਜੇ ਇਨਕਲਾਬ ਦੇ ਅਰੰਭ ਹੋਣ ਦੇ ਸਮੇਂ ਕਿਰਤੀ ਜਮਾਤਾਂ ਦਾ ਇੱਕ ਵੱਡਾ ਭਾਗ ਗਿਲਡਾਂ ਤੇ ਮੱਧ ਕਾਲ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਿੱਤਿਆਂ ਦੀਆਂ ਕਾਰਪੋਰੇਸ਼ਨਾਂ ਦੀ ਤੁਰੰਤ ਮੁੜ ਸਥਾਪਤੀ ਦੀ ਮੰਗ ਕਰਨੀ ਸ਼ੁਰੂ ਕਰ ਦੇਵੇ। ਫਿਰ ਵੀ, ਉਤਪਾਦਕੀ ਇਲਾਕਿਆਂ ਵਿੱਚ, ਜਿੱਥੇ ਪੈਦਾਵਾਰ ਦੀ ਆਧੁਨਿਕ ਪ੍ਰਣਾਲੀ ਪਹਿਲਾਂ ਭਾਰੂ ਸੀ ਅਤੇ ਇਸ ਦੇ ਫਲਸਰੂਪ ਕਿਰਤੀਆਂ ਦੀ ਇੱਕ

ਵੱਡੀ ਗਿਣਤੀ ਦੇ ਪਰਵਾਸੀ ਜੀਵਨ ਰਾਹੀਂ ਅੰਤਰ ਸੰਚਾਰ ਦੀਆਂ ਸਹੂਲਤਾਂ ਅਤੇ ਦਿਮਾਗੀ ਵਿਕਾਸ ਪ੍ਰਾਪਤ ਸਨ, ਆਪਣੇ ਆਪ ਇੱਕ ਮਜ਼ਬੂਤ ਮੂਲ-ਕੇਂਦਰ ਬਣ ਗਿਆ ਜਿਸ ਦੇ ਆਪਣੀ ਜਮਾਤ ਦੀ ਬੰਦਖ਼ਲਾਸੀ ਬਾਰੇ ਵਿਚਾਰ ਬਹੁਤ ਹੀ ਸਪੱਸ਼ਟ ਸਨ ਅਤੇ ਮੌਜੂਦ ਹਕੀਕਤਾਂ ਤੇ ਇਤਿਹਾਸਕ ਜ਼ਰੂਰਤਾਂ ਨਾਲ਼ ਵਧੇਰੇ ਮੇਲ ਖਾਂਦੇ ਸਨ, ਪਰ ਉਹ ਮਹਿਜ਼ ਇੱਕ ਘੱਟ ਗਿਣਤੀ ਸਨ। ਜੇ ਮੱਧ ਸ਼੍ਰੇਣੀਆਂ ਦੀ ਸਰਗਰਮ ਲਹਿਰ ਦੇ ਅਰੰਭ ਨੂੰ 1840 ਤੋਂ ਸਮਝ ਲਿਆ ਜਾਵੇ ਤਾਂ ਮਜ਼ਦੂਰ ਜਮਾਤ ਆਪਣੀ **ਆਮਦ** 1844 ਵਿੱਚ ਸਿਲੇਸੀਅਨ ਤੇ ਬੋਹੇਮੀਅਨ ਫ਼ੈਕਟਰੀ ਮਜ਼ਦੂਰਾਂ ਦੀਆਂ ਬਗ਼ਾਵਤਾਂ ਤੋਂ ਅਰੰਭਦੀ ਹੈ ਅਤੇ ਅਸੀਂ ਛੇਤੀ ਹੀ ਉਹਨਾਂ ਵੱਖ ਵੱਖ ਪੜਾਵਾਂ ਦਾ ਨਿਰੀਖਣ ਕਰਨ ਦਾ ਅਵਸਰ ਪ੍ਰਾਪਤ ਕਰਾਂਗੇ ਜਿਸ ਦੇ ਵਿੱਚੋਂ ਇਹ ਲਹਿਰ ਗੁਜ਼ਰੀ ਹੈ।

ਆਖ਼ਰੀ ਗੱਲ, ਜਰਮਨੀ ਵਿੱਚ ਛੋਟੇ ਕਿਸਾਨਾਂ ਦੀ, ਕਿਰਸਾਨੀ ਦੀ ਇੱਕ ਬਹੁਤ ਵੱਡੀ ਜਮਾਤ ਸੀ, ਜੋ ਖੇਤ ਮਜ਼ਦੂਰਾਂ ਦੇ ਆਪਣੇ ਲੜਗੁੱਛ ਨਾਲ਼ ਸਮੁੱਚੀ ਕੌਮ ਦੀ ਇੱਕ ਚੋਖੀ ਵੱਡੀ ਬਹੁਗਿਣਤੀ ਬਣਦੀ ਹੈ। ਪਰ ਇਸ ਜਮਾਤ ਨੇ ਅੱਗੋਂ ਆਪਣੇ ਆਪ ਨੂੰ ਛੋਟੇ ਛੋਟੇ ਭਾਗਾਂ ਵਿੱਚ ਵੰਡਿਆ ਹੋਇਆ ਹੈ। ਸਭ ਤੋਂ ਪਹਿਲਾਂ ਉੱਥੇ ਵਧੇਰੇ ਧਨਾਢ ਕਿਸਾਨ ਹਨ, ਜਿਨ੍ਹਾਂ ਨੂੰ ਜਰਮਨੀ ਵਿੱਚ Gross ਅਤੇ Mittel-Bauren* ਆਖਿਆ ਜਾਂਦਾ ਹੈ, ਘੱਟ ਜਾਂ ਵੱਧ ਸੰਘਣੇ ਫ਼ਾਰਮਾਂ ਦੇ ਮਾਲਕ ਅਤੇ ਜਿਨ੍ਹਾਂ ਵਿੱਚੋਂ ਹਰ ਇੱਕ ਕੋਲ਼ ਕਿੰਨੇ ਹੀ ਖੇਤ-ਮਜ਼ਦੂਰ ਕੰਮ ਕਰਦੇ ਹਨ। ਇਸ ਜਮਾਤ ਨੇ, ਜੋ ਟੈਕਸ-ਮੁਕਤ ਜਗੀਰੂ ਜ਼ਿਮੀਂਦਾਰਾਂ ਅਤੇ ਛੋਟੀ ਕਿਰਸਾਨੀ ਤੇ ਖੇਤ ਮਜ਼ਦੂਰਾਂ ਵਿਚਾਲੇ ਸਥਿਤ ਹੈ, ਪ੍ਰਤੱਖ ਕਾਰਨਾਂ ਕਰਕੇ ਨਗਰਾਂ ਦੀ ਜਾਗੀਰਦਾਰ-ਵਿਰੋਧੀ ਮੱਧ ਸ਼੍ਰੇਣੀ ਨਾਲ਼ ਆਪਣੀ ਅਤਿਅੰਤ ਕੁਦਰਤੀ ਰਾਜਨੀਤਕ ਸੇਧ ਵਜੋਂ ਗੱਠਜੋੜ ਕਰ ਲਿਆ। ਦੂਜਾ, ਫਿਰ ਉੱਥੇ ਛੋਟੇ ਜ਼ਮੀਨ ਮਾਲਕ ਸਨ, ਜੋ ਰ੍ਹਾਈਨ ਦੇ ਪੇਂਡੂ ਇਲਾਕੇ ਵਿੱਚ ਭਾਰੂ ਸਨ ਜਿੱਥੇ ਜਾਗੀਰਦਾਰੀ ਮਹਾਨ ਫ਼ਰਾਂਸੀਸੀ ਇਨਕਲਾਬ ਦੀਆਂ ਜ਼ੋਰਦਾਰ ਸੱਟਾਂ ਹੇਠਾਂ ਦਮ ਤੋੜ ਗਈ ਸੀ। ਉਸੇ ਤਰ੍ਹਾਂ ਛੋਟੇ ਜ਼ਿਮੀਂਦਾਰ ਦੂਜੇ ਪ੍ਰਾਂਤਾਂ ਵਿੱਚ ਏਧਰ ਓਧਰ ਵੀ ਮੌਜੂਦ ਸਨ ਜਿੱਥੇ ਉਹ, ਉਹ ਜਾਗੀਰਦਾਰੀ ਬਕਾਏ ਤਾਰਨ ਵਿੱਚ ਸਫ਼ਲ ਹੋ ਗਏ ਸਨ ਜਿਹੜੇ ਉਹਨਾਂ ਦੀਆਂ ਜ਼ਮੀਨਾਂ ਉੱਤੇ ਪਹਿਲਾਂ ਦੇ ਰਹਿੰਦੇ ਸਨ। ਪਰ ਇਹ ਜਮਾਤ ਕੇਵਲ ਨਾਂ ਦੇ ਹੀ ਜ਼ਿਮੀਂਦਾਰ ਸੀ, ਉਹਨਾਂ ਦੀ ਜ਼ਾਇਦਾਦ ਇੱਕ ਅਜਿਹੀ ਹੱਦ ਤੱਕ ਤਾਂ ਅਜਿਹੀਆਂ ਕਠਨ ਹਾਲਤਾਂ ਅਧੀਨ ਗਹਿਣੇ ਪਈ ਹੋਈ ਸੀ ਕਿ ਨਾ ਕੇਵਲ ਕਿਸਾਨ ਸਗੋਂ ਪੈਸਾ ਦੇਣ ਵਾਲ਼ਾ ਸੂਦਖ਼ੋਰ ਵੀ ਜ਼ਮੀਨ ਦਾ ਅਸਲੀ ਮਾਲਕ ਨਹੀਂ ਸੀ। ਤੀਜਾ, ਜਾਗੀਰਦਾਰਾਂ ਦੇ ਮੁਜ਼ਾਰੇ ਸਨ ਜਿਨ੍ਹਾਂ ਨੂੰ ਉਹਨਾਂ ਦੀਆਂ ਜ਼ਮੀਨਾਂ ਤੋਂ ਅਸਾਨੀ ਨਾਲ਼ ਨਹੀਂ ਸੀ ਕੱਢਿਆ ਜਾ ਸਕਦਾ, ਪਰ ਜਿਨ੍ਹਾਂ ਨੂੰ ਚਿਰ ਸਥਾਈ ਲਗਾਨ ਤਾਰਨਾ ਪੈਂਦਾ ਸੀ ਜਾਂ ਜਾਗੀਰਦਾਰ ਲਈ ਕਿਸੇ ਹੱਦ ਤੱਕ ਨਿਰੰਤਰ ਮਿਹਨਤ ਕਰਨੀ ਪੈਂਦੀ ਸੀ। ਅਖ਼ੀਰ ਵਿੱਚ ਖੇਤ-ਮਜ਼ਦੂਰ ਸਨ, ਜਿਨ੍ਹਾਂ ਦੀ ਜ਼ਰਾਇਤ ਦੇ ਵੱਡੇ ਖੇਤਾਂ ਵਿੱਚ ਹਾਲਤ ਇੰਗਲੈਂਡ ਵਿਚਲੀ ਇਸੇ ਤਰ੍ਹਾਂ ਦੀ ਜਮਾਤ ਵਰਗੀ ਸੀ ਅਤੇ ਜੋ, ਸਾਰੀਆਂ ਹਾਲਤਾਂ ਵਿੱਚ ਗ਼ਰੀਬੀ ਵਿੱਚ ਜਿਉਂਦੇ ਤੇ ਮਰਦੇ, ਭੁੱਖੇ ਰਹਿੰਦੇ ਅਤੇ ਆਪਣੇ

* ਵੱਡੇ ਤੇ ਦਰਮਿਆਨੇ ਕਿਸਾਨ— ਸੰਪਾਦਕ।

ਮਾਲਕਾਂ ਦੇ ਗ਼ੁਲਾਮ ਰਹਿੰਦੇ ਸਨ। ਜ਼ਰੱਈ ਵਸੋਂ ਦੀਆਂ ਤਿੰਨ ਪਿਛਲੀਆਂ ਜਮਾਤਾਂ ਨੇ, ਛੋਟੇ ਜ਼ਿਮੀਂਦਾਰਾਂ, ਜਾਗੀਰਦਾਰਾਂ ਦੇ ਮੁਜ਼ਾਰਿਆਂ ਅਤੇ ਜ਼ਰਾਇਤੀ ਮਜ਼ਦੂਰਾਂ ਨੇ ਇਨਕਲਾਬ ਤੋਂ ਪਹਿਲਾਂ ਕਦੇ ਵੀ ਰਾਜਨੀਤੀ ਬਾਰੇ ਸੋਚਣ ਦੀ ਤਕਲੀਫ਼ ਨਹੀਂ ਸੀ ਕੀਤੀ, ਪਰ ਇਹ ਗੱਲ ਪ੍ਰਤੱਖ ਹੈ ਕਿ ਇਸ ਘਟਨਾ ਨੇ ਇਹਨਾਂ ਦੇ ਸਾਹਮਣੇ ਇੱਕ ਨਵੇਂ ਜੀਵਨ ਦੇ ਦਰ ਖੋਲ੍ਹ ਦਿੱਤੇ ਹਨ ਜੋ ਸ਼ਾਨਦਾਰ ਸੰਭਾਵਨਾਵਾਂ ਨਾਲ਼ ਭਰਪੂਰ ਹੈ। ਇਨਕਲਾਬ ਨੇ ਇਨ੍ਹਾਂ ਵਿੱਚੋਂ ਹਰ ਇੱਕ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਅਤੇ ਇੱਕ ਵਾਰ ਚੰਗੀ ਤਰ੍ਹਾਂ ਚਲਾਈ ਗਈ ਲਹਿਰ ਵਿੱਚ, ਇਹ ਆਸ ਕੀਤੀ ਜਾਂਦੀ ਸੀ ਕਿ ਆਪਣੀ ਵਾਰੀ 'ਤੇ ਹਰ ਜਮਾਤ ਵਿੱਚ ਸ਼ਾਮਲ ਹੋ ਜਾਏਗੀ। ਪਰ ਇਸੇ ਸਮੇਂ ਇਹ ਵੀ ਬਿਲਕੁੱਲ ਪ੍ਰਤੱਖ ਹੈ ਅਤੇ ਸਾਰੇ ਆਧੁਨਿਕ ਦੇਸ਼ਾਂ ਦੇ ਇਤਿਹਾਸ ਨੇ ਇਸੇ ਤਰ੍ਹਾਂ ਸਿੱਧ ਕੀਤਾ ਹੈ ਕਿ ਧਰਤੀ ਦੇ ਇੱਕ ਵੱਡੇ ਹਿੱਸੇ ਉੱਤੇ ਖਿਲਰੇ ਹੋਣ ਦੇ ਫਲਸਰੂਪ, ਨਾਲ਼ੇ ਇਸ ਨੇ ਕਿਸੇ ਵੀ ਵੱਡੇ ਭਾਗ ਵਿਚਾਲੇ ਇੱਕ ਸਹਿਮਤੀ ਉੱਤੇ ਪੁੱਜਣ ਦੀ ਔਕੜ ਦੇ ਕਾਰਨ ਜ਼ਰਾਇਤੀ ਵਸੋਂ ਕਦੇ ਵੀ ਇੱਕ ਸਫ਼ਲਤਾ- ਪੂਰਨ ਸੁਤੰਤਰ ਲਹਿਰ ਚਲਾਉਣ ਦਾ ਯਤਨ ਨਹੀਂ ਕਰ ਸਕਦੀ। ਉਨ੍ਹਾਂ ਨੂੰ ਨਗਰਾਂ ਦੇ ਵਧੇਰੇ ਕੇਂਦਰਿਤ, ਵਧੇਰੇ ਸੂਝਵਾਨ, ਵਧੇਰੇ ਆਸਾਨੀ ਨਾਲ਼ ਹਰਕਤ ਵਿੱਚ ਆਉਣ ਵਾਲ਼ੇ ਲੋਕਾਂ ਦੇ ਪਹਿਲਕਦਮੀ ਵਾਲ਼ੇ ਉਤਸ਼ਾਹ ਦੀ ਜ਼ਰੂਰਤ ਹੁੰਦੀ ਹੈ।

ਉਨ੍ਹਾਂ ਜਮਾਤਾਂ ਦੀ ਜੋ ਆਪਣੀ ਸਮੁੱਚਤਾ ਵਿੱਚ ਤਾਜ਼ਾ ਲਹਿਰਾਂ ਦੇ ਅਰੰਭ ਸਮੇਂ ਜਰਮਨ ਕੌਮ ਸਨ, ਉੱਪਰ ਬਿਆਨ ਕੀਤੀ ਗਈ ਅਤਿਅੰਤ ਜ਼ਰੂਰੀ ਰੂਪ ਰੇਖਾ ਉਸ ਅਸੰਗਤੀ, ਬੇਤੁਕੇਪਣ ਅਤੇ ਉਸ ਪ੍ਰਤੱਖ ਵਿਰੋਧਤਾਈ ਦੇ, ਜੋ ਉਸ ਲਹਿਰ ਵਿੱਚ ਪ੍ਰਚਲੱਤ ਸਨ, ਇੱਕ ਬਹੁਤ ਵੱਡੇ ਭਾਗ ਦੀ ਵਿਆਖਿਆ ਕਰਦੀ ਹੈ। ਜਦੋਂ ਹਿੱਤ ਇੰਨੇ ਵਿਭਿੰਨ ਹੋਣ, ਇੰਨੇ ਸਵੈ-ਵਿਰੋਧੀ ਹੋਣ, ਇੱਕ ਦੂਜੇ ਨੂੰ ਬੁਰੀ ਤਰ੍ਹਾਂ ਕਟਦੇ ਹੋਣ ਤਾਂ ਉਹ ਇੱਕ ਜ਼ੋਰਦਾਰ ਟੱਕਰ ਵਿੱਚ ਟਕਰਾਉਂਦੇ ਹਨ; ਜੇ ਇਹ ਟਕਰਾਉਂਦੇ ਹਿੱਤ ਹਰ ਜ਼ਿਲ੍ਹੇ, ਹਰ ਪ੍ਰਾਂਤ ਵਿੱਚ ਵੱਖ ਵੱਖ ਅਨੁਪਾਤਾਂ ਵਿੱਚ ਰਲ਼ਗਡ ਹਨ; ਸਭ ਤੋਂ ਪਹਿਲਾਂ, ਜਦੋਂ ਦੇਸ਼ ਵਿੱਚ ਕੋਈ ਵੱਡਾ ਕੇਂਦਰ, ਕੋਈ ਲੰਡਨ, ਕੋਈ ਪੈਰਿਸ ਨਹੀਂ ਹੈ, ਜਿਸ ਦੇ ਫੈਸਲੇ, ਆਪਣੇ ਜ਼ੋਰਦਾਰ ਪ੍ਰਭਾਵ ਰਾਹੀਂ ਹਰ ਇਕੱਲੇ ਇਲਾਕੇ ਵਿੱਚ ਵਾਰ ਵਾਰ ਉਸੇ ਝਗੜੇ ਨੂੰ ਲੜਾਈ ਰਾਹੀਂ ਨਿਬੇੜਨ ਦੀ ਜ਼ਰੂਰਤ ਉੱਤੇ ਭਾਰੂ ਹੋ ਸਕਦੇ ਹੋਣ; ਤਾਂ ਇਸ ਤੋਂ ਬਿਨਾਂ ਹੋਰ ਕੀ ਆਸ ਕੀਤੀ ਜਾ ਸਕਦੀ ਹੈ ਕਿ ਮੁਕਾਬਲਾ ਅਸਬੰਧਤ ਜਦੋਜਹਿਦਾਂ ਦੇ ਇੱਕ ਸਮੂਹ ਵਿੱਚ ਆਪਣੇ ਆਪ ਨੂੰ ਸਮੋ ਲਵੇਗਾ, ਜਿਸ ਵਿੱਚ ਇੱਕ ਅਥਾਹ ਭਾਰੀ ਮਾਤਰਾ ਵਿੱਚ ਲਹੂ, ਸ਼ਕਤੀ ਤੇ ਸਰਮਾਇਆ ਖ਼ਰਚ ਦਿੰਦਾ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਉਸ ਦੇ ਕਈ ਨਿਰਣਾਇਕ ਸਿੱਟੇ ਨਹੀਂ ਨਿਕਲਦੇ ?

ਜਰਮਨੀ ਦੇ ਤਿੰਨ ਦਰਜਨ ਘੱਟ ਜਾਂ ਵੱਧ ਮਹੱਤਵਪੂਰਨ ਸ਼ਾਸਨਾਂ ਵਿੱਚ ਰਾਜਨੀਤਕ ਵਿਭਾਜਨ ਦੀ ਵਿਆਖਿਆ ਉਨ੍ਹਾਂ ਅੰਸ਼ਾਂ ਦੀ ਗੜਬੜ ਦੇ ਬਹੁਤਾਤ ਰਾਹੀਂ ਸਮਾਨ ਰੂਪ ਵਿੱਚ ਕੀਤੀ ਗਈ ਹੈ ਜਿਨ੍ਹਾਂ ਨਾਲ਼ ਕੌਮ ਬਣਦੀ ਹੈ ਅਤੇ ਜੋ ਫਿਰ ਹਰ ਇਲਾਕੇ ਵਿੱਚ ਵਿਭਿੰਨ ਹਨ। ਜਿੱਥੇ ਕੋਈ ਸਾਂਝੇ ਹਿੱਤ ਨਹੀਂ ਹੁੰਦੇ, ਉੱਥੇ ਉਦੇਸ਼ ਦੀ ਘੱਟ ਵੱਧ ਅਮਲ ਦੀ ਏਕਤਾ ਨਹੀਂ ਹੁੰਦੀ। ਇਹ ਸੱਚ ਹੈ ਕਿ **ਜਰਮਨ ਕਾਨਫੈਡਰੇਸ਼ਨ** ਦਾ ਐਲਾਨ ਸਦੀਵੀ ਤੌਰ 'ਤੇ ਅਟੁੱਟ ਰਹਿਣ

ਵਜੋਂ ਕੀਤਾ ਗਿਆ ਸੀ, ਫਿਰ ਵੀ ਕਨਫੈਡਰੇਸ਼ਨ ਤੇ ਇਸ ਦੇ ਅਦਾਰੇ **ਡੀਟ** ਨੇ ਕਦੇ ਵੀ ਜਰਮਨ ਏਕਤਾ ਦਾ ਪ੍ਰਮਾਣ ਨਹੀਂ ਦਿੱਤਾ। ਜਰਮਨੀ ਵਿੱਚ ਕੇਂਦਰੀਕਰਣ ਨੂੰ ਜਿਸ ਸਭ ਤੋਂ ਉੱਚੀ ਸਿਖਰ 'ਤੇ ਕਦੇ ਪਹੁੰਚਾਇਆ ਗਿਆ ਉਹ Zollverein ਦੀ ਸਥਾਪਤਾ ਸੀ; ਇਸ ਨਾਲ਼ ਉੱਤਰੀ ਸਾਗਰ ਉਤਲੀਆਂ ਰਿਆਸਤਾਂ **ਆਪਣੀ ਇੱਕ ਕਸਟਮਜ਼** (**ਚੁੰਗੀ**) **ਯੂਨੀਅਨ** ਬਣਾਉਣ ਲਈ ਮਜ਼ਬੂਰ ਹੋ ਗਈਆਂ, ਜਦ ਕਿ ਅਸਟਰੀਆ ਆਪਣੇ ਵੱਖਰੇ ਅਮਲੀ ਮੰਤਵਾਂ ਵਿੱਚ ਵਲ੍ਹੇਟਿਆ ਰਹਿ ਗਿਆ ਅਤੇ ਛੱਤੀਆਂ ਵਿਚਾਲੇ ਰਹਿਣ ਦੀ ਥਾਂ ਕੇਵਲ ਤਿੰਨ ਸੁਤੰਤਰ ਤਾਕਤਾਂ ਵਿੱਚ ਵੰਡਿਆ ਗਿਆ। ਨਿਰਸੰਦੇਹ, ਰੂਸੀ ਜ਼ਾਰ* ਦੀ ਸਰਵੋਤਮ ਉੱਚਤਮਤਾ ਵਿੱਚ, ਜੋ 1814 ਵਿੱਚ ਸਥਾਪਤ ਹੋਈ ਸੀ ਇਸ ਕਾਰਨ ਕੋਈ ਤਬਦੀਲੀ ਨਾ ਹੋਈ।

ਆਪਣੀ ਉਥਾਨਕਾ ਤੋਂ ਇਹ ਮੁੱਢਲੇ ਸਿੱਟੇ ਕੱਢਣ ਮਗਰੋਂ ਆਪਣੇ ਅਗਲੇ ਪੰਨਿਆਂ ਵਿੱਚ ਅਸੀਂ ਵੇਖਾਂਗੇ ਕਿ ਜਰਮਨ ਲੋਕਾਂ ਦੀਆਂ ਉੱਪਰ ਬਿਆਨ ਕੀਤੀਆਂ ਜਮਾਤਾਂ ਕਿਵੇਂ ਇੱਕ ਦੇ ਮਗਰੋਂ ਦੂਜੀ ਲਹਿਰ ਵਿੱਚ ਸ਼ਾਮਲ ਹੋਈਆਂ ਅਤੇ 1848 ਦੇ ਫਰਾਂਸੀਸੀ ਇਨਕਲਾਬ ਦੇ ਅਰੰਭ ਹੋਣ ਦੇ ਸਮੇਂ ਇਸ ਲਹਿਰ ਨੇ ਕਿਹੋ ਜਿਹਾ ਲੱਛਣ ਧਾਰਨ ਕੀਤਾ।

ਲੰਡਨ, ਸਤੰਬਰ; 1851

## II
## ਪ੍ਰਸ਼ੀਅਨ ਰਾਜ

ਜਰਮਨੀ ਵਿੱਚ ਮੱਧ ਸ਼੍ਰੇਣੀ ਜਾਂ ਬੁਰਜੁਆਜ਼ੀ ਦੀ ਰਾਜਨੀਤਕ ਲਹਿਰ ਦਾ ਅਰੰਭ 1840 ਤੋਂ ਹੋ ਸਕਦਾ ਹੈ। ਇਸ ਤੋਂ ਪਹਿਲਾਂ ਅਜਿਹੀਆਂ ਅਲਾਮਤਾਂ ਪ੍ਰਗਟ ਹੋ ਗਈਆਂ ਸਨ ਜਿਨ੍ਹਾਂ ਨੇ ਇਹ ਦਰਸਾਇਆ ਸੀ ਕਿ ਦੇਸ਼ ਦੀ ਧਨਾਢ ਤੇ ਸਨਅਤੀ ਜਮਾਤ ਇੱਕ ਅਜਿਹੀ ਹਾਲਤ ਵਿੱਚ ਪੱਕਦੀ ਜਾ ਰਹੀ ਸੀ ਜਿਸ ਨੇ ਇਸ ਨੂੰ ਇੱਕ ਅੱਧ- ਜਗੀਰਦਾਰ, ਅੱਧ-ਨੌਕਰਸ਼ਾਹ ਬਾਦਸ਼ਾਹਤ ਦੇ ਦਬਾਅ ਦੇ ਅਧੀਨ ਬਹੁਤੀ ਦੇਰ ਨਿਰਉਤਸ਼ਾਹ ਦੇ ਬੇਹਿਸ ਬਣੇ ਰਹਿਣ ਦੀ ਆਗਿਆ ਨਹੀਂ ਸੀ ਦੇਣੀ। ਜਰਮਨੀ ਦੇ ਛੁਟੇਰੇ ਰਾਜਿਆਂ ਨੇ, ਆਸਟਰੀਆ ਤੇ ਪ੍ਰਸ਼ੀਆ ਦੀ ਉੱਚਤਮਤਾ ਦੇ ਵਿਰੁੱਧ ਜਾਂ ਖ਼ੁਦ ਆਪਣੇ ਰਾਜਾਂ ਵਿਚਲੀ ਰਈਸਸ਼ਾਹੀ ਦੇ ਪ੍ਰਭਾਵ ਦੇ ਵਿਰੁੱਧ ਆਪਣੇ ਲਈ ਵੱਧ ਤੋਂ ਵੱਧ ਸੁਤੰਤਰਤਾ ਯਕੀਨੀ ਬਣਾਉਣ ਲਈ, ਅੰਸ਼ਕ ਤੌਰ 'ਤੇ, **ਵੀਆਨਾ ਦੀ ਕਾਂਗਰਸ** ਰਾਹੀਂ ਉਹਨਾਂ ਦੀ ਹਕੂਮਤ ਅਧੀਨ ਸੰਗਠਤ ਅਸਬੰਧਤ ਪ੍ਰਾਂਤਾਂ ਨੂੰ ਸਮੁੱਚੇ ਰੂਪ ਵਿੱਚ ਜੋੜਨ ਲਈ ਇੱਕ ਮਗਰੋਂ ਦੂਜੇ ਨੇ ਘੱਟ ਜਾਂ ਵੱਧ ਉਦਾਰਵਾਦੀ ਲੱਛਣ ਵਾਲ਼ੇ ਸੰਵਿਧਾਨ ਪ੍ਰਵਾਨ ਕੀਤੇ। ਉਹ ਇਹ ਕੁੱਝ ਆਪਣੇ ਆਪ ਨੂੰ ਕਿਸੇ ਖ਼ਤਰੇ ਤੋਂ ਬਿਨਾਂ ਕਰ ਸਕੇ; ਕਿਉਂ ਜੋ ਜੇ ਕਾਨਫ਼ੈਡਰੇਸ਼ਨ ਦੀ **ਡੀਟ**, ਜੋ ਆਸਟਰੀਆ ਦੇ ਪ੍ਰਸ਼ੀਅਨ ਦੀ ਮਹਿਜ਼ ਕਠਪੁਤਲੀ ਸੀ ਖ਼ੁਦਮੁਖ਼ਤਿਆਰ ਰਾਜਿਆਂ ਵਜੋਂ ਉਹਨਾਂ ਦੀ ਸੁਤੰਤਰਤਾ ਉੱਤੇ ਛਾਪਾ ਮਾਰਦੀ

*ਅਲੈਗਜ਼ਾਂਦਰ -ਸੰਪਾਦਕ।

ਸੀ ਤਾਂ ਉਹ ਜਾਣਦੇ ਸਨ ਕਿ ਉਸ ਦੇ ਹੁਕਮਾਂ ਦਾ ਟਾਕਰਾ ਕਰਨ ਸਮੇਂ ਜਨਤਕ ਰਾਏ ਤੇ ਸਦਨ ਉਹਨਾਂ ਦੀ ਹਮਾਇਤ ਕਰਨਗੇ ਅਤੇ ਜੇ, ਇਸ ਦੇ ਉਲਟ, ਇਹ ਸਦਨ ਬਹੁਤ ਤਾਕਤਵਰ ਹੋ ਗਏ, ਤਾਂ ਉਹ ਸਾਰੀ ਆਪੋਜ਼ੀਸ਼ਨ ਨੂੰ ਭੰਨਣ ਲਈ ਸੌਖਿਆਂ ਹੀ **ਡੀਟ** ਦੀ ਤਾਕਤ ਆਪਣੇ ਹੱਥਾਂ ਵਿੱਚ ਲੈ ਸਕਦੇ ਹਨ। ਬਾਵੇਰੀਆਈ, ਵੂਰਟੇਮ-ਬਰਗ, ਬਾਦਨ, ਜਾਂ ਹੈਨੋਵੇਰੀਅਮ ਸੰਵਿਧਾਨਕ ਸੰਸਥਾਵਾਂ ਅਜਿਹੀਆਂ ਹਾਲਤਾਂ ਵਿੱਚ ਰਾਜਨੀਤਕ ਸੱਤ੍ਹਾ ਲਈ ਕਿਸੇ ਗੰਭੀਰ ਜੱਦੋ-ਜਹਿਦ ਨੂੰ ਜਨਮ ਨਹੀਂ ਸਨ ਦੇ ਸਕਦੀਆਂ ਅਤੇ ਇਸ ਲਈ ਜਰਮਨ ਮੱਧ ਸ਼੍ਰੇਣੀ ਦਾ ਬਹੁਤ ਵੱਡਾ ਭਾਗ ਛੋਟੇ ਰਾਜਾਂ ਦੀਆਂ ਵਿਧਾਨ ਅਸੈਂਬਲੀਆਂ ਵਿੱਚ ਉੱਠਦੀਆਂ ਛੋਟੀਆਂ ਛੋਟੀਆਂ ਝੜਪਾਂ ਤੋਂ ਇਹ ਗੱਲ ਚੰਗੀ ਤਰ੍ਹਾਂ ਜਾਣਦਿਆਂ ਆਮ ਤੌਰ ’ਤੇ ਲਾਂਭੇ ਰਿਹਾ ਕਿ ਜਰਮਨੀ ਦੀਆਂ ਦੋ ਬਹੁਤ ਵੱਡੀਆਂ ਤਾਕਤਾਂ ਦੀ ਨੀਤੀ ਤੇ ਵਿਧਾਨ ਵਿੱਚ ਇੱਕ ਬੁਨਿਆਦੀ ਤਬਦੀਲੀ ਤੋਂ ਬਿਨਾਂ ਕਿਸੇ ਵੀ ਦੂਜੇ ਦਰਜੇ ਦੇ ਯਤਨਾਂ ਤੇ ਜਿੱਤਾਂ ਦਾ ਕੋਈ ਲਾਭ ਨਹੀਂ ਹੋਵੇਗਾ। ਪਰ ਇਸੇ ਸਮੇਂ, ਉਦਾਰਵਾਦੀ ਵਕੀਲਾਂ, ਪੇਸ਼ਾਵਰ ਵਿਰੋਧੀਆਂ ਦੀ ਇੱਕ ਨਸਲ ਇਹਨਾਂ ਛੋਟੀਆਂ ਅਸੈਂਬਲੀਆਂ ਵਿੱਚ ਉਗਮ ਪਈ : ਰੋਟੈਕ, ਵੇਲਕਰ, ਰੋਮੇਰ, ਜਾਰਡਨ, ਸਟੂਵੇ, ਈਜ਼ਨਮਾਨ, ਉਹ ਮਹਾਨ “ਪ੍ਰਸਿੱਧ ਵਿਅਕਤੀ” (Volksmanner), ਜੋ ਵੀਹ ਸਾਲਾਂ ਦੀ ਘੱਟ ਵੱਧ ਸ਼ੋਰੀਲੀ, ਪਰ ਸਫ਼ਲ ਵਿਰੋਧਤਾ ਦੇ ਮਗਰੋਂ 1848 ਦੀ ਇਨਕਲਾਬੀ ਕਾਂਗ ਰਾਹੀਂ ਸੱਤ੍ਹਾ ਦੀ ਸਿਖ਼ਰ ’ਤੇ ਪੁੱਜ ਗਏ ਸਨ ਅਤੇ ਉਹ ਜਿਨ੍ਹਾਂ ਨੂੰ ਉੱਥੇ ਆਪਣੀ ਨਿਪਟ ਨਿਪੁੰਸਕਤਾ ਤੇ ਤੁੱਛਤਾ ਵਿਖਾਉਣ ਮਗਰੋਂ ਇੱਕ ਛਿਣ ਵਿੱਚ ਹੇਠਾਂ ਵਗਾਹ ਕੇ ਸੁੱਟ ਦਿੱਤਾ ਗਿਆ ਸੀ। ਜਰਮਨ ਧਰਤੀ ਉੱਤੇ ਰਾਜਨੀਤੀ ਵਿੱਚ ਤਜਾਰਤ ਤੇ ਆਪੋਜ਼ੀਸ਼ਨ ਦੇ ਪਹਿਲੇ ਨਮੂਨਿਆਂ ਨੇ ਜਰਮਨ ਲੋਕਾਂ ਨੂੰ ਆਪਣੇ ਭਾਸ਼ਣਾਂ ਤੇ ਲਿਖਤਾਂ ਰਾਹੀਂ ਸੰਵਿਧਾਨਵਾਦ (Constitutionalism) ਦੀ ਭਾਸ਼ਾ ਤੋਂ ਜਾਣੂ ਕਰਾਇਆ ਅਤੇ ਜਿਨ੍ਹਾਂ ਨੇ ਆਪਣੀ ਹੋਂਦ ਰਾਹੀਂ ਉਸ ਸਮੇਂ ਬਾਰੇ ਪਹਿਲਾਂ ਹੀ ਦੱਸ ਦਿੱਤਾ ਜਦੋਂ ਮੱਧ ਸ਼੍ਰੇਣੀ ਉਹਨਾਂ ਰਾਜਨੀਤਕ ਬੋਲ਼ਿਆਂ ਦਾ ਸਹੀ ਅਰਥਾਂ ਨੂੰ ਸਮਝਣ ਦੇ ਯੋਗ ਹੋ ਜਾਵੇਗੀ ਜਿਨ੍ਹਾਂ ਦੀ, ਉਹਨਾਂ ਗਾਲੜੀ ਵਕੀਲਾਂ ਤੇ ਪ੍ਰੋਫ਼ੈਸਰਾਂ ਨੂੰ, ਉਹਨਾਂ ਨਾਲ਼ ਮੂਲਕ ਤੌਰ ’ਤੇ ਸਬੰਧਤ ਭਾਵਨਾ ਨੂੰ ਪੂਰੀ ਤਰ੍ਹਾਂ ਜਾਣੇ ਬਿਨਾਂ ਹੀ ਵਰਤਣ ਦੀ ਆਦਤ ਸੀ।

ਜਰਮਨ ਸਾਹਿਤ ’ਤੇ ਵੀ ਉਸ ਰਾਜਨੀਤਕ ਗਰਮਜੋਸ਼ੀ ਦਾ ਬਹੁਤ ਪ੍ਰਭਾਵ ਪਿਆ, ਜਿਸ ਗਰਮਜੋਸ਼ੀ ਵਿੱਚ 1830 ਦੀਆਂ ਘਟਨਾਵਾਂ ਰਾਹੀਂ ਸਾਰਾ ਯੂਰਪ ਗ੍ਰੱਸਿਆ ਹੋਇਆ ਸੀ। ਉਸ ਸਮੇਂ ਦੇ ਲਗਭਗ ਸਾਰੇ ਲੇਖਕਾਂ ਨੇ ਭੱਦੇ ਸੰਵਿਧਾਨਵਾਦ ਜਾਂ ਇਸ ਤੋਂ ਵੀ ਭੱਦੇ ਗਣਤੰਤਰਵਾਦ (ਰੀਪਬਲਿਕਨਇਜ਼ਮ) ਦਾ ਪ੍ਰਚਾਰ ਕੀਤਾ। ਵਿਸ਼ੇਸ਼ ਤੌਰ ’ਤੇ ਘਟੀਆ ਸਾਹਿਤਕਾਰਾਂ ਵਿੱਚ, ਰਾਜਨੀਤਕ ਭੁਲੇਖਿਆਂ ਰਾਹੀਂ ਵੀ ਜਿਨ੍ਹਾਂ ਵੱਲ ਯਕੀਨੀ ਤੌਰ ’ਤੇ ਧਿਆਨ ਖਿੱਚਿਆ ਜਾਂਦਾ, ਆਪਣੀਆਂ ਲਿਖਤਾਂ ਵਿੱਚ ਹੁਸ਼ਿਆਰੀ ਪੈਦਾ ਕਰਨ ਦੀ ਵੱਧ ਤੋਂ ਵੱਧ ਆਦਤ ਬਣ ਗਈ। ਕਵਿਤਾ, ਨਾਵਲ, ਰੀਵੀਊ, ਨਾਟਕ ਹਰ ਸਾਹਿਤਕ ਕਿਰਤ ਵਿੱਚ ਇੱਕ ਰੁਚੀ ਪੈਦਾ ਹੋ ਗਈ, ਜਿਸ ਨੂੰ ਸਰਕਾਰ ਵਿਰੋਧੀ ਭਾਵਨਾ ਦੇ ਘੱਟ ਜਾਂ ਵੱਧ ਕੱਚਘਰੜ ਪ੍ਰਗਟਾਅ ਆਖਿਆ ਜਾ ਸਕਦਾ ਹੈ। ਜਰਮਨੀ ਵਿੱਚ 1830 ਦੇ ਮਗਰੋਂ ਪ੍ਰਚੱਲਤ ਵਿਚਾਰਾਂ ਦੇ

ਰੋਲ਼ਘਚੋਲ਼ੇ ਨੂੰ ਪੂਰਾ ਕਰਨ ਲਈ ਰਾਜਨੀਤਕ ਵਿਰੋਧਤਾ ਦੇ ਇਹਨਾਂ ਅੰਸ਼ਾਂ ਨਾਲ਼ ਜਰਮਨ ਦਰਸ਼ਨ ਦੀਆਂ ਅਸਹਿਣਯੋਗ ਯੂਨੀਵਰਸਿਟੀ-ਯਾਦਾਂ, ਫ਼ਰਾਂਸੀਸੀ ਸੋਸ਼ਲਿਜ਼ਮ 'ਚੋਂ ਗ਼ਲਤ ਸਮਝੇ ਗਏ ਵਿਚਾਰ, ਵਿਸ਼ੇਸ਼ ਤੌਰ 'ਤੇ ਸੇਂਟ-ਸਾਈਮਨਇਜ਼ਮ ਅਤੇ ਲੇਖਕਾਂ ਦੀ ਉਹ ਜੁੰਡਲੀ, ਜਿਨ੍ਹਾਂ ਨੇ ਵਿਚਾਰਾਂ ਦੇ ਇਸ ਵਿਰੋਧੀ ਢੇਰ ਬਾਰੇ ਬੇਰੋਕ ਟੋਕ ਤੌਰ 'ਤੇ ਲਿਖਿਆ, ਜਿਨ੍ਹਾਂ ਨੇ ਬੜੀ ਗ਼ੁਸਤਾਖ਼ੀ ਨਾਲ਼ ਆਪਣੇ ਆਪ ਨੂੰ "ਜਵਾਨ ਜਰਮਨੀ" ਜਾਂ "**ਆਧੁਨਿਕ ਸਕੂਲ**" ਆਖਿਆ, ਨਾਲ਼ ਰਲ਼ਗੱਡ ਹੋ ਗਏ। ਉਸ ਸਮੇਂ ਤੋਂ ਉਹਨਾਂ ਨੇ ਆਪਣੇ ਚੜ੍ਹਦੀ ਜਵਾਨੀ ਵਾਲ਼ੇ ਗੁਨਾਹਾਂ ਦਾ ਪਸ਼ਚਾਤਾਪ ਕੀਤਾ ਹੈ, ਪਰ ਉਹਨਾਂ ਨੇ ਆਪਣੀ ਲਿਖਣ ਸ਼ੈਲੀ ਵਿੱਚ ਕੋਈ ਸੁਧਾਰ ਨਹੀਂ ਕੀਤਾ।

ਅਖ਼ੀਰ, ਜਰਮਨ ਦਰਸ਼ਨ ਨੂੰ ਲਵੋ, ਜੋ ਬਹੁਤ ਹੀ ਜਟਲ, ਪਰ ਉਸੇ ਸਮੇਂ ਜਰਮਨ ਮਨ ਦੇ ਵਿਕਾਸ ਦਾ ਬਹੁਤ ਹੀ ਯਕੀਨੀ ਮਾਪ ਸੀ। ਉਸ ਨੇ ਮੱਧ ਸ਼੍ਰੇਣੀ ਲਈ, ਸੰਵਿਧਾਨਕ ਇੱਕਪੁਰਖਾਰਾਜ ਨੂੰ ਅਖ਼ੀਰੀ ਤੇ ਸਰਕਾਰ ਦੇ ਬਹੁਤ ਯੋਗ ਰੂਪ ਵਜੋਂ ਐਲਾਨਿਆ, ਜਦੋਂ ਹੀਗਲ ਨੇ ਆਪਣੇ **ਕਾਨੂੰਨ ਦੇ ਦਰਸ਼ਨ** ਵਿੱਚ ਇਸ ਨੂੰ ਬਿਆਨ ਕੀਤਾ ਸੀ। ਦੂਜੇ ਸ਼ਬਦਾਂ ਵਿੱਚ ਉਸ ਨੇ ਦੇਸ਼ ਦੀਆਂ ਮੱਧ ਸ਼੍ਰੇਣੀਆਂ ਦੀ ਰਾਜਨੀਤਕ ਸੱਤ੍ਹਾ ਤੱਕ ਨੇੜੇ ਆਉਂਦੀ ਆਮਦ ਦਾ ਐਲਾਨ ਕੀਤਾ। ਉਸ ਦੀ ਮੌਤ ਦੇ ਮਗਰੋਂ ਉਸ ਦਾ ਸਕੂਲ ਉੱਥੇ ਹੀ ਨਹੀਂ ਸੀ ਰੁੱਕਿਆ। ਜਦ ਕਿ ਉਸ ਦੇ ਅਨੁਆਈਆਂ ਦੇ ਵਧੇਰੇ ਵਿਕਸਤ ਭਾਗ ਨੇ, ਇੱਕ ਪਾਸੇ, ਹਰ ਧਾਰਮਕ ਵਿਸ਼ਵਾਸ ਨੂੰ ਭਰਪੂਰ ਨੁਕਤਾਚੀਨੀ ਦਾ ਸ਼ਿਕਾਰ ਬਣਾਇਆ ਅਤੇ ਈਸਾਈਅਤ ਦੀਆਂ ਪੁਰਾਣੀਆਂ ਨੀਹਾਂ ਨੂੰ ਥੱਲੇ ਤੱਕ ਹਿਲਾ ਦਿੱਤਾ, ਉਸ ਸਮੇਂ ਉਹਨਾਂ ਨੇ ਉਘੜਵੇਂ ਰਾਜਨੀਤਕ ਅਸੂਲਾਂ ਨੂੰ ਸਾਹਮਣੇ ਲਿਆਂਦਾ, ਜਿਨ੍ਹਾਂ ਦੀ ਵਿਆਖਿਆ ਹੁਣ ਤੱਕ ਜਰਮਨ ਕੰਨ ਸੁਣਦੇ ਆ ਰਹੇ ਹਨ ਅਤੇ ਉਹਨਾਂ ਨੇ ਪਹਿਲੇ ਫ਼ਰਾਂਸੀਸੀ ਇਨਕਲਾਬ ਦੇ ਹੀਰੋਆਂ ਦੀ ਯਾਦ ਦੀ ਸ਼ਾਮ ਨੂੰ ਬਹਾਲ ਕਰਨ ਦੇ ਯਤਨ ਕੀਤੇ। ਗੂੜ੍ਹ ਦਾਰਸ਼ਨਿਕ ਭਾਸ਼ਾ ਨੇ, ਜਿਸ ਵਿੱਚ ਇਹ ਵਿਚਾਰ ਵਲ੍ਹੇਟੇ ਹੋਏ ਸਨ, ਜਿੱਥੇ ਲੇਖਕ ਤੇ ਪਾਠਕ ਦੋਹਾਂ ਦੇ ਦਿਮਾਗ਼ ਨੂੰ ਧੁੰਦਲਾ ਬਣਾਇਆ ਉੱਥੇ ਉਤਨਾ ਹੀ ਸੈਂਸਰ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਅਤੇ ਸੋ, ਇਹ "ਨੌਜਵਾਨ ਹੀਗਲਵਾਦੀ" ਲੇਖਕ ਸਨ ਜਿਨ੍ਹਾਂ ਨੇ ਪ੍ਰੈੱਸ ਦੀ ਆਜ਼ਾਦੀ ਨੂੰ ਮਾਣਿਆ ਜਿਸ ਤੋਂ ਸਾਹਿਤ ਦੀ ਹਰ ਹੋਰ ਸ਼ਾਖ ਅਨਜਾਣ ਸੀ।

ਸੋ ਇਹ ਪ੍ਰਤੱਖ ਸੀ ਕਿ ਜਰਮਨੀ ਵਿੱਚ ਜਨਤਕ ਰਾਇ ਵਿੱਚ ਬਹੁਤ ਭਾਰੀ ਤਬਦੀਲੀ ਆ ਰਹੀ ਸੀ। ਉਹਨਾਂ ਜਮਾਤਾਂ ਦੀ ਵਿਸ਼ਾਲ ਬਹੁਗਿਣਤੀ ਜਿਨ੍ਹਾਂ ਨੂੰ ਇੱਕ ਕਟੱਈ ਇੱਕਪੁਰਖਾਰਾਜ ਅਧੀਨ ਜੀਵਨ ਵਿੱਚ ਵਿੱਦਿਆ ਜਾਂ ਪੁਜ਼ੀਸ਼ਨ ਨੇ ਕੁੱਝ ਰਾਜਨੀਤਕ ਜਾਣਕਾਰੀ ਪ੍ਰਾਪਤ ਕਰਨ ਦੇ ਅਤੇ ਇੱਕ ਸੁਤੰਤਰ ਰਾਜਨੀਤਕ ਰਾਏ ਜਿਹੀ ਕੋਈ ਚੀਜ਼ ਬਣਾਉਣ ਦੇ ਯੋਗ ਬਣਾਇਆ, ਸਹਿਜੇ ਸਹਿਜੇ ਮੌਜੂਦ ਪ੍ਰਬੰਧ ਦੇ ਵਿਰੁੱਧ ਵਿਰੋਧਤਾ ਦੇ ਇੱਕ ਸ਼ਕਤੀਸ਼ਾਲੀ ਮੋਰਚੇ ਵਿੱਚ ਸੰਗਠਤ ਹੋ ਗਈ ਅਤੇ ਜਰਮਨੀ ਵਿੱਚ ਰਾਜਨੀਤਕ ਵਿਕਾਸ ਦੀ ਸੁਸਤ ਚਾਲ ਬਾਰੇ ਫ਼ੈਸਲਾ ਦੇਂਦਿਆਂ ਕਿਸੇ ਨੂੰ ਵੀ ਇੱਕ ਅਜਿਹੇ ਦੇਸ ਵਿੱਚ ਕਿਸੇ ਵੀ ਵਿਸ਼ੇ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਨ ਦੀ ਔਕੜ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ

ਜਿੱਥੇ ਸੂਚਨਾ ਦੇ ਸਾਰੇ ਵਸੀਲੇ ਸਰਕਾਰ ਦੇ ਕੰਟਰੋਲ ਵਿੱਚ ਸਨ; ਜਿੱਥੇ ਰੈਗਡ ਸਕੂਲ ਤੇ ਸੰਡੇ ਸਕੂਲ ਤੋਂ ਲੈ ਕੇ ਅਖ਼ਬਾਰ ਤੇ ਯੂਨੀਵਰਸਿਟੀ ਤੱਕ ਉਸ ਤੋਂ ਬਿਨਾਂ ਕੁੱਝ ਵੀ ਆਖਿਆ, ਸਿਖਾਇਆ, ਛਾਪਿਆ ਜਾਂ ਪ੍ਰਕਾਸ਼ਤ ਨਹੀਂ ਸੀ ਕੀਤਾ ਜਾਂਦਾ ਜਿਸ ਦੀ ਪਹਿਲਾਂ ਤੋਂ ਪ੍ਰਵਾਨਗੀ ਨਹੀਂ ਸੀ ਲਈ ਹੁੰਦੀ। ਉਦਾਹਰਣ ਵਜੋਂ ਵੀਆਨਾ ਵੱਲ ਵੇਖੋ। ਸਨਅਤ ਅਤੇ ਵੱਡੇ ਪੈਮਾਨੇ ਵਿੱਚ ਕੰਮ ਕਰਨ ਵਾਲ਼ੇ ਵੀਆਨਾ ਦੇ ਲੋਕ, ਜੋ ਜਰਮਨੀ ਦੇ ਅੰਦਰ ਹੌਂਸਲੇ, ਦਲੇਰੀ ਅਤੇ ਇਨਕਲਾਬੀ ਸ਼ਕਤੀ ਵਿੱਚ ਕਿਸੇ ਹੋਰ ਨਾਲ਼ੋਂ ਘੱਟ ਨਹੀਂ ਸਨ, ਜਿਨ੍ਹਾਂ ਨੇ ਬਾਕੀਆਂ ਨਾਲੋਂ ਆਪਣੇ ਆਪ ਨੂੰ ਕਿਤੇ ਵਧੀਆ ਸਿੱਧ ਕੀਤਾ, ਫਿਰ ਵੀ ਉਹ ਆਪਣੇ ਅਸਲੀ ਹਿੱਤਾਂ ਤੋਂ ਅਣਜਾਣ ਸਨ ਅਤੇ ਉਹਨਾਂ ਨੇ ਇਨਕਲਾਬ ਦੇ ਦੌਰਾਨ ਕਿਸੇ ਵੀ ਹੋਰ ਨਾਲ਼ੋਂ ਵਧੇਰੇ ਗ਼ਲਤੀਆਂ ਕੀਤੀਆਂ ਅਤੇ ਇਸ ਦਾ ਕਾਰਨ ਵੱਡੀ ਹੱਦ ਤੱਕ ਉਹਨਾਂ ਦਾ ਬਹੁਤ ਹੀ ਸਧਾਰਨ ਰਾਜਨੀਤਕ ਵਿਸ਼ਿਆਂ ਸਬੰਧੀ ਅਨਜਾਣ ਰਹਿਣਾ ਸੀ, ਜਿਨ੍ਹਾਂ ਤੋਂ ਮੇਟਰਨਿਚ ਦੀ ਸਰਕਾਰ ਉਹਨਾਂ ਨੂੰ ਅਣਜਾਣ ਰੱਖਣ ਵਿੱਚ ਸਫ਼ਲ ਰਹੀ ਸੀ।

ਇਸ ਗੱਲ ਦੀ ਹੋਰ ਵਿਆਖਿਆ ਕਰਨ ਦੀ ਲੋੜ ਨਹੀਂ ਕਿ ਕਿਉਂ ਇੱਕ ਅਜਿਹੇ ਪ੍ਰਬੰਧ ਅਧੀਨ ਰਾਜਨੀਤਕ ਜਾਣਕਾਰੀ ਸਮਾਜ ਦੀਆਂ ਅਜਿਹੀਆਂ ਜਮਾਤਾਂ ਦੀ ਵਿਸ਼ੇਸ਼ ਅਜਾਰੇਦਾਰੀ ਸੀ ਜੋ ਦੇਸ਼ ਵਿੱਚ ਉਸ ਦੇ ਸਮੱਗਲ ਕੀਤੇ ਜਾਣ ਦਾ ਮੁੱਲ ਤਾਰ ਸਕਦੀਆਂ ਸਨ ਅਤੇ ਵਿਸ਼ੇਸ਼ ਤੌਰ 'ਤੇ ਉਹਨਾਂ ਜਮਾਤਾਂ ਦੀ ਅਜਾਰੇਦਾਰੀ ਸੀ ਜਿਨ੍ਹਾਂ ਦੇ ਹਿੱਤਾਂ ਉੱਤੇ ਮੌਜੂਦਾ ਹਾਲਤ ਵੱਲੋਂ ਬਹੁਤ ਹੀ ਗੰਭੀਰ ਰੂਪ ਵਿੱਚ ਹਮਲੇ ਹੁੰਦੇ ਸਨ— ਜਿਵੇਂ ਵੱਡੇ ਦਸਤਕਾਰਾਂ ਤੇ ਵਪਾਰੀਆਂ ਦੀਆਂ ਜਮਾਤਾਂ। ਇਸ ਲਈ ਉਹ, ਘੱਟ ਜਾਂ ਵੱਧ ਲੁਕੇ ਹੋਏ ਬੇਲਗਾਮ ਸਾਸ਼ਨਵਾਦ ਦੇ ਜਾਰੀ ਰਹਿਣ ਦੇ ਵਿਰੁੱਧ ਇੱਕ ਸਮੂਹ ਵਿੱਚ ਸੰਗਠਤ ਹੋਣ ਵਾਲ਼ੀਆਂ ਪਹਿਲੀਆਂ ਜਮਾਤਾਂ ਸਨ ਅਤੇ ਆਪੋਜ਼ੀਸ਼ਨ ਦੀਆਂ ਸਫ਼ਾਂ ਵਿੱਚ ਸ਼ਾਮਲ ਹੋਣ ਦੇ ਸਮੇਂ ਤੋਂ ਜਰਮਨੀ ਵਿੱਚ ਅਸਲੀ ਇਨਕਲਾਬੀ ਲਹਿਰ ਦਾ ਅਰੰਭ ਹੋਣਾ ਚਾਹੀਦਾ ਹੈ।

ਜਰਮਨ ਬੁਰਜੂਆਜ਼ੀ ਵੱਲੋਂ ਵਿਰੋਧਤਾਈ ਇਨਕਲਾਬੀ ਬਿਆਨਬਾਜ਼ੀ 1840 ਤੋਂ ਪ੍ਰਸ਼ੀਆ ਦੇ ਸਾਬਕ ਬਾਦਸ਼ਾਹ* ਦੀ ਮੌਤ ਤੋਂ, ਜੋ 1815 ਦੇ ਪਵਿੱਤਰ ਗੱਠਜੋੜ ਦਾ ਅਖ਼ੀਰੀ ਬਚਿਆ ਮੋਢੀ ਸੀ, ਅਰੰਭ ਹੋਈ ਸਮਝਣੀ ਚਾਹੀਦੀ ਹੈ। ਨਵਾਂ ਬਾਦਸ਼ਾਹ ਆਪਣੇ ਪਿਉ ਦੀ ਭਾਰੂ ਨੌਕਰਸ਼ਾਹੀ ਤੇ ਫ਼ੌਜੀ ਬਾਦਸ਼ਾਹਤ ਦੇ ਹਿਮਾਇਤੀ ਵਜੋਂ ਨਹੀਂ ਸੀ ਜਾਣਿਆ ਜਾਂਦਾ। ਜੋ ਕੁੱਝ ਫ਼ਰਾਂਸੀਸੀ ਮੱਧ ਸ਼੍ਰੇਣੀ ਨੇ ਲੂਈ ਸੋਲ੍ਹਵੇਂ ਦੇ ਆਗਮਨ ਤੋਂ ਚਾਹਿਆ ਸੀ, ਕਿਸੇ ਹੱਦ ਤੱਕ ਉਹੋ ਜਰਮਨ ਬੁਰਜੂਆਜ਼ੀ ਨੇ ਪ੍ਰਸ਼ੀਆ ਦੇ ਫ਼ਰੈਡਰਿਕ ਵਿਲੀਅਮ ਚੌਥੇ ਤੋਂ ਚਾਹਿਆ ਸੀ। ਸਾਰੇ ਇਸ ਗੱਲ 'ਤੇ ਸਹਿਮਤ ਸਨ ਕਿ ਪੁਰਾਣਾ ਪ੍ਰਬੰਧ ਟੁੱਟ ਭੱਜ ਗਿਆ ਹੈ, ਛਿੱਜ ਗਿਆ ਹੈ ਅਤੇ ਇਸ ਨੂੰ ਹਰ ਹਾਲਤ ਵਿੱਚ ਤਿਆਗ ਦੇਣਾ ਚਾਹੀਦਾ ਹੈ ਅਤੇ ਜਿਹੜਾ ਪ੍ਰਬੰਧ ਪੁਰਾਣੇ ਬਾਦਸ਼ਾਹ ਦੇ ਅਧੀਨ ਖ਼ਾਮੋਸ਼ੀ ਨਾਲ਼ ਸਹਾਰਿਆ ਜਾਂਦਾ ਸੀ, ਹੁਣ ਉਹ ਉੱਚੀ ਆਵਾਜ਼ ਵਿੱਚ ਅਸਹਿ ਐਲਾਨਿਆ ਗਿਆ ਸੀ।

---

* ਫ਼ਰੈਡਰਿਕ-ਵਿਲੀਹੇਲਮ ਤੀਜਾ-ਸੰਪਾਦਕ।

ਪਰ ਜੇ ਲੂਈ ਸੋਲ੍ਹਵਾਂ, "Louis-le-DÈsirÈ", ਇੱਕ ਸਿੱਧਾ-ਸਾਦਾ, ਸਾਫ਼ ਗੱਲ ਕਰਨ ਵਾਲ਼ਾ, ਸਿੱਧੜ, ਆਪਣੀ ਅਯੋਗਤਾ ਤੋਂ ਅੱਧ-ਸੁਚੇਤ ਸੀ, ਜਿਸ ਦੀ ਕੋਈ ਪੱਕੀ ਰਾਏ ਨਹੀਂ ਸੀ ਹੁੰਦੀ ਤੇ ਜੋ ਆਪਣੀ ਪੜ੍ਹਾਈ ਦੇ ਦੌਰਾਨ ਗ੍ਰਹਿਣ ਕੀਤੀਆਂ ਆਦਤਾਂ ਅਨੁਸਾਰ ਕੰਮ ਕਰਦਾ ਸੀ, ਤਾਂ "Fredrick William-le-DÈsirÈ" ਉਸ ਤੋਂ ਬਿਲਕੁਲ ਵੱਖਰੀ ਕਿਸਮ ਦਾ ਸੀ। ਜਦ ਕਿ ਉਹ ਚਰਿੱਤਰ ਕਮਜ਼ੋਰੀ ਵਿੱਚ ਆਪਣੇ ਫ਼ਰਾਂਸੀਸੀ ਅਸਲੇ ਨੂੰ ਹਰ ਹਾਲਤ ਵਿੱਚ ਪਿਛਾਂਹ ਛੱਡ ਗਿਆ ਸੀ, ਉਹ ਹਮੇਸ਼ਾਂ ਛਲ ਕਪਟ ਤੋਂ ਕੰਮ ਲੈਂਦਾ ਸੀ ਤੇ ਜ਼ਰੂਰ ਹੀ ਉਸ ਦੀ ਆਪਣੀ ਰਾਏ ਹੁੰਦੀ ਸੀ। ਭਾਵੇਂ ਸ਼ੌਕੀਆ ਤੌਰ 'ਤੇ ਹੀ ਸਹੀ, ਉਹ ਕਈ ਵਿਗਿਆਨਾਂ ਦੇ ਬੁਨਿਆਦੀ ਅਸੂਲਾਂ ਤੋਂ ਜਾਣੂ ਸੀ ਅਤੇ ਇਸ ਲਈ ਉਹ ਆਪਣੇ ਆਪ ਨੂੰ ਹਰ ਵਿਸ਼ੇ ਬਾਰੇ ਫ਼ੈਸਲੇ ਨੂੰ ਅਖ਼ੀਰੀ ਸਮਝਣ ਲਈ ਕਾਫ਼ੀ ਸਿਆਣਾ ਸਮਝਦਾ ਸੀ। ਉਸ ਨੇ ਇਹ ਯਕੀਨ ਬਣਾ ਲਿਆ ਸੀ ਕਿ ਉਹ ਪਹਿਲੇ ਦਰਜੇ ਦਾ ਬੁਲਾਰਾ ਸੀ ਅਤੇ ਬਰਲਿਨ ਵਿੱਚ ਨਿਰਸੰਦੇਹ ਕੋਈ ਅਜਿਹਾ ਵਪਾਰਕ ਏਜੈਂਟ ਨਹੀਂ ਸੀ, ਜਿਹੜਾ ਵਿਖਾਵੇ ਦੀ ਹਾਜ਼ਰ ਜਵਾਬੀ ਦੇ ਵਾਧੂ ਵਿਸਥਾਰ ਵਿੱਚ ਜਾਂ ਤਕਰੀਰਬਾਜ਼ੀ ਦੀ ਸਰਲਤਾ ਵਿੱਚ ਉਸ ਦਾ ਟਾਕਰਾ ਕਰ ਸਕਦਾ ਹੋਵੇ ਅਤੇ ਸਭ ਤੋਂ ਪਹਿਲਾਂ, ਉਸ ਦੀਆਂ ਆਪਣੀਆਂ ਰਾਵਾਂ ਹੁੰਦੀਆਂ ਸਨ। ਉਹ ਪ੍ਰਸ਼ੀਅਨ ਬਾਦਸ਼ਾਹਤ ਦੇ ਨੌਕਰਸ਼ਾਹ ਅੰਸ਼ਾਂ ਨੂੰ ਘ੍ਰਿਣਾ ਕਰਦਾ ਸੀ ਤੇ ਤੁੱਛ ਸਮਝਦਾ ਸੀ। ਪਰ ਕੇਵਲ ਇਸ ਲਈ ਕਿਉਂ ਜੋ ਉਸ ਦੀਆਂ ਸਾਰੀਆਂ ਹਮਦਰਦੀਆਂ ਜਾਗੀਰਦਾਰ ਅੰਸ਼ ਨਾਲ਼ ਸਨ। ਉਹ ਆਪ **ਬਰਲਿਨ ਰਾਜਨੀਤਕ ਸਪਤਾਹਕ ਅਖ਼ਬਾਰ**, ਅਖੌਤੀ Historical School (ਬੋਨਾਲਡ, ਦੇ ਮੇਸਤਰੇ, ਅਤੇ French Legitimists ਦੀ ਪਹਿਲੀ ਪੀੜ੍ਹੀ ਦੇ ਹੋਰ ਲੇਖਕਾਂ ਦੇ ਵਿਚਾਰਾਂ ਉੱਤੇ ਪਨਪਦਾ ਇੱਕ ਸਕੂਲ) ਦੇ ਮੋਢੀਆਂ ਵਿੱਚੋਂ ਸੀ ਉਸ ਵਿੱਚ ਮੁੱਖ ਹਿੱਸਾ ਪਾਉਣ ਵਾਲ਼ਾ ਸੀ, ਉਸ ਦਾ ਉਦੇਸ਼ ਕੁਲੀਨ ਵਰਗ ਦੀ ਭਾਰੂ ਸਮਾਜਕ ਪੁਜ਼ੀਸ਼ਨ ਨੂੰ, ਸੰਭਵ ਤੌਰ 'ਤੇ ਪੂਰਨ ਰੂਪ ਵਿੱਚ ਬਹਾਲ ਰੱਖਣਾ ਸੀ। ਬਾਦਸ਼ਾਹ, ਜੋ ਆਪਣੀ ਸਲਤਨਤ ਦਾ ਪਹਿਲਾ ਸਾਊ ਮਨੁੱਖ ਸੀ, ਜਿਸ ਦੇ ਆਲ਼ੇ ਦੁਆਲ਼ੇ, ਪਹਿਲੀ ਥਾਂ 'ਤੇ, ਸ਼ਕਤੀਸ਼ਾਲੀ ਲਗਾਨਦਾਰਾਂ, ਰਾਜਿਆਂ, ਡਿਊਕਾਂ ਤੇ ਕਾਊਂਟਾਂ ਦਾ ਇੱਕ ਸ਼ਾਨਦਾਰ ਦਰਬਾਰ ਜੁੜਿਆ ਹੋਇਆ ਸੀ, ਦੂਜੀ ਥਾਂ 'ਤੇ ਉਸ ਦੇ ਦੁਆਲ਼ੇ ਇੱਕ ਅਣਗਿਣਤ ਤੇ ਧਨਾਢ ਹੇਠਲੇ ਦਰਜੇ ਦਾ ਕੁਲੀਨ ਵਰਗ ਸੀ, ਆਪਣੇ ਵਫ਼ਾਦਾਰ ਸ਼ਹਿਰੀਆਂ ਤੇ ਕਿਸਾਨਾਂ ਉੱਤੇ ਆਪਣੀ ਮਰਜ਼ੀ ਨਾਲ਼ ਰਾਜ ਕਰਦਾ ਸੀ, ਸੋ ਇਸ ਤਰ੍ਹਾਂ ਸਮਾਜਕ ਸਫ਼ਾਂ ਤੇ ਫ਼ਿਰਕਿਆਂ ਵਿੱਚ ਵੰਡੇ ਹੋਏ ਸਮਾਜ ਦਾ ਆਪ ਮੁਖੀ ਸੀ, ਸਮਾਜ ਜਿਸ ਵਿੱਚ ਹਰ ਫ਼ਿਰਕਾ ਜਾਂ ਜਮਾਤ ਆਪਣੀਆਂ ਵਿਸ਼ੇਸ਼ ਸਹੂਲਤਾਂ ਮਾਣਦੀ ਸੀ ਅਤੇ ਜਨਮ ਜਾਂ ਨਿਸ਼ਚਿਤ ਪੁਜ਼ੀਸ਼ਨ ਦੀ ਲਗਭਗ ਅਲੰਘ ਨਾਕਾਬੰਦੀ ਰਾਹੀਂ ਦੂਜਿਆਂ ਨਾਲ਼ੋਂ ਵੱਖ ਕੀਤਾ ਹੋਇਆ ਸੀ, ਇਹ ਸਾਰੀਆਂ ਜਾਤਾਂ ਤੇ ਫ਼ਿਰਕੇ ਜਾਂ "ਸਲਤਨਤ ਦੇ ਸ਼ਾਸ਼ਕ ਵਰਗ" ਇੱਕ ਦੂਜੇ ਨਾਲ਼ ਸਮਤੋਲ ਕਾਇਮ ਰੱਖਦਿਆਂ, ਉਸੇ ਸਮੇਂ ਸੱਤ੍ਹਾ ਤੇ ਪ੍ਰਭਾਵ ਵਿੱਚ ਇਤਨੀ ਚੰਗੀ ਤਰ੍ਹਾਂ ਸਥਾਪਤ ਸਨ ਕਿ ਬਾਦਸ਼ਾਹ ਕੋਲ਼ ਇੱਕ ਪੂਰੀ ਤਰ੍ਹਾਂ ਸੁਤੰਤਰ ਕਾਰਵਾਈ ਕਰਨ ਦਾ ਅਮਲ ਰਹਿੰਦਾ ਸੀ— ਅਜਿਹਾ ਸੀ ਸ਼ਾਨਦਾਰ ਆਦਰਸ਼ ਜੋ ਫ਼ਰੈਡਰਿਕ ਵਿਲੀਅਮ ਚੌਥੇ ਨੇ ਅਪਣਾਇਆ ਸੀ ਅਤੇ ਜਿਸ ਨੂੰ ਉਹ ਮੁੜ ਕੇ ਵਰਤਮਾਨ ਘੜੀ ਵਿੱਚ

ਅਮਲ ਵਿੱਚ ਲਿਆਉਣ ਦਾ ਯਤਨ ਕਰ ਰਿਹਾ ਹੈ।

ਪ੍ਰਸ਼ੀਅਨ ਬੁਰਜੂਆਜ਼ੀ ਨੂੰ, ਜੋ ਸਿਧਾਂਤਕ ਸੁਆਲਾਂ ਵਿੱਚ ਕੋਈ ਬਹੁਤੀ ਪਰਬੀਨ ਨਹੀਂ ਸੀ, ਆਪਣੇ ਬਾਦਸ਼ਾਹ ਦੀ ਰੁਚੀ ਦਾ ਅਸਲ ਮੰਤਵ ਸਮਝਣ ਲਈ ਕੁੱਝ ਸਮਾਂ ਲੱਗਾ। ਪਰ ਜਿਹੜੀ ਗੱਲ ਉਹਨਾਂ ਨੂੰ ਬਹੁਤ ਛੇਤੀ ਪਤਾ ਲੱਗ ਗਈ ਉਹ ਇਹ ਤੱਥ ਸੀ ਕਿ ਉਹ ਅਜਿਹੀਆਂ ਗੱਲਾਂ ਕਰਨ ਲਈ ਤੁਲਿਆ ਹੋਇਆ ਸੀ ਜਿਹੜੀਆਂ ਉਹਨਾਂ ਤੋਂ ਬਿਲਕੁਲ ਉਲਟ ਸਨ ਜੋ ਉਹ ਚਾਹੁੰਦੇ ਸਨ। ਨਵੇਂ ਬਾਦਸ਼ਾਹ ਨੂੰ ਆਪਣੇ ਪਿਉ ਦੀ ਮੌਤ ਦੇ ਕਾਰਨ ਮੁਸ਼ਕਲ ਨਾਲ਼ ਅਜੇ ਰਾਜ ਗੱਦੀ ਦੀ ਹਕੂਮਤ ਪ੍ਰਾਪਤ ਹੀ ਹੋਈ ਸੀ ਕਿ ਉਸ ਨੇ ਅਣਗਿਣਤ ਭਾਸ਼ਣਾਂ ਵਿੱਚ ਆਪਣੇ ਇਰਾਦਿਆਂ ਦਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ। ਹਰ ਭਾਸ਼ਣ ਉਸ ਦੀ ਹਰ ਕਾਰਵਾਈ ਉਸ ਨੂੰ ਮੱਧ ਸ਼੍ਰੇਣੀ ਦੀਆਂ ਹਮਦਰਦੀਆਂ ਤੋਂ ਵੱਖ ਕਰਨ ਵੱਲ ਸੇਧਤ ਸੀ। ਉਸ ਨੇ ਉਸ ਦਾ ਕੋਈ ਬਹੁਤਾ ਫ਼ਿਕਰ ਨਹੀਂ ਸੀ ਕਰਨਾ ਜੇ ਕੁੱਝ ਸਖ਼ਤ ਤੇ ਘਬਰਾਉਣ ਵਾਲ਼ੀਆਂ ਹਕੀਕਤਾਂ ਸਾਹਮਣੇ ਨਾ ਆਉਂਦੀਆਂ, ਜਿਨ੍ਹਾਂ ਨੇ ਉਸ ਦੇ ਕਾਵਿਮਈ ਸੁਪਨਿਆਂ ਵਿੱਚ ਵਿਘਨ ਪਾਇਆ। ਅਫ਼ਸੋਸ, ਰੋਮਾਂਚਵਾਦ ਹਿਸਾਬ ਵਿੱਚ ਬਹੁਤਾ ਤਿੱਖਾ ਨਹੀਂ ਅਤੇ ਜਾਗੀਰਦਾਰੀ ਡੋਨ ਕੁਇਸਕੋ ਤੋਂ ਲੈ ਕੇ ਆਪਣੇ ਮੀਜ਼ਬਾਨ ਤੋਂ ਬਿਨਾਂ ਹੀ ਹਿਸਾਬ ਜੋੜਦੀ ਹੈ। ਫ਼ਰੈਡਰਿਕ ਵਿਲੀਅਮ ਚੌਥੇ ਨੂੰ ਨਕਦ ਪੈਸੇ ਲਈ ਜੋ ਹਮੇਸ਼ਾਂ ਤੋਂ ਮਜ਼ਹਬੀ ਜਹਾਦੀਆਂ ਦੇ ਪੁੱਤਰਾਂ ਦਾ ਸਭ ਤੋਂ ਸਾਊ ਵਿਰਸਾ ਤੁਰਿਆ ਆ ਰਿਹਾ ਹੈ ਬਹੁਤ ਹੀ ਘ੍ਰਿਣਾ ਸੀ। ਰਾਜ ਗੱਦੀ ਉੱਤੇ ਬਿਰਾਜਮਾਨ ਹੋਣ ਸਮੇਂ ਉਸ ਨੇ ਸਰਕਾਰ ਦਾ ਇੱਕ ਕੀਮਤੀ, ਪਰ ਕਿਰਸ ਨਾਲ਼ ਜੱਥੇਬੰਦ ਕੀਤਾ ਪ੍ਰਬੰਧ ਅਤੇ ਇੱਕ ਸਧਾਰਨ ਤੌਰ ’ਤੇ ਭਰਪੂਰ ਰਾਜਕੀ ਖ਼ਜ਼ਾਨਾ ਵੇਖਿਆ। ਦੋ ਸਾਲਾਂ ਵਿੱਚ ਹਰ ਵਾਧੂ ਪੈਸਾ ਸ਼ਾਹਾਨਾ ਦਰਬਾਰਾਂ ਉੱਤੇ, ਸ਼ਾਹੀ ਤਰੱਕੀਆਂ, ਲੋੜਵੰਦਾਂ, ਬੁਰੇ ਹਾਲ ਲੋਕਾਂ ਅਤੇ ਲਾਲਚੀ ਦਰਬਾਰੀਆਂ ਆਦਿ ਦੀ ਸਹਾਇਤਾ ਉੱਤੇ ਖ਼ਰਚ ਹੋ ਗਿਆ ਅਤੇ ਬਾਕਾਇਦਾ ਪ੍ਰਾਪਤ ਹੁੰਦੇ ਟੈਕਸ ਦਰਬਾਰ ਜਾਂ ਹਕੂਮਤ ਦੀਆਂ ਅਚਨਚੇਤੀ ਲੋੜਾਂ ਲਈ ਬਿਲਕੁਲ ਕਾਫ਼ੀ ਨਹੀਂ ਸਨ ਅਤੇ ਸੋ, ਮਹਾਂ ਮਹਿਮ ਨੇ ਬਹੁਤ ਛੇਤੀ ਹੀ ਆਪਣੇ ਆਪ ਨੂੰ ਇੱਕ ਪਾਸੇ ਬਹੁਤ ਭਾਰੀ ਖ਼ਸਾਰੇ ਅਤੇ ਦੂਜੇ ਪਾਸੇ 1820 ਦੇ ਉਸ ਕਾਨੂੰਨ ਵਿਚਾਲੇ ਫਸਿਆ ਹੋਇਆ ਵੇਖਿਆ, ਜਿਸ ਕਾਨੂੰਨ ਅਧੀਨ “ਕੌਮ ਦੇ ਭਵਿੱਖੀ ਪ੍ਰਤੀਨਿਧ” ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵੀ ਨਵਾਂ ਕਰਜ਼ਾ ਜਾਂ ਟੈਕਸਾਂ ਵਿੱਚ ਕੋਈ ਵੀ ਵਾਧਾ ਗ਼ੈਰਕਾਨੂੰਨੀ ਬਣਾ ਦਿੱਤਾ ਗਿਆ ਸੀ। ਅਜਿਹਾ ਪ੍ਰਤਨਿਧ ਮੌਜੂਦ ਨਹੀਂ ਸੀ, ਨਵਾਂ ਬਾਦਸ਼ਾਹ ਅਜਿਹਾ ਪ੍ਰਤੀਨਿਧ ਸਥਾਪਤ ਕਰਨ ਬਾਰੇ ਆਪਣੇ ਪਿਉ ਨਾਲ਼ੋਂ ਵੀ ਘੱਟ ਰੁਚੀ ਰੱਖਦਾ ਸੀ ਅਤੇ ਜੇ ਉਹ ਰੱਖਦਾ ਵੀ ਤਾਂ ਜਾਣਦਾ ਸੀ ਕਿ ਜਨਤਕ ਰਾਏ ਉਸ ਦੀ ਗੱਦੀ ਨਸ਼ੀਨੀ ਦੇ ਮਗਰੋਂ ਅਚੰਭਾਜਨਕ ਹੱਦ ਤੱਕ ਤਬਦੀਲ ਹੋ ਚੁੱਕੀ ਸੀ।

ਅਸਲ ਵਿੱਚ ਮੱਧ ਸ਼੍ਰੇਣੀਆਂ, ਜਿਨ੍ਹਾਂ ਨੂੰ ਅੰਸ਼ਕ ਤੌਰ ’ਤੇ ਆਸ ਸੀ ਕਿ ਨਵਾਂ ਬਾਦਸ਼ਾਹ ਤੁਰੰਤ ਹੀ ਇੱਕ ਸੰਵਿਧਾਨ ਪ੍ਰਵਾਨ ਕਰ ਲਵੇਗਾ, ਪ੍ਰੈੱਸ ਦੀ ਆਜ਼ਾਦੀ ਦਾ ਐਲਾਨ ਕਰ ਦਏਗਾ, ਜੱਜਾਂ ਰਾਹੀਂ ਮੁਕੱਦਮਿਆਂ ਦੀ ਸੁਣਵਾਈ ਕਰਾਏਗਾ, ਆਦਿ, ਆਦਿ— ਗੱਲ ਕੀ, ਖ਼ੁਦ ਆਪ ਉਸ ਸ਼ਾਂਤਮਈ ਇਨਕਲਾਬ ਦੀ ਅਗਵਾਈ ਆਪਣੇ ਹੱਥਾਂ ਵਿੱਚ ਲੈ ਲਵੇਗਾ

ਜਿਸ ਦੀ ਉਹਨਾਂ ਨੂੰ ਰਾਜਨੀਤਕ ਉੱਚਤਮਤਾ ਪ੍ਰਾਪਤ ਕਰਨ ਲਈ ਜ਼ਰੂਰਤ ਸੀ– ਉਹਨਾਂ ਨੂੰ, ਮੱਧ ਸ਼੍ਰੇਣੀਆਂ ਨੂੰ ਆਪਣੀ ਗ਼ਲਤੀ ਦਾ ਪਤਾ ਲੱਗ ਗਿਆ ਸੀ ਅਤੇ ਉਹ ਬੜੇ ਰੋਹ ਵਿੱਚ ਬਾਦਸ਼ਾਹ ਦੇ ਵਿਰੁੱਧ ਖੜ੍ਹੀਆਂ ਹੋ ਗਈਆਂ ਸਨ ਰ੍ਹਾਈਨ ਪ੍ਰਾਂਤ ਵਿੱਚ ਅਤੇ ਵੱਧ ਜਾਂ ਘੱਟ ਸਾਰੇ ਪ੍ਰਸ਼ੀਆ ਵਿੱਚ ਉਹ ਇਤਨੇ ਰੋਹ ਵਿੱਚ ਆਈਆਂ ਕਿ ਉਹ, ਭਾਵੇਂ ਪ੍ਰੈੱਸ ਵਿੱਚ ਆਪਣੇ ਆਪ ਨੂੰ ਪੇਸ਼ ਕਰਨ ਲਈ ਉਨ੍ਹਾਂ ਕੋਲ਼ ਯੋਗ ਬੰਦਿਆਂ ਦੀ ਘਾਟ ਸੀ, ਅਤਿ ਦਰਜੇ ਦੀ ਉਸ ਦਾਰਸ਼ਨਿਕ ਪਾਰਟੀ ਨਾਲ਼ ਗੱਠਜੋੜ ਕਰਨ ਤੱਕ ਚਲੀਆਂ ਗਈਆਂ ਜਿਸ ਬਾਰੇ ਅਸੀਂ ਉੱਪਰ ਜ਼ਿਕਰ ਕਰ ਚੁੱਕੇ ਹਾਂ। ਇਸ ਗੱਠਜੋੜ ਦਾ ਫਲ ਕੋਲੋਨ ਦਾ ਰੇਹਨਿਸ਼ਟ ਗਜ਼ਟ ਸੀ, ਉਹ ਅਖ਼ਬਾਰ ਜਿਸ ਨੂੰ ਪੰਦਰਾਂ ਮਹੀਨਿਆਂ ਦੀ ਪ੍ਰਕਾਸ਼ਨਾਂ ਮਗਰੋਂ ਦਬਾ ਦਿੱਤਾ ਗਿਆ ਸੀ, ਪਰ ਜਿਸ ਤੋਂ ਜਰਮਨੀ ਵਿੱਚ ਨਿਊਜ਼ ਪੇਪਰ ਪ੍ਰੈੱਸ ਦਾ ਅਰੰਭ ਸਮਝਿਆ ਜਾ ਸਕਦਾ ਹੈ। ਇਹ 1842 ਵਿੱਚ ਵਾਪਰੀ ਗੱਲ ਸੀ।

ਵਿਚਾਰਾ ਬਾਦਸ਼ਾਹ, ਜਿਸ ਦੀਆਂ ਵਣਜੀ ਔਕੜਾਂ ਉਸ ਦੇ ਮੱਧਕਾਲੀ ਚਸਕਿਆਂ ਉੱਤੇ ਤਿੱਖਾ ਵਿਅੰਗ ਸੀ, ਛੇਤੀ ਹੀ ਜਾਣ ਗਿਆ ਕਿ ਉਹ ਉਸ "ਲੋਕਾਂ ਦੀ ਪ੍ਰਤੀਨਿੱਧਤਾ" ਲਈ ਜਨਤਕ ਚੀਕ ਚਿਹਾੜੇ ਨੂੰ ਕੁੱਝ ਕੁ ਰਿਆਇਤਾਂ ਦੇਣ ਤੋਂ ਬਿਨਾਂ ਹਕੂਮਤ ਨਹੀਂ ਕਰ ਸਕਦਾ, ਜਿਸ ਨੂੰ 1813 ਅਤੇ 1815 ਦੇ ਲੰਮੇ ਸਮੇਂ ਤੋਂ ਭੁਲਾਏ ਗਏ ਇਕਰਾਰਾਂ ਦੀ ਰਹਿੰਦ ਖੂੰਹਦ ਵਜੋਂ 1820 ਦੇ ਕਾਨੂੰਨ ਵਿੱਚ ਦਰਜ ਕੀਤਾ ਗਿਆ ਸੀ। ਉਸ ਨੂੰ ਪ੍ਰਾਂਤਕ ਵਿਧਾਨ ਸਭਾਵਾਂ ਦੀਆਂ ਸਟੈਂਡਿੰਗ ਕਮੇਟੀਆਂ ਨੂੰ ਇਕੱਠਿਆਂ ਬੁਲਾਉਣ ਵਿੱਚ ਉਸ ਕੁਵੱਲੇ ਕਾਨੂੰਨ ਨੂੰ ਸੰਤੁਸ਼ਟ ਕਰਨ ਲਈ ਕਦੀ ਵੀ ਇਤਰਾਜ਼ਯੋਗ ਗੱਲ ਨਾ ਜਾਪੀ। ਪ੍ਰਾਂਤਕ ਵਿਧਾਨਸਭਾਵਾਂ 1823 ਵਿੱਚ ਸਥਾਪਤ ਕੀਤੀਆਂ ਗਈਆਂ ਸਨ। ਉਹ, ਸਲਤਨਤ ਦੇ ਅੱਠਾਂ ਪ੍ਰਾਂਤਾਂ ਵਿੱਚੋਂ ਹਰ ਇੱਕ ਲਈ ਇਹਨਾਂ ਵਰਗਾਂ ਉੱਤੇ ਆਧਾਰਤ ਸਨ : (1) ਉਚੇਰਾ ਕੁਲੀਨ ਵਰਗ, ਜਰਮਨ ਸਲਤਨਤ ਦਾ ਸਾਬਕ ਖ਼ੁਦ ਮੁਖ਼ਤਿਆਰ ਪਰਿਵਾਰ, ਜਿਨ੍ਹਾਂ ਦੇ ਮੁਖੀ ਜਮਾਂਦਰੂ ਅਧਿਕਾਰ ਰਾਹੀਂ ਵਿਧਾਨ ਸਭਾ ਦੇ ਮੈਂਬਰ ਸਨ। (2) ਨਾਈਟਾਂ ਜਾਂ ਦਰਮਿਆਨੇ ਕੁਲੀਨ ਵਰਗ ਦੇ ਪ੍ਰਤੀਨਿੱਧ (3) ਨਗਰਾਂ ਦੇ ਪ੍ਰਤੀਨਿੱਧ ਅਤੇ (4) ਕਿਰਸਾਣੀ ਜਾਂ ਛੋਟੀ ਕਿਸਾਨ ਜਮਾਤ ਦੇ ਡਿਪਟੀ। ਇਹ ਸਭ ਕੁੱਝ ਅਜਿਹੇ ਢੰਗ ਨਾਲ਼ ਵਿਉਂਤਿਆ ਗਿਆ ਸੀ ਕਿ ਹਰ ਪ੍ਰਾਂਤ ਵਿੱਚ ਕੁਲੀਨ ਵਰਗ ਦੇ ਦੋ ਭਾਗ ਵਿਧਾਨ ਸਭਾ ਦੀ ਬਹੁਗਿਣਤੀ ਬਣਦੇ ਸਨ। ਇਹਨਾਂ ਅੱਠਾਂ ਪ੍ਰਾਂਤਕ ਵਿਧਾਨ ਸਭਾਵਾਂ ਵਿੱਚੋਂ, ਹਰ ਇੱਕ ਨੇ ਇੱਕ ਕਮੇਟੀ ਨੂੰ ਚੁਣਿਆ ਅਤੇ ਇਹਨਾਂ ਅੱਠਾਂ ਕਮੇਟੀਆਂ ਨੂੰ ਹੁਣ ਬਰਲਿਨ ਵਿੱਚ ਬੁਲਾਇਆ ਗਿਆ ਸੀ ਤਾਂ ਜੋ ਅਤਿ ਲੋੜੀਂਦੇ ਕਰਜ਼ੇ ਲਈ ਵੋਟਾਂ ਪਾਉਣ ਦੇ ਉਦੇਸ਼ ਵਾਸਤੇ ਪ੍ਰਤੀਨਿਧ ਅਸੈਂਬਲੀ ਬਣਾਈ ਜਾਵੇ। ਬਿਆਨ ਇਹ ਦਿੱਤਾ ਗਿਆ ਕਿ ਖ਼ਜ਼ਾਨਾ ਭਰਪੂਰ ਹੈ ਅਤੇ ਕਰਜ਼ਾ ਵਰਤਮਾਨ ਲੋੜਾਂ ਲਈ ਨਹੀਂ ਸਗੋਂ ਸਟੇਟ ਰੇਲਵੇ ਦੀ ਉਸਾਰੀ ਲਈ ਚਾਹੀਦਾ ਹੈ। ਪਰ **ਸੰਗਠਤ ਕਮੇਟੀਆਂ** ਨੇ ਬਾਦਸ਼ਾਹ ਨੂੰ ਸਾਫ਼ ਇਨਕਾਰ ਕਰ ਦਿੱਤਾ ਅਤੇ ਐਲਾਨ ਕੀਤਾ ਕਿ ਉਹ ਕੌਮ ਦੇ ਪ੍ਰਤੀਨਿਧਾਂ ਵਜੋਂ ਅਮਲ ਕਰਨ ਦੇ ਅਯੋਗ ਹਨ ਅਤੇ ਉਸ ਦੀ ਬਹੁਗਿਣਤੀ ਨੇ ਪ੍ਰਤੀਨਿਧ ਸੰਵਿਧਾਨ ਦਾ ਉਹ ਇਕਰਾਰ ਪੂਰਾ ਕਰਨ ਦੀ ਮੰਗ ਕੀਤੀ ਜਿਹੜਾ ਉਸ ਦੇ ਪਿਉ ਨੇ ਉਦੋਂ ਕੀਤਾ ਸੀ ਜਦੋਂ ਉਸ ਨੂੰ ਨੈਪੋਲੀਅਨ

ਦੇ ਵਿਰੁੱਧ ਲੋਕਾਂ ਦੀ ਮਦਦ ਦੀ ਜ਼ਰੂਰਤ ਸੀ।

ਸੰਗਠਤ ਕਮੇਟੀਆਂ ਦੀ ਬੈਠਕ ਨੇ ਇਹ ਸਿੱਧ ਕੀਤਾ ਕਿ ਅਪੋਜ਼ੀਸ਼ਨ ਦੀ ਭਾਵਨਾ ਹੁਣ ਬੁਰਜੂਆਜ਼ੀ ਤੱਕ ਸੀਮਤ ਨਹੀਂ ਰਹੀ। ਕਿਰਸਾਣੀ ਦਾ ਉਹ ਭਾਗ ਜਿਹੜਾ ਉਹਨਾਂ ਵਿੱਚ ਸ਼ਾਮਲ ਹੋ ਗਿਆ ਸੀ ਅਤੇ ਆਪਣੀ ਜਾਇਦਾਦ ਉੱਤੇ ਆਪ ਵੱਡੇ ਕਾਸ਼ਤਕਾਰ ਹੁੰਦਿਆਂ ਕਈ ਰਾਈਸ ਅਤੇ ਅਨਾਜ, ਉੱਨ, ਪਟਸਨ ਤੇ ਤੇਜ਼ ਸ਼ਰਾਬ ਦੇ ਵਪਾਰੀ ਜਿਹੜੇ ਬੇਲਗਾਮ ਸਾਸ਼ਨਵਾਦ, ਨੌਕਰਸ਼ਾਹੀ ਅਤੇ ਜਗੀਰੂ ਬਹਾਲੀ ਦੇ ਵਿਰੁੱਧ ਉਹੋ ਜ਼ਾਮਨੀਆਂ ਚਾਹੁੰਦੇ ਸਨ, ਇਹਨਾਂ ਸਾਰਿਆਂ ਨੇ ਵੀ ਸਰਕਾਰ ਦੀ ਵਿਰੋਧਤਾ ਦਾ ਅਤੇ ਇੱਕ ਪ੍ਰਤੀਨਿਧ ਸੰਵਿਧਾਨ ਦੇ ਹੱਕ ਵਿੱਚ ਐਲਾਨ ਕੀਤਾ, ਬਾਦਸ਼ਾਹ ਦੀ ਯੋਜਨਾ ਬੁਰੀ ਤਰ੍ਹਾਂ ਅਸਫਲ ਹੋ ਗਈ, ਉਸ ਨੂੰ ਕੋਈ ਪੈਸਾ ਪ੍ਰਾਪਤ ਨਾ ਹੋਇਆ ਅਤੇ ਇਸ ਨੇ ਅਪੋਜ਼ੀਸ਼ਨ ਦੀ ਤਾਕਤ ਵਧਾ ਦਿੱਤੀ। ਇਸ ਦੇ ਫਲਸਰੂਪ ਪ੍ਰਾਂਤਕ ਵਿਧਾਨ ਸਭਾਵਾਂ ਦੀ ਬੈਠਕ ਵੀ ਬਾਦਸ਼ਾਹ ਲਈ ਵਧੇਰੇ ਮੰਦਭਾਗੀ ਸੀ। ਉਹਨਾਂ ਸਾਰਿਆਂ ਨੇ ਸੁਧਾਰਾਂ ਦੀ, 1813 ਤੇ 1815 ਦੇ ਇਕਰਾਰਾਂ ਦੀ ਪੂਰਤੀ ਦੀ, ਸੰਵਿਧਾਨ ਤੇ ਆਜ਼ਾਦ ਪ੍ਰੈੱਸ ਦੀ ਮੰਗ ਕੀਤੀ, ਇਸ ਕੰਮ ਲਈ, ਕਈ ਮਤਿਆਂ ਦੀ ਸ਼ਬਦਾਵਲੀ ਵੀ ਅਪਮਾਨਜਨਕ ਸੀ ਅਤੇ ਖਿਝੇ ਤੇ ਚਿੜ੍ਹੇ ਹੋਏ ਬਾਦਸ਼ਾਹ ਦੇ ਅੜਬੰਗ ਜਵਾਬਾਂ ਨੇ ਹਾਲਤ ਨੂੰ ਹੋਰ ਵੀ ਵਿਗਾੜ ਦਿੱਤਾ।

ਇਸੇ ਸਮੇਂ ਦੌਰਾਨ ਸਰਕਾਰ ਦੀਆਂ ਮਾਲੀ ਔਕੜਾਂ ਵੱਧਦੀਆਂ ਗਈਆਂ। ਵੱਖ ਵੱਖ ਜਨਤਕ ਸੇਵਾਵਾਂ ਲਈ ਨਿਸ਼ਚਿਤ ਪੈਸਿਆਂ ਵਿੱਚ, Seehandlung ਦੇ, ਜੋ ਰਾਜ ਦੀ ਜ਼ਿੰਮੇਵਾਰੀ ਉੱਤੇ ਸੱਟਾ ਤੇ ਤਜਾਰਤ ਕਰਨ ਲਈ ਇੱਕ ਵਪਾਰਕ ਸਥਾਪਨਾ ਸੀ ਅਤੇ ਲੰਮੇ ਸਮੇਂ ਤੋਂ ਉਸ ਦੇ ਆੜ੍ਹਤੀ ਵਜੋਂ ਕੰਮ ਕਰਦੀ ਆ ਰਹੀ ਸੀ, ਧੋਖੇ ਵਾਲ਼ੇ ਲੈਣ ਦੇਣ ਵਿੱਚ ਕੀਤੀਆਂ ਗਈਆਂ ਕਟੌਤੀਆਂ ਨੇ ਕੁੱਝ ਸਮੇਂ ਲਈ ਬੁੱਤਾ ਸਾਰਿਆ, ਵਧੇਰੇ ਰਾਜਕੀ ਕਾਗਜ਼ੀ ਮੁਦਰਾ ਜਾਰੀ ਕਰਨ ਨਾਲ਼ ਕੁੱਝ ਕੰਮ ਸਾਰੇ ਗਏ ਅਤੇ ਇਸ ਸਭ ਕੁੱਝ ਬਾਰੇ ਭੇਦ ਚੰਗੀ ਤਰ੍ਹਾਂ ਬਣਾਈ ਰੱਖਿਆ। ਪਰ ਇਹ ਸਾਰੇ ਹੀਲੇ ਛੇਤੀ ਹੀ ਨਿਖੁਟ ਗਏ। ਇੱਕ ਹੋਰ ਵਿਉਂਤ ਉੱਤੇ ਅਮਲ ਕਰਨ ਦਾ ਯਤਨ ਕੀਤਾ ਗਿਆ; ਇੱਕ ਬੈਂਕ ਸਥਾਪਤ ਕੀਤਾ ਗਿਆ ਜਿਸ ਲਈ ਕੁੱਝ ਸਰਮਾਇਆ ਰਾਜ ਨੇ ਤੇ ਕੁੱਝ ਵਿਅਕਤੀਗਤ ਹਿੱਸੇਦਾਰਾਂ ਨੇ ਲਾਉਣਾ ਸੀ। ਇਸ ਦਾ ਮੁੱਖ ਨਿਰਦੇਸ਼ਨ ਰਾਜ ਦੇ ਹੱਥ ਵਿੱਚ ਇਸ ਤਰ੍ਹਾਂ ਹੋਣਾ ਸੀ ਕਿ ਸਰਕਾਰ ਇਸ ਬੈਂਕ ਵਿੱਚੋਂ ਵੱਡੀ ਮਾਤਰਾ ਵਿੱਚ ਪੈਸਾ ਕਢਾ ਸਕੇ ਅਤੇ ਇਸ ਤਰ੍ਹਾਂ ਮੁੜ ਕੇ ਧੋਖੇ ਵਾਲ਼ਾ ਲੈਣ ਦੇਣ ਦਹੁਰਾਇਆ ਜਾਵੇ ਜਿਹੜਾ ਪਹਿਲਾਂ Seehandlung ਤੋਂ ਨਹੀਂ ਸੀ ਹੋ ਸਕਿਆ। ਪਰ ਅਸਲੀਅਤ ਇਹ ਸੀ ਕਿ ਅਜਿਹੇ ਕੋਈ ਸਰਮਾਏਦਾਰ ਨਹੀਂ ਸਨ ਜਿਹੜੇ ਅਜਿਹੀਆਂ ਸ਼ਰਤਾਂ ਉੱਤੇ ਪੈਸਾ ਹਵਾਲੇ ਕਰਨ ਲਈ ਤਿਆਰ ਹੁੰਦੇ; ਕਿਸੇ ਵੀ ਹਿੱਸੇ ਦੀ ਖ਼ਰੀਦਦਾਰੀ ਤੋਂ ਪਹਿਲਾਂ ਬੈਂਕ ਦੀ ਹੈਸੀਅਤ ਬਦਲਣੀ ਪੈਣੀ ਸੀ ਅਤੇ ਹਿੱਸੇਦਾਰਾਂ ਦੀ ਸੰਪੱਤੀ ਉੱਤੇ ਖ਼ਜ਼ਾਨੇ ਵੱਲੋਂ ਛਾਪਾ ਨਾ ਮਾਰੇ ਜਾਣ ਦੀ ਜ਼ਾਮਨੀ ਦੇਣੀ ਪੈਣੀ ਸੀ। ਸੋ ਇਸ ਯੋਜਨਾ ਦੇ ਅਸਫਲ ਹੋਣ ਮਗਰੋਂ ਕਰਜ਼ਾ ਲੈਣ ਦਾ ਯਤਨ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ— ਜੇ ਅਜਿਹੇ ਸਰਮਾਏਦਾਰ ਲੱਭੇ ਜਾ ਸਕਣ ਜਿਹੜੇ ਉਸ ਅਸਪੱਸ਼ਟ ਤੇ ਗੁੱਝੇ ਕੌਮ ਦੇ "ਭਵਿੱਖੀ ਪ੍ਰਤੀਨਿੱਧ" ਦੀ ਆਗਿਆ

ਤੇ ਜ਼ਾਮਨੀ ਪ੍ਰਾਪਤ ਕੀਤੇ ਬਿਨਾਂ ਆਪਣਾ ਨਕਦ ਪੈਸਾ ਹੁਦਾਰ ਦੇ ਦੇਣ। ਰੂਥਸਚਾਈਲਡ ਨੂੰ ਵੀ ਬੇਨਤੀ ਕੀਤੀ ਗਈ ਅਤੇ ਉਸ ਨੇ ਐਲਾਨ ਕੀਤਾ ਕਿ ਜੇ ਇਸ "ਕੌਮ ਦੀ ਪ੍ਰਤੀਨਿਧ" ਵੱਲੋਂ ਕਰਜ਼ੇ ਦੀ ਜ਼ਾਮਨੀ ਦਿੱਤੀ ਜਾਵੇ ਤਾਂ ਉਹ ਇੱਕ ਛਿਣ ਵਿੱਚ ਦੇਣ ਲਈ ਤਿਆਰ ਹੈ, ਜੇ ਜ਼ਾਮਨੀ ਨਹੀਂ ਦਿੱਤੀ ਜਾਂਦੀ ਤਾਂ ਉਹ ਕੁੱਝ ਵੀ ਨਹੀਂ ਦੇ ਸਕਦਾ।

ਸੋ, ਪੈਸਾ ਪ੍ਰਾਪਤ ਕਰਨ ਦੀ ਹਰ ਆਸ ਅਲੋਪ ਹੋ ਗਈ ਅਤੇ ਘਾਤਕ "ਕੌਮ ਦੇ ਪ੍ਰਤੀਨਿਧ" ਤੋਂ ਬਚਣ ਦੀ ਕੋਈ ਸੰਭਾਵਨਾ ਨਹੀਂ ਸੀ। ਰੂਥਸਚਾਈਲਡ ਵੱਲੋਂ ਇਨਕਾਰ ਦਾ ਪਤਾ 1846 ਦੀ ਪੱਤਝੜ ਵਿੱਚ ਲੱਗਾ ਅਤੇ ਅਗਲੇ ਸਾਲ ਦੀ ਫ਼ਰਵਰੀ ਵਿੱਚ ਬਾਦਸ਼ਾਹ ਨੇ ਅੱਠ ਦੀਆਂ ਅੱਠ ਵਿਧਾਨ ਸਭਾਵਾਂ ਨੂੰ ਇਕੱਠਿਆਂ ਬਰਲਿਨ ਵਿੱਚ ਬੁਲਾ ਲਿਆ ਤਾਂ ਜੋ ਉਹਨਾਂ ਦੀ ਇੱਕ "**ਸੰਗਠਿਤ ਪਾਰਲੀਮੈਂਟ**" ਬਣਾਈ ਜਾਵੇ। ਇਸ ਪਾਰਲੀਮੈਂਟ ਨੇ, ਜ਼ਰੂਰਤ ਦੇ ਸਮੇਂ, 1820 ਦੇ ਕਾਨੂੰਨ ਰਾਹੀਂ ਲੋੜੀਂਦਾ ਕੰਮ ਕਰਨਾ ਸੀ; ਇਸ ਨੇ ਕਰਜ਼ੇ ਦੀ ਮਨਜ਼ੂਰੀ ਦੇਣੀ ਸੀ ਤੇ ਟੈਕਸ ਵਧਾਉਣੇ ਸਨ, ਪਰ ਇਸ ਤੋਂ ਅੱਗੇ ਇਸ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸਨ ਹੋਣੇ। ਆਮ ਵਿਧਾਨਕਾਰੀ ਬਾਰੇ ਇਸ ਦੀ ਆਵਾਜ਼ ਮਹਿਜ਼ ਇੱਕ ਸਲਾਹ ਦੇਣ ਵਾਲੀ ਹੋਣੀ ਸੀ; ਇਸ ਨੇ ਨਿਸਚਿਤ ਸਮਿਆਂ ਉੱਤੇ ਨਹੀਂ ਸਗੋਂ ਜਦੋਂ ਬਾਦਸ਼ਾਹ ਚਾਹੁੰਦਾ ਉਦੋਂ ਜੁੜਨਾ ਸੀ ਅਤੇ ਜੋ ਕੁੱਝ ਸਰਕਾਰ ਵੱਲੋਂ ਆਪਣੀ ਮਰਜ਼ੀ ਨਾਲ਼ ਰੱਖਿਆ ਜਾਣਾ ਸੀ, ਉਸੇ ਉੱਤੇ ਹੀ ਵਿਚਾਰ ਕਰਨੀ ਸੀ। ਨਿਰਸੰਦੇਹ, ਮੈਂਬਰ, ਜੋ ਕੁੱਝ ਉਹਨਾਂ ਤੋਂ ਕਰਾਇਆ ਜਾਣਾ ਸੀ ਉਸ ਤੋਂ ਬਹੁਤ ਹੀ ਘੱਟ ਸੰਤੁਸ਼ਟ ਸਨ। ਉਹਨਾਂ ਆਪਣੀਆਂ ਉਹ ਖ਼ਾਹਸ਼ਾਂ ਦੁਹਰਾਈਆਂ ਜਿਨ੍ਹਾਂ ਦਾ ਉਹਨਾਂ ਨੇ ਉਦੋਂ ਐਲਾਨ ਕੀਤਾ ਸੀ ਜਦੋਂ ਉਹ ਪ੍ਰਾਂਤਕ ਵਿਧਾਨ ਸਭਾਵਾਂ ਵਿੱਚ ਜੁੜ ਬੈਠੇ ਸਨ; ਸਰਕਾਰ ਤੇ ਉਹਨਾਂ ਵਿਚਾਲੇ ਸੰਬੰਧ ਛੇਤੀ ਹੀ ਖਰ੍ਹਵੇ ਹੋ ਗਏ ਅਤੇ ਜਦੋਂ ਕਰਜ਼ੇ ਦੀ, ਜਿਸ ਬਾਰੇ ਮੁੜ ਆਖਿਆ ਗਿਆ ਕਿ ਰੇਲਵੇ ਦੀ ਉਸਾਰੀ ਲਈ ਚਾਹੀਦਾ ਹੈ, ਉਹਨਾਂ ਤੋਂ ਪ੍ਰਵਾਨਗੀ ਦੀ ਮੰਗ ਕੀਤੀ ਗਈ, ਤਾਂ ਉਹਨਾਂ ਨੇ ਮੁੜ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ।

ਛੇਤੀ ਹੀ ਇਸ ਵੋਟ ਨੇ ਉਹਨਾਂ ਦੀ ਬੈਠਕ ਸਮਾਪਤ ਕਰ ਦਿੱਤੀ। ਬਾਦਸ਼ਾਹ ਨੇ ਜੋ ਵਧੇਰੇ ਤੋਂ ਵਧੇਰੇ ਖਿੱਝਦਾ ਜਾ ਰਿਹਾ ਸੀ, ਇੱਕ ਹੁਕਮ ਰਾਹੀਂ ਉਸ ਨੂੰ ਬਰਖ਼ਾਸਤ ਕਰ ਦਿੱਤਾ, ਪਰ ਪੈਸਾ ਫਿਰ ਵੀ ਉਸ ਦੇ ਹੱਥ ਨਾ ਆਇਆ ਅਤੇ, ਨਿਰਸੰਦੇਹ, ਉਸ ਕੋਲ਼ ਆਪਣੀ ਇਸ ਸਥਿਤੀ ਤੋਂ ਚਿੰਤਤ ਹੋਣ ਦਾ ਹਰ ਕਾਰਨ ਮੌਜੂਦ ਸੀ। ਉਹ ਵੇਖ ਰਿਹਾ ਸੀ ਕਿ ਮੱਧ ਸ਼੍ਰੇਣੀਆਂ ਦੀ ਸਰਦਾਰੀ ਹੇਠਲੀ ਲਿਬਰਲ ਲੀਗ, ਜਿਸ ਵਿੱਚ ਹੇਠਲੇ ਕੁਲੀਨ ਵਰਗ ਦਾ ਇੱਕ ਵੱਡਾ ਭਾਗ ਅਤੇ ਉਹ ਸਾਰੇ ਅਸੰਤੁਸ਼ਟ ਲੋਕ, ਜਿਹੜੇ ਹੇਠਲੀਆਂ ਸਫ਼ਾਂ ਦੇ ਵੱਖ ਵੱਖ ਭਾਗਾਂ ਵਿੱਚ ਇਕੱਤਰ ਹੋ ਗਏ ਸਨ, ਸ਼ਾਮਲ ਸਨ— ਜੋ ਕੁੱਝ ਚਾਹੁੰਦੀ ਸੀ ਪ੍ਰਾਪਤ ਕਰਨ ਲਈ ਦ੍ਰਿੜ ਸੀ। ਘੁਮੰਡ ਵਿੱਚ ਆਏ ਬਾਦਸ਼ਾਹ ਨੇ ਆਪਣੇ ਅਰੰਭਕ ਭਾਸ਼ਣ ਵਿੱਚ ਐਲਾਨ ਕੀਤਾ ਸੀ ਕਿ ਉਹ ਆਧੁਨਿਕ ਅਰਥਾਂ ਵਿੱਚ ਸੰਵਿਧਾਨ ਦੀ ਕਦੇ ਵੀ ਪ੍ਰਵਾਨਗੀ ਨਹੀਂ ਦੇਵੇਗਾ; ਲਿਬਰਲ ਲੀਗ ਨੇ ਇੱਕ ਆਧੁਨਿਕ ਜਾਗੀਰਦਾਰ-ਵਿਰੋਧੀ, ਪ੍ਰਤੀਨਿੱਧ ਸੰਵਿਧਾਨ ਉੱਤੇ ਜ਼ੋਰ ਦਿੱਤਾ ਜਿਸ ਵਿੱਚ ਪ੍ਰੈੱਸ ਦੀ ਆਜ਼ਾਦੀ, ਜੱਜਾਂ ਰਾਹੀਂ ਮੁਕੱਦਮਿਆਂ ਦੀ ਸੁਣਵਾਈ, ਆਦਿ, ਸ਼ਾਮਲ

ਹੋਣ ਅਤੇ ਜਦੋਂ ਤੱਕ ਉਹ ਇਹ ਕੁੱਝ ਪ੍ਰਾਪਤ ਨਹੀਂ ਕਰ ਲੈਂਦੇ ਉਹ ਇੱਕ ਪੈਸੇ ਦੀ ਪ੍ਰਵਾਨਗੀ ਨਹੀਂ ਦੇਣਗੇ। ਇੱਕ ਗੱਲ ਬਿਲਕੁਲ ਪ੍ਰਤੱਖ ਸੀ; ਕਿ ਮਾਮਲਾ ਇਸ ਤਰ੍ਹਾਂ ਬਹੁਤਾ ਸਮਾਂ ਨਹੀਂ ਸੀ ਲਮਕਾਇਆ ਜਾ ਸਕਦਾ, ਦੋਹਾਂ ਵਿੱਚੋਂ ਇੱਕ ਧਿਰ ਨੂੰ ਹਾਰ ਮੰਨਣੀ ਪੈਣੀ ਸੀ ਜਾਂ ਇੱਕ ਟੱਕਰ, ਇੱਕ ਖ਼ੂਨੀ ਜੱਦੋਜਹਿਦ ਅਵੱਸ਼ ਸੀ ਅਤੇ ਮੱਧ ਸ਼੍ਰੇਣੀਆਂ ਜਾਣਦੀਆਂ ਸਨ ਕਿ ਉਹ ਇਨਕਲਾਬ ਦੀਆਂ ਬਰੂਹਾਂ 'ਤੇ ਸਨ ਅਤੇ ਉਹਨਾਂ ਨੇ ਇਸ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ। ਉਹਨਾਂ ਨੇ ਹਰ ਸੰਭਵ ਢੰਗ ਨਾਲ਼ ਨਗਰਾਂ ਦੀ ਮਜ਼ਦੂਰ ਜਮਾਤ ਦੀ ਅਤੇ ਜ਼ਰਾਇਤੀ ਇਲਾਕਿਆਂ ਵਿੱਚ ਕਿਰਸਾਨੀ ਦੀ ਹਿਮਾਇਤ ਪ੍ਰਾਪਤ ਕਰਨ ਦਾ ਯਤਨ ਕੀਤਾ ਅਤੇ ਇਹ ਗੱਲ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ ਕਿ 1847 ਦੇ ਅੰਤ ਵਿੱਚ ਬੁਰਜੂਆਜ਼ੀ ਵਿੱਚ ਮੁਸ਼ਕਲ ਨਾਲ਼ ਹੀ ਕੋਈ ਵਿਅਕਤੀ ਸੀ ਜਿਸ ਨੇ ਆਪਣੇ ਲਈ ਪ੍ਰੋਲਤਾਰੀ ਜਮਾਤ ਦੀਆਂ ਹਮਦਰਦੀਆਂ ਯਕੀਨੀ ਬਣਾਉਣ ਲਈ ਆਪਣੇ ਆਪ ਨੂੰ "ਸੋਸ਼ਲਿਸਟ" ਨਹੀਂ ਸੀ ਐਲਾਨਿਆ। ਸਹਿਜੇ ਸਹਿਜੇ ਅਸੀਂ ਇਹਨਾਂ "ਸੋਸ਼ਲਿਸਟਾਂ" ਦੇ ਕਾਰਿਆਂ ਨੂੰ ਵਾਚਾਂਗੇ।

ਸੋਸ਼ਲਿਜ਼ਮ ਦੀ ਘੱਟੋ ਘੱਟ ਬਾਹਰਲੀ ਦਿੱਖ ਅਪਣਾਉਣ ਬਾਰੇ ਆਗੂ ਬੁਰਜੂਆਜ਼ੀ ਦੀ ਇਸ ਉਤਸੁਕਤਾ ਦਾ ਕਾਰਨ ਉਹ ਭਾਰੀ ਤਬਦੀਲੀ ਸੀ ਜਿਹੜੀ ਜਰਮਨੀ ਦੀਆਂ ਕਿਰਤੀ ਜਮਾਤਾਂ ਵਿੱਚ ਆ ਗਈ ਸੀ। 1840 ਤੋਂ ਹੀ ਉੱਥੇ ਜਰਮਨ ਕਿਰਤੀਆਂ ਦਾ ਇੱਕ ਅਜਿਹਾ ਭਾਗ ਸੀ, ਜਿਹੜਾ ਫ਼ਰਾਂਸ ਤੇ ਸਵਿਟਜ਼ਰਲੈਂਡ ਵਿੱਚ ਘੁੰਮਿਆ ਸੀ ਅਤੇ ਜਿਨ੍ਹਾਂ ਨੇ ਉਹ ਅਨਘੜ੍ਹ ਸੋਸ਼ਲਿਸਟ ਤੇ ਕਮਿਊਨਿਸਟ ਰੁਚੀਆਂ ਘੱਟ ਜਾਂ ਵੱਧ ਗ੍ਰਹਿਣ ਕਰ ਲਈਆਂ ਸਨ ਜੋ ਉਸ ਸਮੇਂ ਫ਼ਰਾਂਸੀਸੀ ਕਿਰਤੀਆਂ ਵਿੱਚ ਮੌਜੂਦ ਸਨ। ਫ਼ਰਾਂਸ ਵਿੱਚ ਮੌਜੂਦ ਵਰਗੇ ਵਿਚਾਰਾਂ ਵੱਲ, 1840 ਤੋਂ, ਨਿੱਤ ਵੱਧਦੇ ਧਿਆਨ ਨੇ ਜਰਮਨੀ ਵਿੱਚ ਵੀ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਨੂੰ ਇੱਕ ਫੈਸ਼ਨ ਬਣਾ ਦਿੱਤਾ ਅਤੇ 1843 ਤੋਂ ਤਾਂ ਸਾਰੀਆਂ ਅਖ਼ਬਾਰਾਂ ਵਿੱਚ ਸਮਾਜਕ ਸੁਆਲਾਂ ਬਾਰੇ ਚਰਚਾ ਹੋਣੀ ਸ਼ੁਰੂ ਹੋ ਗਈ। ਬਹੁਤ ਹੀ ਛੇਤੀ ਸੋਸ਼ਲਿਸਟਾਂ ਦਾ ਇੱਕ ਸਕੂਲ ਜਰਮਨੀ ਵਿੱਚ ਵੀ ਸਥਾਪਤ ਹੋ ਗਿਆ, ਜੋ ਆਪਣੇ ਵਿਚਾਰਾਂ ਦੀ ਨਵੀਨਤਾ ਨਾਲ਼ੋਂ ਧੁੰਦਲੇਪਣ ਦੇ ਕਾਰਨ ਵਧੇਰੇ ਵਿਲੱਖਣ ਸੀ; ਇਸ ਦੇ ਮੁੱਖ ਯਤਨ ਫ਼ਰਾਂਸੀਸੀ ਸੋਸ਼ਲਿਸਟ ਚਾਰਲਸ ਫੂਰੀਅਰ, ਸੇਂਟ-ਸਾਈਮਨ ਦੇ ਅਤੇ ਹੋਰ ਸਿਧਾਂਤਾਂ ਨੂੰ **ਜਰਮਨ ਦਰਸ਼ਨ** ਦੀ ਔਖੀ ਭਾਸ਼ਾ ਵਿੱਚ ਅਨੁਵਾਦ ਕਰਾਉਣ ਤੱਕ ਸੀਮਤ ਸਨ। ਜਰਮਨ ਕਮਿਊਨਿਸਟ ਸਕੂਲ ਜੋ ਇਸ ਫਿਰਕੇ ਨਾਲ਼ੋਂ ਬਿਲਕੁੱਲ ਵੱਖਰਾ ਸੀ, ਲਗਭਗ ਇਸੇ ਸਮੇਂ ਸਥਾਪਤ ਕੀਤਾ ਗਿਆ ਸੀ।

ਪਰਾਗ ਵਿੱਚ ਕੱਪੜਾ ਛਾਪਣ ਵਾਲ਼ਿਆਂ ਦੀ ਬਗ਼ਾਵਤ ਦੇ ਮਗਰੋਂ 1844 ਵਿੱਚ ਉੱਥੇ ਸਿਲੇਸੀਆ ਦੇ ਬੁਣਕਰਾਂ ਦੇ ਫ਼ਸਾਦ ਹੋ ਪਏ। ਇਹਨਾਂ ਫ਼ਸਾਦਾਂ ਨੂੰ ਜ਼ਾਲਮਾਨਾ ਢੰਗ ਨਾਲ਼ ਦਬਾ ਦਿੱਤਾ ਗਿਆ। ਇਹ ਫ਼ਸਾਦ ਕਿਰਤੀਆਂ ਦੇ ਸਨ, ਜੋ ਸਰਕਾਰ ਦੇ ਨਹੀਂ ਸਗੋਂ ਉਹਨਾਂ ਦੇ ਮਾਲਕਾਂ ਦੇ ਵਿਰੁੱਧ ਸਨ। ਉਹਨਾਂ ਫ਼ਸਾਦਾਂ ਨੇ ਇੱਕ ਡੂੰਘੀ ਉਤੇਜਨਾ ਪੈਦਾ ਕਰ ਦਿੱਤੀ ਅਤੇ ਕਿਰਤੀ ਲੋਕਾਂ ਵਿਚਾਲੇ ਸੋਸ਼ਲਿਸਟ ਤੇ ਕਮਿਊਨਿਸਟ ਪ੍ਰਚਾਰ ਨੂੰ ਇੱਕ ਨਵਾਂ ਉਤਸ਼ਾਹ ਮਿਲ਼ਿਆ। ਨਾਲ਼ ਦੀ ਨਾਲ਼ 1847 ਵਿੱਚ ਰੋਟੀ ਲਈ ਫ਼ਸਾਦਾਂ ਨੇ ਵੀ ਇਹੋ ਕੁੱਝ ਕੀਤਾ। ਮੁੱਕਦੀ ਗੱਲ, ਜਿਸ ਤਰ੍ਹਾਂ ਸੰਵਿਧਾਨਕ ਆਪੋਜ਼ੀਸ਼ਨ ਨੇ ਆਪਣੇ ਝੰਡੇ ਦੁਆਲ਼ੇ

ਅਮੀਰ ਜਮਾਤਾਂ ਦਾ (ਵੱਡੇ ਜਾਗੀਰਦਾਰਾਂ ਨੂੰ ਛੱਡ ਕੇ) ਇੱਕ ਵੱਡਾ ਭਾਗ ਇਕੱਠਾ ਕਰ ਲਿਆ ਸੀ, ਸੋ ਵੱਡੇ ਨਗਰਾਂ ਦੀਆਂ ਕਿਰਤੀ ਜਮਾਤਾਂ ਨੇ ਆਪਣੀ ਬੰਦਖ਼ਲਾਸੀ ਲਈ ਸੋਸ਼ਲਿਸਟ ਤੇ ਕਮਿਊਨਿਸਟ ਸਿਧਾਂਤਾਂ ਵੱਲ ਤੱਕਿਆ, ਭਾਵੇਂ, ਉਸ ਸਮੇਂ ਮੌਜੂਦ ਪ੍ਰੈੱਸ ਕਾਨੂੰਨਾਂ ਅਧੀਨ ਉਹ ਉਹਨਾਂ ਸਿਧਾਂਤਾਂ ਬਾਰੇ ਬਹੁਤ ਹੀ ਘੱਟ ਜਾਣ ਸਕਦੀਆਂ ਸਨ। ਜੋ ਕੁੱਝ ਉਹ ਚਾਹੁੰਦੀਆਂ ਸਨ ਉਸ ਬਾਰੇ ਐਨ ਨਿਸ਼ਚਿਤ ਵਿਚਾਰ ਰੱਖਣ ਦੀ ਉਹਨਾਂ ਤੋਂ ਆਸ ਨਹੀਂ ਸੀ ਰੱਖੀ ਜਾ ਸਕਦੀ– ਉਹ ਕੇਵਲ ਇਹੋ ਜਾਣਦੀਆਂ ਸਨ ਕਿ ਸੰਵਿਧਾਨਕ ਬੁਰਜੂਆਜ਼ੀ ਦੇ ਪ੍ਰੋਗਰਾਮ ਵਿੱਚ ਉਹ ਕੁੱਝ ਨਹੀਂ ਜੋ ਕੁੱਝ ਉਹ ਚਾਹੁੰਦੀਆਂ ਸਨ ਅਤੇ ਕਿ ਉਹਨਾਂ ਦੀਆਂ ਜ਼ਰੂਰਤਾਂ ਵਿਚਾਰਾਂ ਦੇ ਸੰਵਿਧਾਨਕ ਹਲਕੇ ਵਿੱਚ ਚੰਗੀ ਤਰ੍ਹਾਂ ਸ਼ਾਮਲ ਨਹੀਂ।

ਉਸ ਸਮੇਂ ਜਰਮਨੀ ਵਿੱਚ ਕੋਈ ਵੱਖਰੀ ਰੀਪਬਲਿਕਨ ਪਾਰਟੀ ਨਹੀਂ ਸੀ। ਲੋਕ ਜਾਂ ਤਾਂ ਸੰਵਿਧਾਨਕ ਸ਼ਹਿਨਸ਼ਾਹਪ੍ਰਸਤ ਸਨ ਜਾਂ ਘੱਟ ਜਾਂ ਵੱਧ ਸਪੱਸ਼ਟ ਵਿਚਾਰਾਂ ਵਾਲ਼ੇ ਸੋਸ਼ਲਿਸਟ ਜਾਂ ਕਮਿਊਨਿਸਟ ਸਨ।

ਅਜਿਹੇ ਅੰਸ਼ਾਂ ਦੇ ਹੁੰਦਿਆਂ ਇੱਕ ਨਿੱਕਾ ਜਿਹਾ ਟਕਰਾਅ ਜ਼ਰੂਰ ਹੀ ਇੱਕ ਬਹੁਤ ਭਾਰੀ ਇਨਕਲਾਬ ਲਿਆ ਸਕਦਾ ਹੈ। ਜਦ ਕਿ ਉਚੇਰੇ ਕੁਲੀਨ ਵਰਗ ਅਤੇ ਪੁਰਾਣੇ ਅਸੈਨਿਕ ਤੇ ਫ਼ੌਜੀ ਅਫ਼ਸਰ ਹੀ ਮੌਜੂਦਾ ਪ੍ਰਬੰਧ ਦੇ ਕੇਵਲ ਚੇਤਨ ਹਮਾਇਤੀ ਸੀ; ਜਦ ਕਿ ਹੇਠਲੇ ਦਰਜੇ ਦਾ ਕੁਲੀਨ ਵਰਗ, ਵਪਾਰੀ ਮੱਧ ਸ਼੍ਰੇਣੀਆਂ, ਵਿਸ਼ਵ ਵਿਦਿਆਲੇ, ਹਰ ਪੱਧਰ ਦੇ ਸਕੂਲ ਮਾਸਟਰ, ਇੱਥੋਂ ਤੱਕ ਕਿ ਨੌਕਰਸ਼ਾਹੀ ਤੇ ਫ਼ੌਜੀ ਅਫ਼ਸਰਾਂ ਦੀਆਂ ਹੇਠਲੀਆਂ ਸਫ਼ਾਂ ਦਾ ਇੱਕ ਭਾਗ ਸਾਰੇ ਹੀ ਸਰਕਾਰ ਦੇ ਵਿਰੁੱਧ ਸਨ; ਜਦ ਕਿ ਇਹਨਾਂ ਦੇ ਮਗਰ ਕਿਰਸਾਣੀ ਦੇ ਅਤੇ ਵੱਡੇ ਨਗਰਾਂ ਦੇ ਪ੍ਰੋਲਤਾਰੀਆ ਦੇ ਅਸੰਤੁਸ਼ਟ ਸਮੂਹ ਖਲੋਤੇ ਸਨ, ਜੋ ਹਾਲ ਦੀ ਘੜੀ ਉਦਾਰਵਾਦੀ ਆਪੋਜ਼ੀਸ਼ਨ ਦੀ ਹਿਮਾਇਤ ਕਰ ਰਹੇ ਸਨ, ਪਰ ਆਪਣੇ ਹੱਥਾਂ ਵਿੱਚ ਤਾਕਤ ਲੈਣ ਬਾਰੇ ਅਜੀਬ ਗੱਲਾਂ ਮੂੰਹੋਂ ਕੱਢ ਵੀ ਰਹੇ ਸਨ; ਜਦ ਕਿ ਬੁਰਜੂਆਜ਼ੀ ਸਰਕਾਰ ਨੂੰ ਹੇਠਾਂ ਪਟਕਾਉਣ ਲਈ ਤਿਆਰ ਸੀ ਅਤੇ ਪ੍ਰੋਲਤਾਰੀਆ ਆਪਣੀ ਵਾਰੀ ਬੁਰਜੂਆਜ਼ੀ ਨੂੰ ਭੁੰਜੇ ਸੁੱਟਣ ਲਈ ਤਿਆਰ ਸੀ; ਅਜਿਹੀ ਹਾਲਤ ਵਿੱਚ ਇਹ ਸਰਕਾਰ ਬੜੀ ਢੀਠਤਾਈ ਨਾਲ਼ ਉਸ ਰਾਹ ਉੱਤੇ ਤੁਰ ਰਹੀ ਸੀ ਜਿਸ 'ਤੇ ਟੱਕਰ ਹੋਣੀ ਅਵੱਸ਼ ਸੀ। 1848 ਦੇ ਅਰੰਭ ਵਿੱਚ ਜਰਮਨੀ ਇਨਕਲਾਬ ਦੀਆਂ ਬਰੂਹਾਂ ਉੱਤੇ ਸੀ ਅਤੇ ਇਹ ਇਨਕਲਾਬ ਆਉਣਾ ਯਕੀਨੀ ਸੀ, ਭਾਵੇਂ ਫ਼ਰਵਰੀ ਦੇ ਫ਼ਰਾਂਸੀਸੀ ਇਨਕਲਾਬ ਨੇ ਇਸ ਵਿੱਚ ਤੇਜ਼ੀ ਨਾ ਵੀ ਲਿਆਂਦੀ ਹੁੰਦੀ।

ਇਸ ਪ੍ਰਸ਼ੀਅਨ ਇਨਕਲਾਬ ਦੇ ਜਰਮਨੀ ਉੱਤੇ ਕਿਹੋ ਜਿਹੇ ਪ੍ਰਭਾਵ ਪਏ, ਇਹ ਅਸੀਂ ਅੱਗੇ ਚੱਲ ਕੇ ਵੇਖਾਂਗੇ।

ਲੰਡਨ, ਨਵੰਬਰ– 1851

# III
# ਹੋਰ ਜਰਮਨ ਰਾਜ

ਪਿਛਲੇ ਭਾਗ ਵਿੱਚ ਅਸਾਂ ਆਪਣੇ ਆਪ ਨੂੰ ਲਗਭਗ, ਕੇਵਲ ਉਸ ਰਾਜ ਤੱਕ ਸੀਮਤ ਰੱਖਿਆ, ਜੋ 1840 ਤੋਂ 1848 ਦੇ ਦੌਰਾਨ ਜਰਮਨ ਲਹਿਰ ਵਿੱਚ ਬਹੁਤ ਭਾਰੀ ਮਹੱਤਤਾ ਰੱਖਦਾ ਸੀ; ਇਹ ਸੀ ਪ੍ਰਸ਼ੀਅਨ ਰਾਜ। ਪਰ ਇਹ ਸਮਾਂ ਹੈ ਕਿ ਉਸੇ ਸਮੇਂ ਦੇ ਦੌਰਾਨ ਮੌਜੂਦਾ ਜਰਮਨੀ ਦੇ ਦੂਜੇ ਰਾਜਾਂ ਉੱਤੇ ਵੀ ਇੱਕ ਉੱਡਦੀ ਉੱਡਦੀ ਨਜ਼ਰ ਮਾਰੀ ਜਾਵੇ।

ਜਿੱਥੋਂ ਤੱਕ ਬਹੁਤ ਛੋਟੇ ਰਾਜਾਂ ਦਾ ਸਬੰਧ ਹੈ, ਉਹ 1830 ਦੀਆਂ ਇਨਕਲਾਬੀ ਲਹਿਰਾਂ ਦੇ ਸਮੇਂ ਤੋਂ ਹੀ **ਡੀਟ** ਦੀ, ਆਸਟਰੀਆ ਤੇ ਪ੍ਰਸ਼ੀਆ ਦੀ ਡਿਕਟੇਟਰੀ ਅਧੀਨ ਪੂਰੀ ਤਰ੍ਹਾਂ ਗੁਜ਼ਰੇ ਸਨ। ਕਈ ਸੰਵਿਧਾਨਾਂ ਨੇ ਵੱਡੇ ਰਾਜਾਂ ਦੀ ਹੁਕਮਬਾਜ਼ੀ ਦੇ ਵਿਰੁੱਧ ਰੱਖਿਆ ਦੇ ਕਿੰਨੇ ਹੀ ਸਾਧਨ ਸਥਾਪਤ ਕੀਤੇ ਤਾਂ ਜੋ ਉਹਨਾਂ ਦੇ ਸ਼ਾਹੀ ਕਰਤਿਆਂ ਦੀ ਅਤੇ ਵੀਆਨਾ ਦੀ ਕਾਂਗਰਸ ਵੱਲੋਂ, ਬਿਨਾਂ ਕਿਸੇ ਮੁੱਖ ਅਸੂਲ ਦੇ ਬਣਾਈਆਂ ਗਈਆਂ ਵੰਨਸੁਵੰਨੀਆਂ ਪ੍ਰਾਂਤਕ ਅਸੈਂਬਲੀਆਂ ਦੀ ਏਕਤਾ ਦੀ ਪ੍ਰਸਿੱਧੀ ਨੂੰ ਯਕੀਨੀ ਬਣਾਇਆ ਜਾਵੇ— ਇਹ ਸੰਵਿਧਾਨ ਜੋ ਪਹਿਲਾਂ ਹੀ ਭਰਮ ਭੁਲੇਖੇ ਪਾਉਣ ਵਾਲ਼ੇ ਸਨ, ਤਾਂ ਵੀ 1830 ਅਤੇ 1831 ਦੇ ਉਤੇਜਤ ਸਮੇਂ ਦੌਰਾਨ ਖ਼ੁਦ ਨਿੱਕ-ਰਾਜਿਆਂ ਦੇ ਅਧਿਕਾਰਾਂ ਲਈ ਖ਼ਤਰਨਾਕ ਸਿੱਧ ਹੋਏ ਸਨ। ਉਹਨਾਂ ਦੀ ਹਾਲਤ ਤਬਾਹ ਹੋਇਆਂ ਵਰਗੀ ਹੀ ਸੀ; ਜਿਸ ਕਿਸੇ ਨੂੰ ਬਾਕੀ ਰਹਿਣ ਦਿੱਤਾ ਗਿਆ ਸੀ, ਬੱਸ ਇੱਕ ਪਰਛਾਵਾਂ ਮਾਤਰ ਹੀ ਸੀ ਅਤੇ ਇਸ ਨੂੰ ਇੱਕ ਵੈਲਕਰ, ਇੱਕ ਰੋਟੈਕ, ਇੱਕ ਡਾਹਲਮਨ ਦੀ ਇਹ ਕਿਆਸ ਕਰਨ ਲਈ ਬੜਬੋਲੀ ਸਵੈ-ਸੰਤੁਸ਼ਟਤਾ ਚਾਹੀਦੀ ਸੀ ਕਿ ਕੋਈ ਵੀ ਸਿੱਟਾ ਉਸ ਨਿਰਮਾਣ ਵਿਰੋਧਤਾ ਵਿੱਚੋਂ ਸੰਭਵ ਤੌਰ ’ਤੇ ਨਿਕਲ਼ ਸਕਦਾ ਹੈ ਜੋ ਘਟੀਆ ਚਾਪਲੂਸੀ ਨਾਲ਼ ਰਲ਼ਗੱਡ ਸੀ ਤੇ ਜਿਸ ਦੀ ਉਹਨਾਂ ਨੂੰ ਇਹਨਾਂ ਨਿਕਚੂ ਰਾਜਾਂ ਦੇ ਨਿਪੁੰਸਕ ਸਦਨਾਂ ਵਿੱਚ ਵਿਖਾਵੇ ਵਜੋਂ ਕਰਨ ਦੀ ਆਗਿਆ ਸੀ।

ਇਹਨਾਂ ਛੋਟੇ ਰਾਜਾਂ ਦੀ ਮੱਧ ਸ਼੍ਰੇਣੀ ਦੇ ਵਧੇਰੇ ਸਰਗਰਮ ਭਾਗ ਨੇ, 1840 ਤੋਂ ਤੁਰੰਤ ਮਗਰੋਂ, ਉਹ ਸਾਰੀਆਂ ਆਸਾਂ ਛੱਡ ਦਿੱਤੀਆਂ ਜੋ ਉਹਨਾਂ ਨੇ ਆਸਟਰੀਆ ਤੇ ਪ੍ਰਸ਼ੀਆ ਦੇ ਅਧੀਨ ਰਾਜਾਂ ਦੀ ਪਾਰਲੀਮੈਂਟਰੀ ਸਰਕਾਰ ਦੇ ਵਿਕਾਸ ਉੱਤੇ ਪਹਿਲਾਂ ਲਾਈਆਂ ਹੋਈਆਂ ਸਨ। ਜਿਵੇਂ ਹੀ ਪ੍ਰਸ਼ੀਅਨ ਬੁਰਜੂਆਜ਼ੀ ਤੇ ਇਸ ਨਾਲ਼ ਸਬੰਧਤ ਜਮਾਤਾਂ ਨੇ ਪ੍ਰਸ਼ੀਆ ਵਿੱਚ ਪਾਰਲੀਮੈਂਟਰੀ ਸਰਕਾਰ ਲਈ ਜੱਦੋਜਹਿਦ ਕਰਨ ਦਾ ਗੰਭੀਰ ਇਰਾਦਾ ਵਿਖਾਇਆ ਤਾਂ ਸਾਰੀ ਗ਼ੈਰ-ਆਸਟਰੀਆਈ ਜਰਮਨੀ ਉੱਤੇ ਸੰਵਿਧਾਨਕ ਲਹਿਰ ਦੀ ਅਗਵਾਈ ਉਹਨਾਂ ਦੇ ਹੱਥ ਵਿੱਚ ਆਈ। ਇਹ ਇੱਕ ਅਜਿਹਾ ਤੱਥ ਹੈ ਜਿਸ ਉੱਤੇ ਹੁਣ ਕੋਈ ਕਿੰਤੂ ਨਹੀਂ ਕੀਤਾ ਜਾਵੇਗਾ ਕਿ ਕੇਂਦਰੀ ਜਰਮਨੀ ਦੇ ਉਹਨਾਂ ਸੰਵਿਧਾਨਵਾਦੀਆਂ, ਜੋ ਪਿੱਛੋਂ ਜਾ ਕੇ ਫਰੈਂਕਫੋਰਟ ਨੈਸ਼ਨਲ ਅਸੈਂਬਲੀ ਤੋਂ ਵੱਖ ਹੋ ਗਏ ਸਨ ਅਤੇ ਜੋ ਆਪਣੀਆਂ ਵੱਖਰੀਆਂ ਮੀਟਿੰਗਾਂ ਤੋਂ **ਗੋਥਾ ਪਾਰਟੀ** ਅਖਵਾਏ ਸਨ, ਦੇ ਕੇਂਦਰ ਨੇ 1848 ਤੋਂ ਬਹੁਤ ਚਿਰ ਪਹਿਲਾਂ ਇੱਕ ਵਿਉਂਤ ਬਾਰੇ ਸੋਚਿਆ ਸੀ ਜੋ ਉਹਨਾਂ ਨੇ ਥੋੜ੍ਹੀ ਜਿਹੀ ਤਬਦੀਲੀ ਨਾਲ਼ ਸਾਰੀ ਜਰਮਨੀ ਦੇ ਪ੍ਰਤੀਨਿੱਧਾਂ ਦੇ

ਸਾਹਮਣੇ ਪੇਸ਼ ਕੀਤੀ। ਉਹ ਆਸਟਰੀਆ ਨੂੰ ਜਰਮਨ ਕਨਫ਼ੈਡਰੇਸ਼ਨ ਨਾਲੋਂ ਪੂਰੀ ਤਰ੍ਹਾਂ ਵੱਖ ਕਰਕੇ, ਇੱਕ ਨਵੀਂ ਕਨਫ਼ੈਡਰੇਸ਼ਨ ਸਥਾਪਤ ਕਰਨਾ ਚਾਹੁੰਦੇ ਸਨ, ਜਿਸ ਦਾ ਇੱਕ ਨਵਾਂ ਬੁਨਿਆਦੀ ਕਾਨੂੰਨ ਅਤੇ ਪ੍ਰਸ਼ੀਆ ਦੀ ਹਿਫ਼ਾਜ਼ਤ ਅਧੀਨ ਇੱਕ ਨਵੀਂ ਫ਼ੈਡਰਲ ਪਾਰਲੀਮੈਂਟ ਚਾਹੁੰਦੇ ਸਨ ਅਤੇ ਵੱਡੇ ਰਾਜਾਂ ਵਿੱਚ ਬਹੁਤ ਹੀ ਛੋਟੇ ਰਾਜਾਂ ਦੀ ਸ਼ਮੂਲੀ ਚਾਹੁੰਦੇ ਸਨ। ਇਹ ਸਭ ਕੁੱਝ ਉਸ ਘੜੀ ਨੇਪਰੇ ਚਾੜ੍ਹਿਆ ਜਾਣਾ ਸੀ ਜਦੋਂ ਪ੍ਰਸ਼ੀਆ ਸੰਵਿਧਾਨਕ ਸਮਰਾਟਸ਼ਾਹੀ ਦੀਆਂ ਸਫ਼ਾਂ ਵਿੱਚ ਸ਼ਾਮਲ ਹੋ ਜਾਵੇ, ਪ੍ਰੈੱਸ ਦੀ ਆਜ਼ਾਦੀ ਸਥਾਪਤ ਕਰੇ ਰਸ਼ੀਆ ਤੇ ਆਸਟਰੀਆ ਤੋਂ ਸੁਤੰਤਰ ਨੀਤੀ ਅਪਨਾਏ ਅਤੇ ਇਸ ਤਰ੍ਹਾਂ ਛੋਟੇ ਰਾਜਾਂ ਦੇ ਸੰਵਿਧਾਨਵਾਦੀਆਂ ਨੂੰ ਉਹਨਾਂ ਦੀਆਂ ਸਰਕਾਰਾਂ ਉੱਤੇ ਅਮਲੀ ਕੰਟਰੋਲ ਪ੍ਰਾਪਤ ਕਰਨ ਦੇ ਯੋਗ ਬਣਾ ਦੇਵੇ। ਇਸ ਵਿਉਂਤ ਦਾ ਵਿਉਂਤਕਾਰ ਹੀਡਲਬਰਗ (ਬਾਡੇਨ) ਦਾ ਪ੍ਰੋਫ਼ੈਸਰ ਜਰਵੀਨਸ ਸੀ। ਸੋ, ਪ੍ਰਸ਼ੀਅਨ ਬੁਰਜੂਆਜ਼ੀ ਦੀ ਬੰਦਖ਼ਲਾਸੀ ਆਮ ਤੌਰ 'ਤੇ ਜਰਮਨੀ ਦੀਆਂ ਮੱਧ ਸ਼੍ਰੇਣੀਆਂ ਲਈ ਅਤੇ ਰਸ਼ੀਆ ਤੇ ਆਸਟਰੀਆ ਦੇ ਵਿਰੁੱਧ ਇੱਕ ਹਮਲਾਕਰੂ ਤੇ ਸੁਰੱਖਿਆਤਮਕ ਦੋਹਾਂ ਤਰ੍ਹਾਂ ਦੇ ਗਠਜੋੜ ਲਈ ਸੰਕੇਤ ਹੋਣਾ ਸੀ; ਕਿਉਂ ਜੋ ਆਸਟਰੀਆ ਨੂੰ, ਜਿਵੇਂ ਕਿ ਅਸੀਂ ਹੁਣ ਵੇਖਾਂਗੇ ਇੱਕ ਬਿਲਕੁਲ ਵਹਿਸ਼ੀ ਦੇਸ਼ ਸਮਝਿਆ ਜਾਂਦਾ ਸੀ, ਜਿਸ ਬਾਰੇ ਬਹੁਤ ਹੀ ਘੱਟ ਜਾਣਕਾਰੀ ਸੀ ਅਤੇ ਜੋ ਬਹੁਤ ਥੋੜ੍ਹੀ ਜਾਣਕਾਰੀ ਸੀ ਉਹ ਉਸ ਦੀ ਵਸੋਂ ਦੇ ਹੱਕ ਵਿੱਚ ਨਹੀਂ ਸੀ ਜਾਂਦੀ; ਇਸ ਲਈ ਆਸਟਰੀਆ ਨੂੰ ਜਰਮਨੀ ਦਾ ਇੱਕ ਜ਼ਰੂਰੀ ਭਾਗ ਨਹੀਂ ਸੀ ਸਮਝਿਆ ਜਾਂਦਾ।

ਜਿੱਥੋਂ ਤੱਕ ਛੋਟੇ ਰਾਜਾਂ ਵਿੱਚ ਸਮਾਜ ਦੀਆਂ ਦੂਜੀਆਂ ਜਮਾਤਾਂ ਦਾ ਸਬੰਧ ਹੈ ਉਹਨਾਂ ਨੇ ਵੱਧ ਜਾਂ ਘੱਟ ਤੇਜ਼ੀ ਨਾਲ਼ ਪ੍ਰਸ਼ੀਆ ਵਿੱਚ ਆਪਣੇ ਬਰਾਬਰ ਦਿਆਂ ਦੀ ਪੈਰਵੀ ਕੀਤੀ। ਦੁਕਾਨਦਾਰ ਜਮਾਤ ਆਪੋ ਆਪਣੀਆਂ ਸਰਕਾਰਾਂ ਤੋਂ, ਟੈਕਸ ਦੇ ਵਾਧੇ ਨਾਲ਼, ਉਹਨਾਂ ਰਾਜਨੀਤਕ ਵਿਖਾਵੇ ਦੀਆਂ ਸਹੂਲਤਾਂ ਦੀ ਕਾਂਟ-ਛਾਂਟ ਨਾਲ਼ ਵਧੇਰੇ ਤੋਂ ਵਧੇਰੇ ਅਸੰਤੁਸ਼ਟ ਹੁੰਦੀ ਗਈ ਜਿਨ੍ਹਾਂ ਸਹੂਲਤਾਂ ਦੀ ਉਹ ਆਸਟਰੀਆ ਤੇ ਪ੍ਰਸ਼ੀਆ ਵਿੱਚ "ਧੱਕੇਸ਼ਾਹੀ ਦੇ ਗ਼ੁਲਾਮਾਂ" ਨਾਲ਼ ਆਪਣਾ ਟਾਕਰਾ ਕਰਦਿਆਂ ਫੜ੍ਹਾਂ ਮਾਰਦੇ ਹੁੰਦੇ ਸਨ; ਪਰ ਅਜੇ ਤੱਕ ਉਹਨਾਂ ਦੀ ਵਿਰੋਧਤਾ ਵਿੱਚ ਕੋਈ ਵੀ ਗੱਲ ਨਿਸ਼ਚਿਤ ਨਹੀਂ ਸੀ ਜਿਹੜੀ ਵਿਰੋਧਤਾ ਉਹਨਾਂ ਉੱਤੇ ਇੱਕ ਸੁਤੰਤਰ ਪਾਰਟੀ ਦਾ ਠੱਪਾ ਲਾ ਸਕਦੀ ਹੋਵੇ, ਉਚੇਰੀ ਬੁਰਜੂਆਜ਼ੀ ਦੇ ਸੰਵਿਧਾਨਵਾਦ ਤੋਂ ਵੱਖਰਿਆ ਸਕਦੀ ਹੋਵੇ। ਕਿਰਸਾਨੀ ਵਿਚਾਲੇ ਅਸੰਤੁਸ਼ਟਤਾ ਵੀ ਸਮਾਨ ਰੂਪ ਵਿੱਚ ਵੱਧ ਰਹੀ ਸੀ, ਪਰ ਇਹ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਲੋਕਾਂ ਦਾ ਇਹ ਭਾਗ, ਸ਼ਾਂਤ ਤੇ ਅਮਨ ਚੈਨ ਦੇ ਸਮਿਆਂ ਵਿੱਚ ਕਦੇ ਵੀ ਆਪਣੇ ਹਿੱਤਾਂ ਉੱਤੇ ਜ਼ੋਰ ਨਹੀਂ ਦਿੰਦਾ ਅਤੇ ਇੱਕ ਸੁਤੰਤਰ ਜਮਾਤ ਵਜੋਂ ਆਪਣੀ ਪੁਜ਼ੀਸ਼ਨ ਧਾਰਨ ਨਹੀਂ ਕਰਦਾ, ਸਿਵਾਏ ਉਹਨਾਂ ਦੇਸ਼ਾਂ ਦੇ ਜਿਨ੍ਹਾਂ ਵਿੱਚ ਸਰਬਵਿਆਪੀ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਹੋ ਗਿਆ ਹੈ। ਨਗਰਾਂ ਦੇ ਕਿੱਤਿਆਂ ਤੇ ਮੈਨੂਫ਼ੈਕਚਰਰਾਂ ਦੀਆਂ ਕਿਰਤੀ ਜਮਾਤਾਂ ਵਿੱਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੀ "ਜ਼ਹਿਰ" ਫੈਲਣੀ ਸ਼ੁਰੂ ਹੋ ਗਈ ਸੀ, ਪਰ ਪ੍ਰਸ਼ੀਆ ਵਿੱਚ ਮਹੱਤਤਾ ਵਾਲ਼ੇ ਕੁੱਝ ਕੁ ਹੀ ਨਗਰ ਹੋਣ ਕਾਰਨ ਅਤੇ ਮਾਲ ਦਾ ਉਤਪਾਦਨ ਕਰਨ ਵਾਲ਼ੇ ਬਹੁਤ ਹੀ ਘੱਟ ਇਲਾਕੇ ਹੋਣ ਕਾਰਨ, ਇਸ ਜਮਾਤ ਦੀ ਲਹਿਰ ਅਮਲ ਤੇ ਪ੍ਰਚਾਰ ਦੇ ਕੇਂਦਰਾਂ ਦੀ ਥੁੜ ਕਰਕੇ

ਛੋਟੇ ਰਾਜਾਂ ਵਿੱਚ ਬਹੁਤ ਜ਼ਿਆਦਾ ਸੁਸਤ ਸੀ।

ਪ੍ਰਸ਼ੀਆ ਤੇ ਛੋਟੇ ਰਾਜਾਂ ਵਿੱਚ, ਦੋਹੀਂ ਥਾਈਂ, ਰਾਜਨੀਤਕ ਆਪੋਜ਼ੀਸ਼ਨ ਨੂੰ ਪ੍ਰਗਟ ਕਰਨ ਦੀ ਔਕੜ ਨੇ ਜਰਮਨ **ਕੈਥੋਲਿਕਇਜ਼ਮ ਅਤੇ ਫਰੀ ਕਾਂਗਰੀਗੇਸ਼ਨਲਇਜ਼ਮ** ਦੀਆਂ ਲਹਿਰਾਂ ਦੇ ਨਾਲ਼ ਨਾਲ਼ ਇੱਕ ਤਰ੍ਹਾਂ ਦੀ ਧਾਰਮਕ ਆਪੋਜ਼ੀਸ਼ਨ ਪੈਦਾ ਕਰ ਦਿੱਤੀ। ਇਤਿਹਾਸ ਵਿੱਚ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ, ਉਹਨਾਂ ਦੇਸ਼ਾਂ ਵਿੱਚ ਜਿਹੜੇ ਸਟੇਟ ਚਰਚ ਦੀਆਂ ਨਿਆਮਤਾਂ ਮਾਣਦੇ ਹਨ ਅਤੇ ਜਿੱਥੇ ਰਾਜਨੀਤਕ ਵਿਚਾਰ ਵਟਾਂਦਰੇ ਉੱਤੇ ਪਾਬੰਦੀ ਹੁੰਦੀ ਹੈ, ਉੱਥੇ ਸੰਸਾਰਕ ਸੱਤ੍ਹਾ ਦੇ ਵਿਰੁੱਧ ਸ਼ਰਧਾਹੀਣ ਤੇ ਖ਼ਤਰਨਾਕ ਵਿਰੋਧਤਾ ਰੂਹਾਨੀ ਆਪਹੁਦਰਾਸ਼ਾਹੀ ਦੇ ਵਿਰੁੱਧ ਵਧੇਰੇ ਪਵਿੱਤਰ ਹੁੰਦੀ ਅਤੇ ਉੱਪਰੋਂ ਵੇਖਣ ਨੂੰ ਵਧੇਰੇ ਨਿਸ਼ਕਾਮ ਜੱਦੋਜਹਿਦ ਦੇ ਹੇਠ ਲੁਕੀ ਹੋਈ ਹੁੰਦੀ ਹੈ। ਜਿਤਨਾ ਵਧੇਰੇ ਕੋਈ ਸਰਕਾਰ ਆਪਣੀ ਕਿਸੇ ਕਾਰਵਾਈ ਬਾਰੇ ਚਰਚਾ ਕਰਨ ਦੀ ਆਗਿਆ ਨਹੀਂ ਦੇਵੇਗੀ ਉਤਨਾ ਹੀ ਉਹ ਸ਼ਹੀਦ ਪੈਦਾ ਕਰਨ ਅਤੇ ਜਨਸਮੂਹ ਦੇ ਧਾਰਮਕ ਝੱਲ ਨੂੰ ਉਕਸਾਉਣ ਤੋਂ ਪਹਿਲਾਂ ਝਿਜਕੇਗੀ। ਸੋ, 1845 ਵਿੱਚ, ਜਰਮਨੀ ਦੇ ਹਰ ਰਾਜ ਵਿੱਚ ਰੋਮਨ ਕੈਥੋਲਿਕ ਜਾਂ ਪਰੋਟੈਸਟੈਂਟ ਧਰਮ ਜਾਂ ਦੋਵੇਂ, ਏਸ ਧਰਤੀ ਦੇ ਕਾਨੂੰਨ ਦੇ ਅਟੁੱਟ ਅੰਗ ਸਮਝੇ ਜਾਂਦੇ ਸਨ। ਹਰ ਰਾਜ ਵਿੱਚ ਉਹਨਾਂ ਧਰਮਾਂ ਵਿੱਚੋਂ ਇੱਕ ਇੱਕ ਦਾ ਜਾਂ ਦੋਹਾਂ ਦਾ ਪਾਦਰੀ ਵਰਗ ਸਰਕਾਰ ਦੀ ਨੌਕਰਸ਼ਾਹੀ ਦਾ ਇੱਕ ਜ਼ਰੂਰੀ ਭਾਗ ਹੁੰਦਾ ਸੀ। ਜੇ ਕਿਸੇ ਨੇ ਪਰੋਟੈਸਟੈਂਟ ਜਾਂ ਕੈਥੋਲਿਕ ਕੱਟੜਤਾ ਉੱਤੇ, ਪਾਦਰੀਪੁਣੇ 'ਤੇ ਹਮਲਾ ਕਰਨਾ ਹੁੰਦਾ ਸੀ ਤਾਂ ਉਸ ਨੂੰ ਖ਼ੁਦ ਸਰਕਾਰ ਉੱਤੇ ਲੁਕਵਾਂ ਹਮਲਾ ਕਰਨਾ ਪੈਂਦਾ ਸੀ। ਜਿੱਥੋਂ ਤੱਕ ਜਰਮਨ ਕੈਥੋਲਿਕਾਂ ਦਾ ਸਬੰਧ ਸੀ, ਉਹਨਾਂ ਦੀ ਹੋਂਦ ਹੀ ਜਰਮਨੀ ਦੀਆਂ ਕੈਥੋਲਿਕ ਸਰਕਾਰਾਂ ਉੱਤੇ, ਵਿਸ਼ੇਸ਼ ਤੌਰ 'ਤੇ ਆਸਟਰੀਆ ਤੇ ਬਾਵੇਰੀਆ ਦੀਆਂ ਸਰਕਾਰਾਂ ਉੱਤੇ ਹਮਲਾ ਸੀ ਅਤੇ ਉਹਨਾਂ ਸਰਕਾਰਾਂ ਨੇ ਵੀ ਇਸੇ ਤਰ੍ਹਾਂ ਸਮਝਿਆ ਸੀ। ਫ਼ਰੀ ਕਾਂਗਰੀਗੇਸ਼ਨਲਿਸਟਾਂ, ਪਰੋਟੈਸਟੈਂਟ ਡਾਈਸੈਂਟਰਾਂ ਨੇ, ਜੋ ਕੁਝ ਕੁਝ ਅੰਗਰੇਜ਼ੀ ਤੇ ਅਮਰੀਕੀ **ਯੂਨੀਟੇਰੀਅਨਾਂ** ਨਾਲ਼ ਮਿਲ਼ਦੇ ਜੁਲ਼ਦੇ ਸਨ, ਪ੍ਰਸ਼ੀਅਨ ਬਾਦਸ਼ਾਹ ਦੀ ਤੇ ਉਸ ਦੇ ਵਿੱਦਿਆ ਤੇ ਪਾਦਰੀ ਵਰਗ ਦੇ ਵਿਭਾਗ ਦੇ ਮੰਤਰੀ ਮਿਸਟਰ ਈਚਹਾਰਨ ਦੀ ਪਾਦਰੀਆਂ ਵਾਲ਼ੀ ਤੇ ਬਹੁਤ ਹੀ ਕੱਟੜ ਰੂੜੀਵਾਦੀ ਰੁਚੀ ਨਾਲ਼ ਆਪਣੀ ਵਿਰੋਧਤਾ ਦਾ ਖੁੱਲ੍ਹੇ ਤੌਰ 'ਤੇ ਇਕਬਾਲ ਕੀਤਾ। ਦੋ ਨਵੇਂ ਫ਼ਿਰਕਿਆਂ ਵਿਚਾਲੇ, ਪਹਿਲਾਂ ਕੈਥੋਲਿਕ ਤੇ ਦੂਜਾ ਪਰੋਟੈਸਟੈਂਟ ਦੋਵਾਂ ਵਿੱਚ ਉਹਨਾਂ ਦੇ ਵੱਖਰੇ ਮੂਲਾਂ ਤੋਂ ਬਿਨਾਂ ਕਦੀ ਵੀ ਵਿਲੱਖਣਤਾ ਨਹੀਂ ਸੀ। ਜਿੱਥੋਂ ਤੱਕ ਉਹਨਾਂ ਦੇ ਅਕੀਦਿਆਂ ਦਾ ਸਬੰਧ ਸੀ ਉਹ ਇਸ ਬਹੁਤ ਹੀ ਜ਼ਰੂਰੀ ਨੁਕਤੇ ਉੱਤੇ ਪੂਰੀ ਤਰ੍ਹਾਂ ਸਹਿਮਤ ਸਨ ਕਿ ਸਾਰੇ ਨਿਸਚਿਤ ਸਿਧਾਂਤ ਵਿਅਰਥ ਹਨ। ਕਿਸੇ ਦੀ ਪਰਿਭਾਸ਼ਾ ਦੀ ਥੁੜ੍ਹ ਹੀ ਉਹਨਾਂ ਦਾ ਤੱਤ ਸੀ; ਉਹਨਾਂ ਇੱਕ ਅਜਿਹਾ ਮੰਦਰ ਉਸਾਰਨ ਦਾ ਬਹਾਨਾ ਕੀਤਾ ਜਿਸ ਦੀ ਛੱਤ ਥੱਲੇ ਹੋ ਸਕਦਾ ਸੀ ਸਾਰੇ ਜਰਮਨ ਸੰਗਠਤ ਹੋ ਜਾਣ; ਸੋ ਉਹਨਾਂ ਨੇ, ਧਾਰਮਕ ਰੂਪ ਵਿੱਚ ਸਮੇਂ ਅਨੁਕੂਲ ਇੱਕ ਹੋਰ ਰਾਜਨੀਤਕ ਵਿਚਾਰ ਪੇਸ਼ ਕੀਤਾ—ਜਰਮਨ ਏਕਤਾ ਦਾ ਵਿਚਾਰ ਅਤੇ ਫਿਰ ਵੀ, ਉਹ ਆਪੋ ਵਿੱਚ ਕਦੇ ਵੀ ਸਹਿਮਤ ਨਾ ਹੋ ਸਕੇ।

ਜਰਮਨ ਏਕਤਾ ਦਾ ਵਿਚਾਰ, ਜਿਸ ਦੀ ਪੂਰਤੀ, ਉੱਪਰ ਵਰਨਣ ਕੀਤੇ ਫਿਰਕੇ,

ਸਾਰੇ ਜਰਮਨ ਲੋਕਾਂ ਲਈ ਇੱਕ ਸਾਂਝਾ ਧਰਮ ਪੈਦਾ ਕਰਕੇ ਘੱਟੋ ਘੱਟ ਧਾਰਮਕ ਅਧਾਰ ਉੱਤੇ ਚਾਹੁੰਦੇ ਸਨ, ਉਹਨਾਂ ਦੀ ਵਰਤੋਂ, ਆਦਤਾਂ ਤੇ ਸੁਆਦ ਲਈ ਘੜਿਆ ਗਿਆ— ਨਿਰਸੰਦੇਹ ਇਹ ਵਿਚਾਰ, ਵਿਸ਼ੇਸ਼ ਤੌਰ ’ਤੇ ਛੋਟੇ ਰਾਜਾਂ ਵਿੱਚ ਵਿਸ਼ਾਲ ਰੂਪ ਵਿੱਚ ਫੈਲਿਆ। ਜਦੋਂ ਤੋਂ **ਨੈਪੋਲੀਅਨ** ਨੇ ਜਰਮਨ ਸਲਤਨਤ ਨੂੰ ਖੇਰੂੰ ਖੇਰੂੰ ਕੀਤਾ ਸੀ ਉਦੋਂ ਤੋਂ ਹੀ ਖਿੱਲਰੇ ਹੋਏ ਸਾਰੇ ਜਰਮਨਾਂ ਦੇ ਸੰਗਠਨ ਦੀ ਮੰਗ ਸਥਾਪਤ ਰਾਜ ਪ੍ਰਬੰਧ ਦੇ ਸਬੰਧ ਵਿੱਚ ਬੇਚੈਨੀ ਦਾ ਬਹੁਤ ਹੀ ਆਮ ਪ੍ਰਗਟਾਅ ਸੀ ਅਤੇ ਛੋਟੇ ਰਾਜਾਂ ਵਿੱਚ ਇਹ ਮੰਗ ਵਧੇਰੇ ਜ਼ੋਰਦਾਰ ਸੀ, ਜਿੱਥੇ ਅਦਾਲਤਾਂ ਸ਼ਾਸ਼ਨ, ਫ਼ੌਜ, ਗੱਲ ਕੀ , ਟੈਕਸਾਂ ਦਾ ਭਾਰੀ ਬੋਝ ਨੇਪਰੇ ਚਾੜ੍ਹੇ ਜਾਣ ਉੱਤੇ ਰਾਜ ਦੀ ਛੋਟਿਆਈ ਤੇ ਨਿਪੁੰਸਕਤਾ ਦੀ ਨਿਸਬਤ ਨਾਲ਼ ਵਧੀ ਸੀ। ਪਰ ਇਹ ਜਰਮਨ ਏਕਤਾ ਕਿਹੋ ਜਿਹੀ ਹੋਵੇਗੀ, ਇਹ ਇੱਕ ਅਜਿਹਾ ਸੁਆਲ ਸੀ ਜਿਸ ਬਾਰੇ ਪਾਰਟੀਆਂ ਅਸਹਿਮਤ ਸਨ। ਬੁਰਜੂਆਜ਼ੀ, ਜਿਹੜੀ ਕੋਈ ਗੰਭੀਰ ਇਨਕਲਾਬੀ ਉੱਥਲ ਪੁੱਥਲ ਨਹੀਂ ਸੀ ਚਾਹੁੰਦੀ, ਜਿਵੇਂ ਕਿ ਅਸੀਂ ਵੇਖਿਆ ਹੈ, ਪ੍ਰਸ਼ੀਆ ਦੀ ਸੰਵਿਧਾਨਕ ਸਰਕਾਰ ਦੀ ਉੱਚਤਮਤਾ ਦੇ ਅਧੀਨ, ਆਸਟਰੀਆ ਤੋਂ ਬਿਨਾਂ, ਸਾਰੀ ਜਰਮਨੀ ਦੇ ਸੰਗਠਨ ਨਾਲ਼, ਜਿਸ ਨੂੰ ਉਹ “ਹੋਣ ਯੋਗ” ਸਮਝਦੀ ਸੀ, ਸੰਤੁਸ਼ਟ ਸੀ ਅਤੇ ਯਕੀਨਨ, ਖ਼ਤਰਨਾਕ ਤੂਫ਼ਾਨ ਲਈ ਬੇਨਤੀਆਂ ਕਰਨ ਤੋਂ ਬਿਨਾਂ, ਉਸ ਸਮੇਂ ਹੋਰ ਕੁੱਝ ਵੀ ਨਹੀਂ ਸੀ ਕੀਤਾ ਜਾ ਸਕਦਾ। ਦੁਕਾਨਦਾਰ ਜਮਾਤ ਤੇ ਕਿਰਸਾਨੀ ਮਗਰੋਂ ਜਾ ਕੇ ਜੋ ਅਜਿਹੀਆਂ ਗੱਲਾਂ ਬਾਰੇ ਪ੍ਰੇਸ਼ਾਨ ਹੋਈਆਂ, ਉਸ ਜਰਮਨ ਏਕਤਾ ਦੀ ਕਿਸੇ ਪਰਿਭਾਸ਼ਾ ਬਾਰੇ ਕਦੇ ਵੀ ਸਹਿਮਤ ਨਾ ਹੋਈਆਂ ਜਿਸ ਬਾਰੇ ਉਹਨਾਂ ਨੇ ਇਤਨਾ ਚੀਕ-ਚਿਹਾੜਾ ਪਾਇਆ ਹੋਇਆ ਸੀ; ਕੁਝ ਕੁ ਸੁਪਨੇ ਲੈਣ ਵਾਲ਼ੇ, ਜੋ ਬਹੁਤੇ ਪਿਛਾਂਹ-ਖਿੱਚੂ ਜਾਗੀਰੂ ਵਿਚਾਰਾਂ ਦੇ ਸਨ, ਜਰਮਨ ਸਲਤਨਤ ਦੀ ਸਥਾਪਨਾ ਦੀ ਆਸ ਰੱਖਦੇ ਸਨ; ਕੁਝ ਕੁ ਬੇਸਮਝਾਂ, ਅਖੌਤੀ ਗਰਮਖ਼ਿਆਲੀਆਂ ਨੇ, ਸਵਿੱਸ ਸੰਸਥਾਵਾਂ ਦੀ, ਜਿਨ੍ਹਾਂ ਦਾ ਉਹਨਾਂ ਨੂੰ ਕੋਈ ਅਜਿਹਾ ਤਜ਼ਰਬਾ ਨਹੀਂ ਸੀ ਜਿਸ ਨੇ ਮਗਰੋਂ ਜਾ ਕੇ ਅਤਿਅੰਤ ਹਾਸੋਹੀਣੇ ਢੰਗ ਨਾਲ਼ ਉਹਨਾਂ ਦਾ ਭੁਲੇਖਾ ਦੂਰ ਕਰ ਦਿੱਤਾ, ਸ਼ਲਾਘਾ ਕਰਦਿਆਂ ਕਈ ਰਾਜਾਂ ਵਿੱਚ ਸੰਗਠਿਤ ਰੀਪਬਲਿਕ ਦੀ ਮੰਗ ਕੀਤੀ ਅਤੇ ਇਹੋ ਇੱਕੋ ਇੱਕ ਬਹੁਤ ਹੀ ਅੱਤ ਦੀ ਪਾਰਟੀ ਸੀ, ਜਿਸ ਨੇ ਉਸ ਸਮੇਂ ਇੱਕ ਤੇ ਅਵੰਡ **ਜਰਮਨ ਰੀਪਬਲਿਕ** ਬਾਰੇ ਗੱਲ ਕਰਨ ਦੀ ਦਲੇਰੀ ਕੀਤੀ। ਸੋ, ਜਰਮਨ ਏਕਤਾ ਆਪਣੇ ਆਪ ਵਿੱਚ ਇੱਕ ਅਸਹਿਮਤੀ, ਝਗੜੇ ਦਾ ਅਤੇ ਕਈ ਸੰਭਾਵਨਾਵਾਂ ਦੀ ਹਾਲਤ ਵਿੱਚ ਗ੍ਰਹਿ ਯੁੱਧ ਦਾ ਵੀ ਵੱਡਾ ਸੁਆਲ ਸੀ।

ਫਿਰ ਕੀ ਹੋਇਆ; 1847 ਦੇ ਅੰਤ ਵਿੱਚ, ਪ੍ਰਸ਼ੀਆ ਦੇ ਰਾਜ ਅਤੇ ਜਰਮਨੀ ਦੇ ਛੋਟੇ ਰਾਜਾਂ ਦੀ ਇਹ ਹਾਲਤ ਸੀ। ਮੱਧ ਸ਼੍ਰੇਣੀ, ਆਪਣੀ ਤਾਕਤ ਨੂੰ ਮਹਿਸੂਸ ਕਰਦਿਆਂ, ਉਹ ਬੇੜੀਆਂ ਵਧੇਰੇ ਚਿਰ ਨਾ ਸਹਿਣ ਦਾ ਫੈਸਲਾ ਕੀਤਾ ਜਿਨ੍ਹਾਂ ਨਾਲ਼ ਇੱਕ ਜਾਗੀਰੂ ਤੇ ਨੌਕਰਸ਼ਾਹ ਆਪਹੁਦਰਾਪਣ ਨੇ ਉਹਨਾਂ ਦੇ ਵਪਾਰਕ ਲੈਣ ਦੇਣ, ਉਹਨਾਂ ਦੀ ਸਨਅਤੀ ਉਪਜਾਇਕਤਾ ਨੂੰ ਇੱਕ ਜਮਾਤ ਵਜੋਂ ਉਹਨਾਂ ਦੇ ਸਾਂਝੇ ਅਮਲਾਂ ਨੂੰ ਜਕੜਿਆ ਹੋਇਆ ਸੀ, ਜ਼ਮੀਨ ਦੇ ਮਾਲਕ ਕੁਲੀਨਵਰਗ ਦਾ ਇੱਕ ਭਾਗ ਹੁਣ ਤੱਕ ਮਹਿਜ਼ ਵਿਕਰੀ ਯੋਗ ਜਿਨਸਾਂ ਦੇ ਉਤਪਾਦਕਾਂ ਵਿੱਚ ਬਦਲ ਗਿਆ ਸੀ ਤਾਂ ਜੋ ਉਹਨਾਂ ਦੇ ਹਿੱਤ ਮੱਧ ਸ਼੍ਰੇਣੀ ਦੇ ਹਿੱਤਾਂ ਵਰਗੇ

ਹੋਣ ’ਤੇ ਸਾਂਝਾ ਉਦੇਸ਼ ਹੋਵੇ, ਛੋਟੇ ਵਪਾਰੀਆਂ ਦੀ ਜਮਾਤ, ਟੈਕਸਾਂ ਉੱਤੇ, ਉਹਨਾਂ ਦੇ ਵਪਾਰ ਦੇ ਰਾਹ ਵਿੱਚ ਖੜ੍ਹੀਆਂ ਕੀਤੀਆਂ ਔਕੜਾਂ ਉੱਤੇ ਬੁੜਬੁੜਾਉਂਦੀ ਹੋਈ ਅਸੰਤੁਸ਼ਟ ਸੀ, ਪਰ ਅਜਿਹੇ ਸੁਧਾਰਾਂ ਲਈ ਉਹਨਾਂ ਕਦੀ ਨਿਸਚਿਤ ਵਿਉਂਤ ਨਹੀਂ ਸੀ ਬਣਾਈ ਜੋ ਸਮਾਜਕ ਤੇ ਰਾਜਨੀਤਕ ਅਦਾਰੇ ਵਿੱਚ ਉਹਨਾਂ ਦੀ ਪੁਜ਼ੀਸ਼ਨ ਨੂੰ ਸੁਰੱਖਿਅਤ ਬਣਾਉਂਦੇ ਹੋਣ; ਕਿਰਸਾਣੀ ਜਗੀਰੂ ਲੁੱਟ ਖਸੁੱਟ ਰਾਹੀਂ ਸ਼ਾਹੂਕਾਰਾਂ ਸੂਦਖੋਰਾਂ ਅਤੇ ਵਕੀਲਾਂ ਰਾਹੀਂ ਦਬਾਈ ਹੋਈ ਸੀ; ਨਗਰਾਂ ਦੇ ਕਿਰਤੀ ਲੋਕਾਂ ਵਿੱਚ ਆਮ ਬੇਚੈਨੀ ਸੀ, ਬਾਕੀਆਂ ਵਾਂਗ ਸਰਕਾਰ ਨੂੰ ਤੇ ਸਨਅਤੀ ਸਰਮਾਏਦਾਰਾਂ ਨੂੰ ਘ੍ਰਿਣਾ ਕਰਦੇ ਸਨ ਅਤੇ ਉਹਨਾਂ ਨੂੰ ਸੋਸ਼ਲਿਸਟ ਤੇ ਕਮਿਊਨਿਸਟ ਵਿਚਾਰਾਂ ਦੀ ਲਾਗ ਲੱਗਦੀ ਜਾ ਰਹੀ ਸੀ; ਮੁੱਕਦੀ ਗੱਲ ਵੰਨ ਸੁਵੰਨੀ ਆਪੋਜ਼ੀਸ਼ਨ ਸੀ, ਜੋ ਕਈ ਪ੍ਰਕਾਰ ਦੇ ਹਿੱਤਾਂ ਤੋਂ ਪੈਦਾ ਹੋਈ ਸੀ, ਪਰ ਵੱਧ ਜਾਂ ਘੱਟ ਉਸ ਦੀ ਅਗਵਾਈ ਬੁਰਜੂਆਜ਼ੀ ਕਰਦੀ ਸੀ, ਜਿਸ ਦੀਆਂ ਪਹਿਲੀਆਂ ਸਫ਼ਾਂ ਵਿੱਚ ਮੁੜ ਕੇ ਪ੍ਰਸ਼ੀਆ ਦੀ, ਵਿਸ਼ੇਸ਼ ਤੌਰ ’ਤੇ ਰ੍ਹਾਈਨ ਪ੍ਰਾਂਤ ਦੀ ਬੁਰਜੂਆਜ਼ੀ ਮਾਰਚ ਕਰਦੀ ਸੀ। ਦੂਜੇ ਪਾਸੇ, ਸਰਕਾਰਾਂ ਕਈ ਨੁਕਤਿਆਂ ਉੱਤੇ ਅਸਹਿਮਤ ਸਨ, ਇੱਕ ਦੂਜੀ ’ਤੇ ਇਤਬਾਰ ਨਹੀਂ ਸਨ ਕਰਦੀਆਂ ਅਤੇ ਵਿਸ਼ੇਸ਼ ਤੌਰ ’ਤੇ ਪ੍ਰਸ਼ੀਆ ਦੀ ਸਰਕਾਰ ਉੱਤੇ, ਜਿਸ ਉੱਤੇ ਉਹਨਾਂ ਨੂੰ ਅਜੇ ਹਿਫ਼ਾਜ਼ਤ ਲਈ ਟੇਕ ਰੱਖਣੀ ਪੈਣੀ ਸੀ, ਪ੍ਰਸ਼ੀਆ ਵਿਚਲੀ ਸਰਕਾਰ, ਜਿਸ ਨੂੰ ਲੋਕ ਰਾਏ ਨੇ ਤਿਆਗਿਆ ਹੋਇਆ ਸੀ, ਇੱਥੋਂ ਤੱਕ ਕਿ ਕੁਲੀਨ ਵਰਗ ਦੇ ਇੱਕ ਭਾਗ ਨੇ ਤੱਜਿਆ ਹੋਇਆ ਸੀ, ਫ਼ੌਜ ਤੇ ਨੌਕਰਸ਼ਾਹੀ ਉੱਤੇ ਟੇਕ ਰੱਖ ਰਹੀ ਸੀ, ਜਿਹੜੀ ਬੁਰਜੂਆਜ਼ੀ ਦਿਨ ਪ੍ਰਤੀ ਦਿਨ ਵਿਰੋਧੀ ਬੁਰਜੂਆਜ਼ੀ ਦੇ ਵਿਚਾਰਾਂ ਤੇ ਪ੍ਰਭਾਵ ਦਾ ਸ਼ਿਕਾਰ ਹੁੰਦੀ ਜਾ ਰਹੀ ਸੀ— ਜਿਹੜੀ ਸਰਕਾਰ, ਇਸ ਸਭ ਕੁੱਝ ਤੋਂ ਉਪਰੰਤ ਸਹੀ ਅਰਥਾਂ ਵਿੱਚ ਕੰਗਾਲ ਸੀ ਅਤੇ ਜੋ ਆਪਣਾ ਨਿੱਤ ਵੱਧਦਾ ਖ਼ਸਾਰਾ ਪੂਰਾ ਕਰਨ ਲਈ ਇੱਕ ਸੈਂਟ ਵੀ ਪ੍ਰਾਪਤ ਨਹੀਂ ਸੀ ਕਰ ਸਕਦੀ ਅਤੇ ਜਿਸ ਕੋਲ਼ ਬੁਰਜੂਆਜ਼ੀ ਦੀ ਵਿਰੋਧਤਾ ਅੱਗੇ ਆਪਣੇ ਅਧਿਕਾਰ ਸੌਂਪਣ ਦੇ ਕੋਈ ਚਾਰਾ ਨਹੀਂ ਸੀ। ਕੀ ਕਿਸੇ ਦੇਸ਼ ਵਿੱਚ ਮੱਧ ਸ਼੍ਰੇਣੀ ਦੀ ਵੀ, ਜਦੋਂ ਉਸ ਨੇ ਸਥਾਪਤ ਸਰਕਾਰ ਵਿਰੁੱਧ ਸੱਤ੍ਹਾ ਪ੍ਰਾਪਤੀ ਲਈ ਜੱਦੋਜਹਿਦ ਕੀਤੀ, ਇਤਨੀ ਵਧੇਰੇ ਸ਼ਾਨਦਾਰ ਪੁਜ਼ੀਸ਼ਨ ਸੀ ?

ਲੰਡਨ, ਸਤੰਬਰ 1851

## IV

## ਆਸਟਰੀਆ

ਹੁਣ ਅਸਾਂ ਆਸਟਰੀਆ ਬਾਰੇ ਵਿਚਾਰ ਕਰਨੀ ਹੈ, ਉਸ ਦੇਸ਼ ਬਾਰੇ ਜਿਹੜਾ ਮਾਰਚ 1848 ਤੱਕ ਬਾਹਰਲੀਆਂ ਕੌਮਾਂ ਦੀਆਂ ਨਜ਼ਰਾਂ ਤੋਂ ਉਤਨਾ ਹੀ ਲੁਕਾ ਕੇ ਰੱਖਿਆ ਗਿਆ ਸੀ ਜਿਤਨਾ **ਇੰਗਲੈਂਡ ਨਾਲ਼ ਪਿਛਲੀ ਜੰਗ** ਤੋਂ ਪਹਿਲਾਂ ਚੀਨ ਨੂੰ।

ਅਸਲ ਵਿੱਚ ਅਸੀਂ ਇੱਥੇ ਜਰਮਨ ਆਸਟਰੀਆ ਬਾਰੇ ਹੀ ਵਿਚਾਰ ਕਰ ਸਕਦੇ ਹਾਂ। ਪੋਲਿਸ਼, ਹੰਗੇਰੀਅਨ ਜਾਂ ਇਤਾਲਵੀ ਆਸਟਰੀਅਨਾਂ ਦਾ ਸਾਡੇ ਵਿਸ਼ੇ ਨਾਲ਼ ਕੋਈ ਸਬੰਧ

ਨਹੀਂ ਹੈ ਅਤੇ ਜਿੱਥੋਂ ਤੱਕ ਇਨ੍ਹਾਂ ਨੇ, 1848 ਤੋਂ ਲੈ ਕੇ ਜਰਮਨ ਆਸਟਰੀਅਨਾਂ ਦੀ ਹੋਣੀ ਨੂੰ ਪ੍ਰਭਾਵਿਤ ਕੀਤਾ, ਇਸ ਦੇ ਮਗਰੋਂ ਉਹਨਾਂ ਬਾਰੇ ਵਿਚਾਰ ਕੀਤੀ ਜਾਵੇਗੀ।

ਪ੍ਰਿੰਸ ਮੇਟਰਨਿਚ ਦੀ ਸਰਕਾਰ ਨੇ ਦੋ ਸਿਧਾਂਤਾਂ ਵੱਲ ਧਿਆਨ ਦਿੱਤਾ : ਪਹਿਲਾ ਆਸਟਰੀਆ ਦੇ ਰਾਜ ਅਧੀਨ ਹਰ ਵੱਖਰੀ ਕੌਮ ਨੂੰ ਅਜਿਹੀ ਹਾਲਤ ਵਾਲ਼ੀਆਂ ਬਾਕੀ ਦੀਆਂ ਕੌਮਾਂ ਵੱਲੋਂ ਕਾਬੂ ਵਿੱਚ ਰੱਖਣਾ; ਦੂਜਾ ਅਤੇ ਜੋ ਹਮੇਸ਼ਾ ਸਰਬ ਅਧਿਕਾਰੀ ਇੱਕ ਪੁਰਖਾ ਰਾਜਾਂ ਦਾ ਬੁਨਿਆਦੀ ਅਸੂਲ ਰਿਹਾ ਹੈ ਦੋ ਜਮਾਤਾਂ, ਜਾਗੀਰੂ ਭੋਂ ਪਤੀਆਂ ਅਤੇ ਵੱਡੇ ਸਰਾਫ਼ਾ-ਸਰਮਾਏਦਾਰਾਂ ਉੱਤੇ ਹਿਮਾਇਤ ਦੀ ਟੇਕ ਰੱਖਣੀ ਅਤੇ ਇਸ ਸਮੇਂ ਇਹਨਾਂ ਵਿੱਚੋਂ ਹਰ ਜਮਾਤ ਦੇ ਪ੍ਰਭਾਵ ਤੇ ਸੱਤ੍ਹਾ ਦਾ ਦੂਜੀਆਂ ਜਮਾਤਾਂ ਨਾਲ਼ ਸਮਤੋਲ ਬਣਾਈ ਰੱਖਣਾ, ਤਾਂ ਜੋ ਅਮਲ ਦੀ ਪੂਰੀ ਸੁਤੰਤਰਤਾ ਸਰਕਾਰ ਦੇ ਹੱਥਾਂ ਵਿੱਚ ਰਹੇ। ਜ਼ਿਮੀਂਦਾਰ ਕੁਲੀਨਵਰਗ, ਜਿਸ ਦੀ ਸਮੁੱਚੀ ਆਮਦਨੀ ਹਰ ਪ੍ਰਕਾਰ ਦੇ ਜਗੀਰੂ ਕਰਾਂ ਤੋਂ ਹੀ ਸੀ, ਸਰਕਾਰ ਦੀ ਹਿਮਾਇਤ ਕੀਤੇ ਬਿਨਾਂ ਨਹੀਂ ਸੀ ਰਹਿ ਸਕਦੀ ਜਿਹੜੀ ਭੋਂ ਗ਼ੁਲਾਮਾਂ ਦੀ ਲਿਤੜੀ ਹੋਈ ਜਮਾਤ ਦੇ ਵਿਰੁੱਧ ਉਹਨਾਂ ਦੀ ਕੇਵਲ ਇੱਕੋ ਇੱਕ ਹਿਫ਼ਾਜ਼ਤ ਸਿੱਧ ਹੋਈ ਸੀ, ਜਿਨ੍ਹਾਂ ਦੀ ਲੁੱਟ ਉੱਤੇ ਉਹ ਜਿਊਂਦੇ ਸਨ ਅਤੇ ਜਦ ਕਦੇ ਉਹਨਾਂ ਦਾ ਘੱਟ ਅਮੀਰ ਭਾਗ, ਜਿਵੇਂ 1846 ਵਿੱਚ ਗਲੀਸ਼ੀਆ ਵਿੱਚ, ਸਰਕਾਰ ਦੇ ਵਿਰੁੱਧ ਉੱਠਦਾ ਸੀ, ਤਾਂ ਝੱਟ ਮੇਟਰਨਿਚ ਇਹਨਾਂ ਭੋਂ-ਗ਼ੁਲਾਮਾਂ ਨੂੰ ਉਹਨਾਂ ਉੱਤੇ ਛੱਡ ਦੇਂਦਾ ਸੀ, ਜੋ ਹਰ ਹਾਲਤ ਵਿੱਚ, ਆਪਣੇ ਬਹੁਤ **ਨੇੜੇ ਦੇ ਜਾਬਰਾਂ** ਤੋਂ ਭਿਆਨਕ ਬਦਲਾ ਲੈਣ ਦੇ ਮੌਕੇ ਤੋਂ ਲਾਭ ਉਠਾਉਂਦੇ ਸਨ। ਦੂਜੇ ਪਾਸੇ ਐਕਸਚੇਂਜ ਦੇ ਵੱਡੇ ਸਰਮਾਏਦਾਰ ਵਿਸ਼ਾਲ ਹਿੱਸੇ ਰਾਹੀਂ ਜੋ ਉਹਨਾਂ ਦਾ ਦੇਸ਼ ਦੇ ਪਬਲਿਕ ਫ਼ੰਡਾਂ ਵਿੱਚ ਸੀ, ਮੇਟਰਨਿਚ ਦੀ ਸਰਕਾਰ ਨਾਲ਼ ਜਕੜੇ ਹੋਏ ਸਨ। ਆਸਟਰੀਆ ਨੇ, ਜਿਸ ਨੇ 1815 ਵਿੱਚ ਪੂਰਨ ਸੱਤ੍ਹਾ ਪ੍ਰਾਪਤ ਕਰ ਲਈ ਸੀ, ਜਿਸ ਨੇ 1820 ਤੋਂ ਇਟਲੀ ਵਿੱਚ ਪੂਰਨ ਅਧਿਕਾਰਾਂ ਵਾਲ਼ੀ ਬਾਦਸ਼ਾਹਤ ਬਹਾਲ ਤੇ ਕਾਇਮ ਰੱਖੀ ਹੋਈ ਸੀ, ਜੋ 1810 ਦੇ ਦਿਵਾਲੀਏ ਰਾਹੀਂ ਆਪਣੀਆਂ ਦੇਣਦਾਰੀਆਂ ਦੇ ਇੱਕ ਭਾਗ ਤੋਂ ਮੁਕਤ ਹੋ ਗਿਆ ਸੀ, ਅਮਨ ਚੈਨ ਸਮਾਪਤ ਹੋਣ ਦੇ ਝੱਟ ਮਗਰੋਂ ਬਹੁਤ ਵੱਡੀਆਂ ਯੂਰਪੀ ਮੁਦਰਾ-ਮੰਡੀਆਂ ਵਿੱਚ ਆਪਣੀ ਸ਼ਾਖ਼ ਬਹਾਲ ਕਰ ਲਈ ਸੀ ਅਤੇ ਜਿਤਨੇ ਅਨੁਪਾਤ ਨਾਲ਼ ਉਸ ਦੀ ਸ਼ਾਖ਼ ਵਧੀ ਉਤਨੇ ਅਨੁਪਾਤ ਨਾਲ਼ ਉਸ ਨੇ ਲਾਭ ਉਠਾਇਆ। ਸੋ ਯੂਰਪ ਦੇ ਮੁਦਰਾ ਸਬੰਧੀ ਸਾਰੇ ਵੱਡੇ ਲੈਣ ਦੇਣ ਕਰਨ ਵਾਲ਼ਿਆਂ ਨੇ ਆਪਣੇ ਸਰਮਾਏ ਦਾ ਇੱਕ ਚੋਖਾ ਹਿੱਸਾ ਆਸਟਰੀਆ ਦੇ ਫ਼ੰਡਾਂ ਵਿੱਚ ਲਾਇਆ ਹੋਇਆ ਸੀ; ਉਹ ਸਾਰੇ ਹੀ ਆਸਟਰੀਆ ਦੀ ਸ਼ਾਖ਼ ਨੂੰ ਉੱਚਾ ਚੁੱਕਣ ਵਿੱਚ ਦਿਲਚਸਪੀ ਰੱਖਦੇ ਸਨ ਅਤੇ ਜਿਵੇਂ ਹੀ ਆਸਟਰੀਆ ਦੀ ਪਬਲਿਕ ਕਰੈਡਟ ਨੂੰ ਕਾਇਮ ਰੱਖਣ ਲਈ ਕਰਜ਼ਿਆਂ ਦੀ ਜ਼ਰੂਰਤ ਹੁੰਦੀ ਸੀ ਉਹ ਉਹਨਾਂ ਤੋਂ ਜ਼ਾਮਨੀਆਂ ਦੀ ਸ਼ਾਖ਼ ਨੂੰ ਉੱਚਾ ਰੱਖਣ ਲਈ ਜੋ ਉਹਨਾਂ ਪਹਿਲਾਂ ਦਿੱਤੀਆਂ ਹੋਈਆਂ ਸਨ ਸਮੇਂ ਸਮੇਂ ਨਵਾਂ ਸਰਮਾਇਆ ਲਾਉਂਦੇ ਰਹਿੰਦੇ ਸਨ। 1815 ਦੇ ਪਿੱਛੋਂ ਲੰਮੇ ਅਮਨ ਚੈਨ ਨੇ ਅਤੇ ਆਸਟਰੀਆ ਵਰਗੀ ਇੱਕ ਹਜ਼ਾਰ ਸਾਲ ਪੁਰਾਣੀ ਸਲਤਨਤ ਦੇ ਡਾਵਾਂਡੋਲ ਹੋਣ ਦੀ ਪ੍ਰਤੱਖ ਅਸੰਭਵਤਾ ਨੇ ਮੇਟਰਨਿਚ ਦੀ ਸਰਕਾਰ ਦੀ ਸ਼ਾਖ਼ ਨੂੰ ਅਚੰਭਾਜਨਕ ਮਾਤਰਾ ਵਿੱਚ ਵਧਾ ਦਿੱਤਾ ਅਤੇ ਇੱਥੋਂ ਤੱਕ ਕਿ ਉਸ ਨੂੰ ਵੀਆਨਾ ਦੇ ਬੈਂਕਰਾਂ

ਤੇ ਸੱਟੇਬਾਜ਼ਾਂ ਦੀ ਮਨਮਰਜ਼ੀ ਤੋਂ ਮੁਕਤ ਕਰ ਦਿੱਤਾ; ਕਿਉਂ ਜੋ ਜਿਤਨਾ ਚਿਰ ਮੇਟਰਨਿਚ ਫਰੈਂਕਫੋਰਟ ਤੇ ਐਮਸਟਰਡਮ ਤੋਂ ਪੈਸਾ ਪ੍ਰਾਪਤ ਕਰ ਸਕਦਾ ਸੀ ਨਿਰਸੰਦੇਹ ਉਸ ਨੂੰ ਆਸਟਰੀਆ ਦੇ ਸਰਮਾਏਦਾਰਾਂ ਤੋਂ ਆਪਣੀ ਈਨ ਮਨਵਾਉਣ ਦੀ ਤਸੱਲੀ ਪ੍ਰਾਪਤ ਸੀ। ਇਸ ਤੋਂ ਉਪਰੰਤ ਵੀ ਉਹ ਹਰ ਪੱਖੋਂ ਉਸ ਦੇ ਰਹਿਮ ਉੱਤੇ ਸਨ; ਵੱਡੇ ਮੁਨਾਫ਼ੇ ਜੋ ਬੈਂਕਰ, ਸੱਟੇਬਾਜ਼ ਤੇ ਸਰਕਾਰੀ ਠੇਕੇਦਾਰ ਹਮੇਸ਼ਾਂ ਇੱਕ ਪੂਰਨ ਅਧਿਕਾਰਾਂ ਵਾਲ਼ੀ ਬਾਦਸ਼ਾਹੀ ਤੋਂ ਪ੍ਰਾਪਤ ਕਰਨ ਜਾ ਯਤਨ ਕਰਦੇ ਸਨ ਉਹਨਾਂ ਦੀ ਮੁਜਰਾਈ ਲਗਭਗ ਅਸੀਮ ਤਾਕਤ ਰਾਹੀਂ ਕੀਤੀ ਜਾਂਦੀ ਸੀ ਜਿਹੜੀ ਤਾਕਤ ਸਰਕਾਰ ਖ਼ੁਦ ਉਹਨਾਂ ਦੇ ਉੱਤੇ ਤੇ ਉਹਨਾਂ ਦੀ ਦੌਲਤ ਉੱਤੇ ਭਾਰੂ ਹੋਣ ਵਿੱਚ ਰੱਖਦੀ ਸੀ; ਇਸ ਲਈ ਇਸ ਪਾਸਿਉਂ ਕਿਸੇ ਪ੍ਰਕਾਰ ਦੀ ਛੋਟੀ ਜਿੰਨੀ ਵਿਰੋਧਤਾਈ ਦੀ ਵੀ ਆਸ ਨਹੀਂ ਸੀ ਹੁੰਦੀ। ਸੋ, ਮੇਟਰਨਿਚ ਨੂੰ ਸਲਤਨਤ ਦੀਆਂ ਬਹੁਤ ਹੀ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਜਮਾਤਾਂ ਦੀ ਹਿਮਾਇਤ ਦਾ ਪੂਰਾ ਯਕੀਨ ਸੀ ਅਤੇ ਇਹਨਾਂ ਤੋਂ ਉਪਰੰਤ ਉਸ ਕੋਲ਼ ਇੱਕ ਫ਼ੌਜ ਤੇ ਇੱਕ ਨੌਕਰਸ਼ਾਹੀ ਵੀ ਸੀ ਜਿਸ ਦੀ, ਹਰ ਪ੍ਰਕਾਰ ਦੇ ਆਪਹੁਦਰੇਪਣ ਲਈ ਇਸ ਤੋਂ ਵੱਧ ਚੰਗੀ ਰਚਨਾ ਨਹੀਂ ਸੀ ਕੀਤੀ ਜਾ ਸਕਦੀ। ਆਸਟਰੀਆ ਦੀ ਸੇਵਾ ਵਿੱਚ ਅਸੈਨਿਕ ਤੇ ਫ਼ੌਜੀ ਅਫ਼ਸਰਾਂ ਦੀ ਇੱਕ ਆਪਣੀ ਹੀ ਨਸਲ ਸੀ; ਇਹਨਾਂ ਦੇ ਪਿਉ **ਕੈਸਰ** ਦੀ ਸੇਵਾ ਵਿੱਚ ਰਹੇ ਹਨ ਤੇ ਉਸੇ ਤਰ੍ਹਾਂ ਉਹਨਾਂ ਦੇ ਪੁੱਤਰ ਵੀ ਰਹਿਣਗੇ; ਉਹ ਦੋ-ਸਿਰੇ ਉਕਾਬ ਦੇ ਖੰਭਾਂ ਹੇਠ ਜੁੜੀਆਂ ਭਾਂਤ ਭਾਂਤ ਦੀਆਂ ਕੌਮੀਅਤਾਂ ਵਿੱਚ ਕਿਸੇ ਇੱਕ ਨਾਲ਼ ਵੀ ਸਬੰਧਿਤ ਨਹੀਂ ਹਨ। ਉਹ, ਜਿਵੇਂ ਕਿ ਸਦਾ ਹੁੰਦਾ ਆਇਆ ਹੈ, ਸਲਤਨਤ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ, ਪੋਲੈਂਡ ਤੋਂ ਇਟਲੀ, ਜਰਮਨੀ ਤੋਂ ਟਰਾਂਸਿਲਵਾਨੀਆ ਤੱਕ ਹਟਾਏ ਗਏ ਹਨ; ਹੰਗੇਰੀਅਨ, ਪੋਲ, ਜਰਮਨ, ਰੁਮਾਨੀਅਨ, ਇਤਾਲਵੀ, ਕਰੋਟ ਹਰ ਵਿਅਕਤੀ ਨੂੰ ਜਿਸ ਉੱਤੇ "ਬਾਦਸ਼ਾਹੀ ਤੇ ਸ਼ਾਹੀ" ਅਧਿਕਾਰ ਦਾ ਠੱਪਾ ਨਹੀਂ ਸੀ ਲੱਗਿਆ ਤੇ ਜਿਸ ਦਾ ਵੱਖਰਾ ਕੌਮੀ ਕਿਰਦਾਰ ਹੈ, ਉਹਨਾਂ ਵੱਲੋਂ ਉਸੇ ਤਰ੍ਹਾਂ ਘ੍ਰਿਣਾ ਕੀਤੀ ਜਾਂਦੀ ਹੈ। ਉਹਨਾਂ ਦੀ ਕੋਈ ਕੌਮੀਅਤ ਨਹੀਂ ਹੈ ਜਾਂ ਕੇਵਲ ਉਹੋ ਹੀ ਸਾਰੇ ਮਿਲ਼ ਕੇ ਅਸਲੀ ਅਸਟਰੀਅਨ ਕੌਮ ਬਣਦੇ ਹਨ। ਇਹ ਗੱਲ ਪ੍ਰਤੱਖ ਹੈ ਕਿ ਅਸੈਨਿਕ ਤੇ ਫ਼ੌਜੀ ਅਫ਼ਸਰਸ਼ਾਹੀ ਦੇ ਇੱਕ ਸਿਆਣੇ ਤੇ ਪ੍ਰਬਲ ਮੁੱਖੀ ਦੇ ਹੱਥ ਵਿੱਚ ਕਿਹੋ ਜਿਹਾ ਲਚਕਦਾਰ ਤੇ ਇਹਦੇ ਨਾਲ਼ ਹੀ ਸ਼ਕਤੀ ਵਾਲ਼ਾ ਹਥਿਆਰ ਹੋਣਾ ਚਾਹੀਦਾ ਹੈ।

ਜਿੱਥੋਂ ਤੱਕ ਵਸੋਂ ਦੀਆਂ ਦੂਜੀਆਂ ਜਮਾਤਾਂ ਦਾ ਸਬੰਧ ਹੈ, ਮੇਟਰਨਿਚ ਨੇ ਸਹੀ ਅਰਥਾਂ ਵਿੱਚ ਇੱਕ ਪੁਰਾਤਨ ਨੀਤੀਵਾਨ ਵਾਂਗ ਉਹਨਾਂ ਦੀ ਹਿਮਾਇਤ ਦੀ ਕੋਈ ਪਰਵਾਹ ਨਾ ਕੀਤੀ। ਉਹਨਾਂ ਸਬੰਧੀ ਉਸ ਦੀ ਇਹੋ ਨੀਤੀ ਸੀ: ਟੈਕਸਾਂ ਦੇ ਰੂਪ ਵਿੱਚ ਉਹਨਾਂ ਕੋਲ਼ੋਂ ਜਿਤਨਾ ਸੰਭਵ ਹੋਵੇ ਧਨ ਪ੍ਰਾਪਤ ਕੀਤਾ ਜਾਵੇ ਅਤੇ ਇਹਦੇ ਨਾਲ਼ ਹੀ ਉਹਨਾਂ ਨੂੰ ਖ਼ਾਮੋਸ਼ ਰੱਖਿਆ ਜਾਵੇ। ਤਜਾਰਤੀ ਤੇ ਮਾਲ ਤਿਆਰ ਕਰਨ ਵਾਲ਼ੀ ਮੱਧ ਸ਼੍ਰੇਣੀ ਆਸਟਰੀਆ ਵਿੱਚ ਸੁਸਤ ਵਾਧੇ ਵਾਲ਼ੀ ਜਮਾਤ ਸੀ। ਡਨਿਊਬ ਦੀ ਤਜਾਰਤ ਮੁਕਾਬਲਤਨ ਗ਼ੈਰਜ਼ਰੂਰੀ ਸੀ; ਦੇਸ਼ ਕੋਲ਼ ਕੇਵਲ ਇੱਕੋ ਬੰਦਰਗਾਹ ਟਰੀਸਟ ਸੀ ਅਤੇ ਇਸ ਬੰਦਰਗਾਹ ਦੀ ਤਜਾਰਤ ਬਹੁਤ ਹੀ ਸੀਮਤ ਸੀ। ਜਿੱਥੋਂ ਤੱਕ ਮਾਲ ਤਿਆਰ ਕਰਨ ਵਾਲ਼ਿਆਂ ਦਾ ਸਬੰਧ ਹੈ ਉਹਨਾਂ ਨੂੰ ਚੋਖੀ

ਸੁਰੱਖਿਆ ਪ੍ਰਾਪਤ ਸੀ, ਇੱਥੋਂ ਤੱਕ ਕਿ ਉਹ ਬਹੁਤੀਆਂ ਹਾਲਤਾਂ ਵਿੱਚ ਸਾਰੇ ਵਿਦੇਸ਼ੀ ਮੁਕਾਬਲੇ ਤੋਂ ਪੂਰੀ ਤਰ੍ਹਾਂ ਮੁਕਤ ਸਨ; ਪਰ ਇਹ ਸਹੂਲਤ ਉਹਨਾਂ ਨੂੰ ਅਸੂਲੀ ਤੌਰ 'ਤੇ ਟੈਕਸ ਅਦਾ ਕਰਨ ਦੀ ਸਮਰੱਥਾ ਵਧਾਉਣ ਦੇ ਵਿਚਾਰ ਨੂੰ ਮੁੱਖ ਰੱਖ ਕੇ ਦਿੱਤੀ ਗਈ ਸੀ ਅਤੇ ਇਸ ਨੂੰ ਮਾਲ ਤਿਆਰ ਕਰਨ ਵਾਲਿਆਂ ਉੱਤੇ ਅੰਦਰੂਨੀ ਪਾਬੰਦੀਆਂ ਰਾਹੀਂ, ਗਿਲਡਾਂ ਤੇ ਹੋਰ ਜਾਗੀਰੂ ਕਾਰਪੋਰੇਸ਼ਨਾਂ ਨੂੰ, ਜਿਨ੍ਹਾਂ ਨੂੰ ਉਤਨੇ ਸਮੇਂ ਲਈ ਬੜੀ ਸਾਵਧਾਨੀ ਨਾਲ਼ ਕਾਇਮ ਰੱਖਿਆ ਹੋਇਆ ਸੀ ਜਿੰਨਾਂ ਚਿਰ ਉਹ ਸਰਕਾਰ ਦੇ ਉਦੇਸ਼ਾਂ ਤੇ ਵਿਚਾਰਾਂ ਦੇ ਰਾਹ ਵਿੱਚ ਰੋੜਾ ਨਾ ਬਣਨ, ਦਿੱਤੀਆਂ ਸਹੂਲਤਾਂ ਰਾਹੀਂ ਵੱਡੀ ਮਾਤਰਾ ਵਿੱਚ ਘੱਟ ਲਾਹੇਵੰਦ ਬਣਾਇਆ ਹੋਇਆ ਸੀ। ਛੋਟੇ ਵਪਾਰ ਇਹਨਾਂ ਮੱਧਕਾਲੀ ਗਿਲਡਾਂ ਦੀਆਂ ਤੰਗ ਹੱਦਾਂ ਦੇ ਅੰਦਰ ਬੰਦ ਸਨ, ਜਿਨ੍ਹਾਂ ਨੇ ਵੱਖ ਵੱਖ ਕਿੱਤਿਆਂ ਨੂੰ ਇੱਕ ਦੂਜੇ ਦੇ ਵਿਰੁੱਧ ਸਹੂਲਤਾਂ ਪ੍ਰਾਪਤ ਕਰਨ ਦੀ ਨਿਰੰਤਰ ਲੜਾਈ ਵਿੱਚ ਰੁਝਾਇਆ ਹੋਇਆ ਸੀ ਅਤੇ ਇਹਦੇ ਨਾਲ਼ ਹੀ, ਉਹਨਾਂ ਨੇ ਮਜ਼ਦੂਰ ਜਮਾਤ ਦੇ ਮੈਂਬਰਾਂ ਨੂੰ ਆਪਣੀ ਸਮਾਜਕ ਪੱਧਰ ਉੱਚੀ ਕਰਨ ਦੀ ਸੰਭਾਵਨਾ ਤੋਂ ਵਿਰਵੇ ਰੱਖਦਿਆਂ, ਉਹਨਾਂ ਅਣ-ਇੱਛਕ ਸੰਸਥਾਵਾਂ ਦੇ ਮੈਂਬਰਾਂ ਨੂੰ ਇੱਕ ਕਿਸਮ ਦੀ ਜੱਦੀ ਸਥਿਰਤਾ ਦਿੱਤੀ ਹੋਈ ਸੀ। ਅਖ਼ੀਰ ਵਿੱਚ, ਕਿਸਾਨ ਤੇ ਕਿਰਤੀ ਲੋਕਾਂ ਨਾਲ਼ ਮਹਿਜ਼ ਟੈਕਸ ਅਦਾ ਕਰਨ ਵਾਲ਼ਿਆਂ ਵਾਂਗ ਵਰਤਿਆ ਜਾਂਦਾ ਸੀ ਅਤੇ ਉਹਨਾਂ ਸਬੰਧੀ ਕੇਵਲ ਇਹੋ ਧਿਆਨ ਰੱਖਿਆ ਜਾਂਦਾ ਸੀ ਕਿ ਉਹਨਾਂ ਨੂੰ ਜਿਤਨਾ ਸੰਭਵ ਹੋਵੇ ਜੀਵਨ ਦੀਆਂ ਉਹਨਾਂ ਹੀ ਹਾਲਤਾਂ ਵਿੱਚ ਰੱਖਿਆ ਜਾਵੇ ਜਿਨ੍ਹਾਂ ਵਿੱਚ ਉਹ ਉਸ ਸਮੇਂ ਰਹਿ ਰਹੇ ਸਨ ਅਤੇ ਜਿਨ੍ਹਾਂ ਵਿੱਚ ਉਹਨਾਂ ਦੇ ਪਿਉ ਉਹਨਾਂ ਤੋਂ ਪਹਿਲਾਂ ਰਹਿੰਦੇ ਰਹੇ ਸਨ। ਇਸ ਉਦੇਸ਼ ਲਈ, ਹਰ ਪੁਰਾਣੀ ਸਥਾਪਤ ਹੋਈ ਜੱਦੀ ਸੱਤ੍ਹਾ ਉਸੇ ਢੰਗ ਨਾਲ਼ ਕਾਇਮ ਸੀ ਜਿਵੇਂ ਕਿ ਰਾਜ ਦੀ; ਜਾਗੀਰਦਾਰ ਦਾ ਛੋਟੇ ਮੁਜ਼ਾਰਾ-ਕਿਸਾਨ ਉੱਤੇ, ਉਤਪਾਦਕ ਦਾ ਕਾਮੇ ਉੱਤੇ, ਛੋਟੇ ਮਾਲਕ ਦਾ ਮਾਲ ਵੇਚਣ ਵਾਲ਼ੇ ਏਜੰਟ ਤੇ ਸਿਖਾਂਦਰੂ ਉੱਤੇ, ਪਿਉ ਦਾ ਪੁੱਤਰ ਉੱਤੇ ਅਧਿਕਾਰ, ਹਰ ਥਾਂ 'ਤੇ ਸਰਕਾਰ ਵੱਲੋਂ ਬੜੀ ਕੱਟੜਤਾ ਨਾਲ਼ ਕਾਇਮ ਰੱਖਿਆ ਗਿਆ ਸੀ ਅਤੇ ਹੁਕਮ ਨਾ ਮੰਨਣ ਵਾਲ਼ਿਆਂ ਦੀ ਹਰ ਸ਼ਾਖ਼ ਨੂੰ, ਕਾਨੂੰਨ ਦੀ ਉਲੰਘਣਾ ਕਰਨ ਵਾਲ਼ਿਆਂ ਵਾਂਗ, ਆਸਟਰੀਅਨ ਨਿਆਂ ਦੇ ਉਸ ਸਰਬਵਿਆਪੀ ਹਥਿਆਰ—ਡੰਡੇ—ਨਾਲ਼ ਸਜ਼ਾ ਦਿੱਤੀ ਜਾਂਦੀ ਸੀ।

ਅੰਤ ਵਿੱਚ ਇੱਕ ਬਣਾਉਟੀ ਸਥਿਰਤਾ ਪੈਦਾ ਕਰਨ ਲਈ ਇਹਨਾਂ ਸਾਰੇ ਯਤਨਾਂ ਨੂੰ ਇੱਕ ਵਿਸ਼ਾਲ ਪ੍ਰਣਾਲੀ ਵਿੱਚ ਜੋੜਨ ਲਈ ਕੌਮ ਨੂੰ ਬੌਧਕ ਖ਼ੁਰਾਕ ਦੇਣ ਦੀ ਆਗਿਆ ਦਿੱਤੀ ਗਈ ਜੋ ਬਹੁਤ ਹੀ ਸਾਵਧਾਨੀ ਨਾਲ਼ ਚੁਣੀ ਗਈ ਤੇ ਸੰਭਵ ਹੱਦ ਤੱਕ ਲਿਸ਼ਕਾ ਪੁਸ਼ਕਾ ਕੇ ਪੇਸ਼ ਕੀਤੀ ਗਈ। ਹਰ ਥਾਂ 'ਤੇ ਵਿੱਦਿਅਕ ਕੈਥੋਲਿਕ ਪਾਦਰੀ ਵਰਗ ਦੇ ਹੱਥਾਂ ਵਿੱਚ ਸੀ, ਜਿਨ੍ਹਾਂ ਦੇ ਮੁਖੀ, ਵੱਡੇ ਜਾਗੀਰਦਾਰਾਂ ਦੇ ਢੰਗ ਅਨੁਸਾਰ ਮੌਜੂਦ ਪ੍ਰਬੰਧ ਨੂੰ ਸੁਰੱਖਿਅਤ ਰੱਖਣ ਵਿੱਚ ਦਿਲਚਸਪੀ ਰੱਖਦੇ ਸਨ। ਵਿਸ਼ਵ-ਵਿਦਿਆਲੇ ਇਸ ਢੰਗ ਨਾਲ਼ ਜੱਥੇਬੰਦ ਕੀਤੇ ਸਨ, ਜੋ ਕੇਵਲ ਵਿਸ਼ੇਸ਼ ਮਨੁੱਖਾਂ ਨੂੰ ਹੀ ਪੈਦਾ ਕਰਦੇ ਸਨ, ਭਾਵੇਂ ਉਹ ਗਿਆਨ ਦੀ ਉਰਲੀਆਂ ਪਰਲੀਆਂ ਵਿਸ਼ੇਸ਼ ਸ਼ਾਖ਼ਾਂ ਵਿੱਚ ਭਾਰੀ ਨਿਪੁੰਨਤਾ ਪ੍ਰਾਪਤ ਕਰਨ ਜਾਂ ਨਾ ਕਰਨ, ਪਰ ਇਹ ਗਿਆਨ, ਸਭਨਾਂ ਹਾਲਤਾਂ ਵਿੱਚ ਉਹ ਸਰਬਵਿਆਪੀ ਉਦਾਰਵਾਦੀ ਵਿੱਦਿਆ ਤੋਂ ਵਿਰਵਾ

ਸੀ ਜਿਸ ਦੀ ਦੂਜੇ ਵਿਸ਼ਵ ਵਿਦਿਆਲਿਆਂ ਵੱਲੋਂ ਦਿੱਤੇ ਜਾਣ ਦੀ ਆਸ ਰੱਖੀ ਜਾਂਦੀ ਹੈ। ਹੰਗਰੀ ਤੋਂ ਬਿਨਾਂ, ਕੋਈ ਅਖ਼ਬਾਰੀ ਪ੍ਰੈੱਸ ਨਹੀਂ ਸੀ ਅਤੇ ਹੰਗਰੀ ਦੇ ਅਖ਼ਬਾਰਾਂ ਨੂੰ ਬਾਦਸ਼ਾਹਤ ਦੇ ਬਾਕੀ ਸਾਰੇ ਭਾਗਾਂ ਵਿੱਚ ਮਨਾਹੀ ਸੀ। ਜਿੱਥੋਂ ਤੱਕ ਆਮ ਸਾਹਿਤ ਦਾ ਸਬੰਧ ਹੈ, ਇਸ ਦਾ ਘੇਰਾ ਇੱਕ ਸਦੀ ਤੋਂ ਚੌੜਾ ਨਹੀਂ ਸੀ ਕੀਤਾ ਗਿਆ, ਜੋਸਫ਼ ਦੂਜੇ ਦੀ ਮੌਤ ਦੇ ਮਗਰੋਂ ਇਸ ਨੂੰ ਮੁੜ ਤੰਗ ਕਰ ਦਿੱਤਾ ਗਿਆ ਅਤੇ ਸਾਰੀ ਸਰਹੱਦ ਉੱਤੇ, ਜਿੱਥੇ ਜਿੱਥੇ ਆਸਟਰੀਅਨ ਰਾਜ ਸੱਭਿਆ ਦੇਸ਼ ਨੂੰ ਛੋਂਹਦੇ ਸਨ, ਸਾਹਿਤਕ ਸੈਂਸਰਾਂ ਦਾ ਘੇਰਾ ਸਥਾਪਤ ਸੀ ਜੋ ਅਧਿਕਾਰੀਆਂ ਦੇ ਚੁੰਗੀਘਰਾਂ ਦੇ ਘੇਰੇ ਦੇ ਨਾਲ਼ ਜੁੜਿਆ ਹੋਇਆ ਸੀ, ਇਹ ਘੇਰਾ ਹਰ ਵਿਦੇਸ਼ੀ ਪੁਸਤਕ ਜਾਂ ਅਖ਼ਬਾਰ ਨੂੰ ਉਦੋਂ ਤੱਕ ਆਸਟਰੀਆ ਵਿੱਚ ਆਉਣ ਨਹੀਂ ਸੀ ਦਿੰਦਾ ਜਦੋਂ ਤੱਕ ਉਸ ਦਾ ਵਿਸ਼ਾ-ਵਸਤੂ ਦੋ ਜਾਂ ਤਿੰਨ ਵਾਰ ਚੰਗੀ ਤਰ੍ਹਾਂ ਘੋਖਿਆ ਨਹੀਂ ਸੀ ਜਾਂਦਾ ਅਤੇ ਉਸ ਨੂੰ ਸਮੇਂ ਦੀ ਗੰਦੀ ਭਾਵਨਾ ਦੀ ਰਤਾ ਜਿੰਨੀ ਵੀ ਲਾਗ ਤੋਂ ਪਾਕ ਨਹੀਂ ਸੀ ਸਮਝਿਆ ਜਾਂਦਾ।

1815 ਤੋਂ ਲਗਭਗ 30 ਸਾਲ ਮਗਰੋਂ ਤੱਕ ਇਸ ਪ੍ਰਬੰਧ ਨੇ ਸ਼ਾਨਦਾਰ ਸਫ਼ਲਤਾ ਨਾਲ਼ ਕੰਮ ਕੀਤਾ। ਯੂਰਪ ਆਸਟਰੀਆ ਤੋਂ ਲਗਭਗ ਅਣਜਾਣ ਰਿਹਾ ਅਤੇ ਆਸਟਰੀਆ ਵੀ ਯੂਰਪ ਤੋਂ ਪੂਰੀ ਤਰ੍ਹਾਂ ਅਣਜਾਣ ਰਿਹਾ। ਵਸੋਂ ਦੀ ਹਰ ਜਮਾਤ ਦੀ ਅਤੇ ਸਮੁੱਚੀ ਵਸੋਂ ਦੀ ਸਮਾਜਕ ਹਾਲਤ ਵਿੱਚ ਰਤਾ ਜਿੰਨੀ ਤਬਦੀਲੀ ਆਈ ਨਹੀਂ ਸੀ ਵਿਖਾਈ ਦੇਂਦੀ। ਇੱਕ ਜਮਾਤ ਦੀ ਦੂਜੀ ਜਮਾਤ ਪ੍ਰਤੀ ਜੇ ਕੋਈ ਰੜਕ ਮੌਜੂਦ ਵੀ ਸੀ — ਅਤੇ ਇਸ ਰੜਕ ਦੀ ਹੋਂਦ ਮੇਟਰਨਿਚ ਲਈ, ਸਰਕਾਰ ਦੀ ਇੱਕ ਮੁੱਖ ਸ਼ਰਤ ਸੀ, ਜਿਸ ਦੀ ਉਹ ਉਚੇਰੀਆਂ ਜਮਾਤਾਂ ਨੂੰ ਸਰਕਾਰ ਦੀਆਂ ਸਾਰੀਆਂ ਜ਼ਬਰਦਸਤੀਆਂ ਦੇ ਹਥਿਆਰ ਬਣਾਉਣ ਰਾਹ ਪਾਲਣਾ ਕਰਦਾ ਸੀ ਅਤੇ ਇਸ ਤਰ੍ਹਾਂ ਸਾਰੀ ਨਮੋਸ਼ੀ ਉਹਨਾਂ ਦੇ ਸਿਰ ਮੜ੍ਹਦਾ ਸੀ — ਘਟੀਆ ਅਫ਼ਸਰਾਂ ਦੇ ਵਿਰੁੱਧ ਲੋਕਾਂ ਦੇ ਮਨਾਂ ਵਿੱਚ ਭਾਵੇਂ ਕਿਹੋ ਜਿਹੀ ਵੀ ਘ੍ਰਿਣਾ ਸੀ, ਸਮੁੱਚੇ ਤੌਰ ’ਤੇ ਕੇਂਦਰੀ ਸਰਕਾਰ ਦੇ ਵਿਰੁੱਧ ਅਸੰਤੁਸ਼ਟਤਾ ਨਾਂ-ਮਾਤਰ ਸੀ ਜਾਂ ਬਿਲੁਕਲ ਮੌਜੂਦ ਨਹੀਂ ਸੀ। ਸ਼ਹਿਨਸ਼ਾਹ ਦੀ ਪੂਜਾ ਹੁੰਦੀ ਸੀ ਅਤੇ ਬੁੱਢਾ ਪਹਿਲਾ ਫ਼ਰਾਂਸਿਸ ਉਦੋਂ ਤੱਥਾਂ ਰਾਹੀਂ ਪੁਸ਼ਟੀ ਕਰਦਾ ਜਾਪਦਾ ਸੀ, ਜਦੋਂ ਇੱਕ ਪ੍ਰਬੰਧ ਦੀ ਪਾਏਦਾਰੀ ਉੱਤੇ ਸ਼ੱਕ ਕਰਦਿਆਂ, ਉਸ ਨੇ ਸੰਤੁਸ਼ਟਤਾ ਨਾਲ਼ ਆਖਿਆ ਸੀ : “ਅਤੇ ਫਿਰ ਵੀ ਇਹ ਮੇਰੇ ਅਤੇ ਮੇਟਰਨਿਚ ਦੇ ਜੀਵਨ ਕਾਲ ਵਿੱਚ ਕਾਇਮ ਰਹੇਗਾ।”

ਪਰ ਲੁਕਵੇਂ ਤੌਰ ’ਤੇ ਸਹਿਜੇ ਸਹਿਜੇ ਇੱਕ ਲਹਿਰ ਚੱਲ ਰਹੀ ਸੀ ਜਿਸ ਨੇ ਮੇਟਰਨਿਚ ਦੇ ਸਾਰੇ ਯਤਨਾਂ ਨੂੰ ਮਾਤ ਪਾ ਦਿੱਤੀ। ਉਤਪਾਦਕ ਤੇ ਤਜਾਰਤੀ ਮੱਧ ਸ਼੍ਰੇਣੀ ਦੀ ਦੌਲਤ ’ਤੇ ਪ੍ਰਭਾਵ ਵੱਧ ਗਿਆ। ਉਤਪਾਦਨ ਵਿੱਚ ਮਸ਼ੀਨਰੀ ਤੇ ਭਾਫ਼ ਸ਼ਕਤੀ ਦੀ ਆਮਦ ਨੇ ਆਸਟਰੀਆ ਵਿੱਚ ਸਮਾਜ ਦੀਆਂ ਸਾਰੀਆਂ ਜਮਾਤਾਂ ਦੇ ਪੁਰਾਣੇ ਸਬੰਧਾਂ ਤੇ ਅਤਿ ਜ਼ਰੂਰੀ ਹਾਲਤਾਂ ਨੂੰ ਉੱਥਲ ਪੁੱਥਲ ਦਿੱਤਾ ਜਿਵੇਂ ਕਿ ਇਸ ਨੇ ਹੋਰ ਸਾਰੀਆਂ ਥਾਵਾਂ ’ਤੇ ਕੀਤਾ ਸੀ; ਇਸ ਨੇ ਭੂਮੀ-ਗ਼ੁਲਾਮਾਂ ਨੂੰ ਸੁਤੰਤਰ ਮਨੁੱਖਾਂ ਵਿੱਚ ਬਦਲ ਦਿੱਤਾ, ਛੋਟੇ ਕਿਸਾਨਾਂ ਨੂੰ ਉਤਪਾਦਕਾਂ ਤੇ ਮਜ਼ਦੂਰਾਂ ਵਿੱਚ ਬਦਲ ਦਿੱਤਾ, ਇਸ ਨੇ ਪੁਰਾਣੀਆਂ ਜਗੀਰੂ ਤਜਾਰਤੀ-ਕਾਰਪੋਰੇਸ਼ਨਾਂ ਦੀਆਂ ਜੜ੍ਹਾਂ ਉਖੇੜ ਦਿੱਤੀਆਂ ਅਤੇ ਉਹਨਾਂ ਵਿੱਚੋਂ ਕਈਆਂ ਦੀ ਹੋਂਦ ਦੇ ਸਾਧਨ ਤਬਾਹ ਕਰ ਦਿੱਤੇ। ਇੱਕ

ਨਵੀਂ ਵਪਾਰਕ ਤੇ ਉਤਪਾਦਕ ਵਸੋਂ ਦੀ ਹਰ ਥਾਂ 'ਤੇ ਪੁਰਾਣੀਆਂ ਜਾਗੀਰੂ ਸੰਸਥਾਵਾਂ ਨਾਲ਼ ਟੱਕਰ ਹੋਣ ਲੱਗੀ। ਮੱਧ ਸ਼੍ਰੇਣੀਆਂ ਨੂੰ ਆਪਣੇ ਵਪਾਰ ਰਾਹੀਂ ਬਾਹਲੇ ਦੇਸ਼ਾਂ ਵਿੱਚ ਜਾਣ ਦੀ ਵਧੇਰੇ ਤੋਂ ਵਧੇਰੇ ਪ੍ਰੇਰਣਾ ਮਿਲ਼ੀ, ਉਹਨਾਂ ਨੇ ਚੁੰਗੀਘਰਾਂ ਦੀ ਸਾਰੀ ਸੀਮਾਂ ਤੋਂ ਪਰ੍ਹੇ ਸਥਿਤ ਸੱਭਿਆ ਦੇਸ਼ਾਂ ਦਾ ਕਲਪਿਤ ਗਿਆਨ ਇੱਥੇ ਲਿਆਂਦਾ, ਅੰਤ ਵਿੱਚ, ਰੇਲਾਂ ਦੀ ਆਮਦ ਨੇ ਸਨਅਤੀ ਤੇ ਬੌਧਿਕ ਲਹਿਰ ਨੂੰ ਉਤਸ਼ਾਹਤ ਕੀਤਾ। ਆਸਟਰੀਆ ਦੇ ਰਾਜ ਦੀ ਸੰਸਥਾਪਨ ਵਿੱਚ ਵੀ ਇੱਕ ਖ਼ਤਰਨਾਕ ਭਾਗ ਸੀ, ਜਿਵੇਂ ਹੰਗਰਿਆਈ ਜਗੀਰਦਾਰ ਸੰਵਿਧਾਨ, ਜਿਸ ਵਿੱਚ ਪਾਰਲੀਮੈਂਟਰੀ ਕਾਰਵਾਈਆਂ ਦੀ ਅਤੇ ਸਰਕਾਰ ਤੇ ਇਸ ਧਨ ਕੁਬੇਰ ਇਤਿਹਾਦੀਆਂ ਦੇ ਵਿਰੁੱਧ ਰਈਸਸ਼ਾਹੀ ਦੇ ਕਿਸਾਨ ਵਿਰੋਧੀ ਸਮੂਹਾਂ ਦੀਆਂ ਜੱਦੋਜਹਿਦਾਂ ਦੀ ਵਿਵਸਥਾ ਸੀ, ਪਰੈਸਬੁਰਗ*, ਡੀਟ ਦਾ ਸਥਾਨ, ਵੀਆਨਾ ਦੇ ਬੂਹਿਆਂ ਉੱਤੇ ਸੀ। ਸਾਰਿਆਂ ਅੰਸ਼ਾਂ ਨੇ ਨਗਰਾਂ ਦੀਆਂ ਮੱਧ ਸ਼੍ਰੇਣੀਆਂ ਵਿਚਾਲੇ ਵਿਰੋਧਤਾ ਦੀ ਭਾਵਨਾ ਪੈਦਾ ਕਰਨ ਲਈ ਹਿੱਸਾ ਪਾਇਆ, ਪਰ ਉਹ ਸਹੀ ਤੌਰ 'ਤੇ ਵਿਰੋਧਤਾ ਨਹੀਂ ਸੀ, ਕੇਵਲ ਬੇਚੈਨੀ ਸੀ, ਸੁਧਾਰਾਂ ਲਈ ਇੱਕ ਆਮ ਇੱਛਾ, ਜੋ ਇੱਕ ਸੰਵਿਧਾਨਕ ਖ਼ਾਸੇ ਨਾਲ਼ੋਂ ਵਧੇਰੇ ਇੱਕ ਪ੍ਰਬੰਧਕ ਖ਼ਾਸੇ ਵਾਲ਼ੀ ਸੀ ਅਤੇ ਪ੍ਰਸ਼ੀਆ ਵਰਗੇ ਅੰਦਾਜ਼ ਨਾਲ਼ ਨੌਕਰਸ਼ਾਹੀ ਦਾ ਇੱਕ ਭਾਗ ਬੁਰਜੂਆਜ਼ੀ ਵਿੱਚ ਸ਼ਾਮਲ ਹੋ ਗਿਆ। ਅਫ਼ਸਰਾਂ ਦੀ ਇਸ ਜੱਦੀ ਨਸਲ ਵਿਚਾਲੇ ਜੋਸਫ਼ ਦੂਜੇ ਦੀਆਂ ਰਵਾਇਤਾਂ ਨਹੀਂ ਸਨ ਭੁਲਾਈਆਂ ਗਈਆਂ ਤੇ ਸਰਕਾਰ ਦੇ ਵਧੇਰੇ ਪੜ੍ਹੇ ਲਿਖੇ ਕਰਮਚਾਰੀ, ਜਿਹੜੇ ਕਈ ਵਾਰ ਆਪਣੇ ਆਪ ਨੂੰ ਖ਼ਿਆਲੀ ਤੌਰ 'ਤੇ ਸੰਭਵ ਸੁਧਾਰਾਂ ਨਾਲ਼ ਰਲ਼ਗੱਡ ਕਰ ਲੈਂਦੇ ਸਨ, ਮੇਟਰਨਿਚ ਦੀ "ਪਿਤਰੀ" ਆਪਹੁਦਰਾਸ਼ਾਹੀ ਨਾਲ਼ੋਂ ਉਸ ਸ਼ਹਿਨਸ਼ਾਹ ਦੀ ਅਗਾਂਹ ਵਧੂ ਤੇ ਬੌਧਿਕ ਆਪਹੁਦਰਾਸ਼ਾਹੀ ਨੂੰ ਵਧੇਰੇ ਪਸੰਦ ਕਰਦੇ ਸਨ। ਗ਼ਰੀਬ ਕੁਲੀਨ ਵਰਗ ਦੇ ਇੱਕ ਭਾਗ ਨੇ ਮੱਧ ਸ਼੍ਰੇਣੀ ਦਾ ਸਾਥ ਦਿੱਤਾ ਅਤੇ ਜਿੱਥੋਂ ਤੱਕ ਵਸੋਂ ਦੀਆਂ ਨਿਚਲੀਆਂ ਜਮਾਤਾਂ ਦਾ ਸਬੰਧ ਹੈ, ਜੋ ਜੇ ਸਰਕਾਰ ਦੇ ਵਿਰੁੱਧ ਨਹੀਂ ਤਾਂ ਆਪਣੇ ਤੋਂ ਉੱਚਿਆਂ ਦੇ ਵਿਰੁੱਧ ਹਮੇਸ਼ਾਂ ਸ਼ਿਕਾਇਤਾਂ ਕਰਨ ਦਾ ਕਾਫ਼ੀ ਅਧਾਰ ਲੱਭ ਲੈਂਦੀਆਂ ਸਨ, ਉਹ ਬਹੁਤੀਆਂ ਹਾਲਤਾਂ ਵਿੱਚ ਬੁਰਜੂਆਜ਼ੀ ਦੀਆਂ ਸੁਧਾਰਕ ਇੱਛਾਵਾਂ ਦੀ ਪਾਲਣਾ ਕਰਨੋਂ ਨਹੀਂ ਸਨ ਰਹਿ ਸਕਦੀਆਂ।

ਲਗਭਗ ਇਹੋ ਸਮਾਂ ਸੀ, 1843 ਜਾਂ 1844 ਦਾ ਸਮਾਂ, ਜਦੋਂ ਸਾਹਿਤ ਦੀ ਇੱਕ ਵਿਸ਼ੇਸ਼ ਸ਼ਾਖ਼, ਜੋ ਇਸ ਤਬਦੀਲੀ ਨਾਲ਼ ਸਹਿਮਤ ਸੀ, ਜਰਮਨੀ ਵਿੱਚ ਸਥਾਪਤ ਹੋਈ। ਆਸਟਰੀਆ ਦੇ ਕੁੱਝ ਕੁ ਲੇਖਕਾਂ, ਨਾਵਲਕਾਰਾਂ, ਸਾਹਿਤ ਆਲੋਚਕਾਂ, ਘਟੀਆ ਕਵੀਆਂ ਨੇ, ਜੋ ਸਾਰੇ ਤੁੱਛ ਜਿਹੀ ਯੋਗਤਾ ਵਾਲ਼ੇ ਸਨ,ਪਰ ਜਿਨ੍ਹਾਂ ਵਿੱਚ ਯਹੂਦੀ ਨਸਲ ਵਰਗੀ ਅਨੋਖੀ ਮਿਹਨਤ ਦਾ ਗੁਣ ਸੀ, ਆਸਟਰੀਆ ਤੋਂ ਬਾਹਰ ਲੀਪਸਿਕ ਤੇ ਹੋਰ ਜਰਮਨ ਨਗਰਾਂ ਵਿੱਚ ਆਪਣੇ ਆਪ ਨੂੰ ਸਥਾਪਤ ਕਰ ਲਿਆ ਅਤੇ ਉੱਥੇ, ਮੇਟਰਨਿਚ ਦੀ ਪਹੁੰਚ ਤੋਂ ਬਾਹਰ, ਆਸਟਰੀਆ ਦੇ ਮਾਮਲਿਆਂ ਬਾਰੇ ਕਈ ਪੁਸਤਕਾਂ ਤੇ ਕਿਤਾਬਚੇ ਪ੍ਰਕਾਸ਼ਤ ਕੀਤੇ। ਉਹਨਾਂ ਤੇ ਉਹਨਾਂ ਦੇ ਪ੍ਰਕਾਸ਼ਕਾਂ ਨੇ ਇਸ ਦਾ ਇੱਕ ਬਹੁਤ ਭਾਰੀ ਵਪਾਰ ਕੀਤਾ। ਸਾਰਾ ਜਰਮਨੀ ਯੂਰਪੀ

* ਸਲਾਵ ਨਾਂ : ਬਰਾਤਿਸਲਾਵਾ –ਸੰਪਾਦਕ।

ਚੀਨ ਦੀ ਨੀਤੀ ਦੇ ਭੇਦਾਂ ਦਾ ਹਿੱਸੇਦਾਰ ਬਣਨ ਨੂੰ ਉਤਾਵਲਾ ਸੀ ਅਤੇ ਖ਼ੁਦ ਆਸਟਰਿਆਈ ਲੋਕ ਜਿਨ੍ਹਾਂ ਨੇ ਬੋਹੇਮੀਅਨ* ਸਰਹੱਦ ਉੱਤੇ ਹੁੰਦੀ ਥੋਕ ਸਮੱਗਲਿੰਗ ਰਾਹੀਂ ਇਹ ਪ੍ਰਕਾਸ਼ਨਾਵਾਂ ਪ੍ਰਾਪਤ ਕੀਤੀਆਂ, ਉਸ ਤੋਂ ਵੀ ਵਧੇਰੇ ਉਤਾਵਲੇ ਸਨ। ਨਿਰਸੰਦੇਹ, ਇਹਨਾਂ ਪ੍ਰਕਾਸ਼ਨਾਵਾਂ ਵਿੱਚ ਖੋਲ੍ਹੇ ਗਏ ਭੇਦਾਂ ਦੀ ਕੋਈ ਬਹੁਤੀ ਮਹੱਤਤਾ ਨਹੀਂ ਸੀ ਅਤੇ ਉਹਨਾਂ ਸ਼ੁੱਭ-ਭਾਵੀ ਲੇਖਕਾਂ ਵੱਲੋਂ ਵਿਉਂਤੀਆਂ ਗਈਆਂ ਸੁਧਾਰ ਯੋਜਨਾਵਾਂ ਹਾਨੀ-ਰਹਿਤ ਸਨ, ਰਾਜਨੀਤਕ ਪਵਿੱਤਰਤਾ ਵਰਗੀਆਂ। ਆਸਟਰੀਆ ਲਈ ਇੱਕ ਸੰਵਿਧਾਨ ਤੇ ਆਜ਼ਾਦ ਪ੍ਰੈੱਸ ਵਰਗੀਆਂ ਗੱਲਾਂ ਅਪਰਾਪਤੀਯੋਗ ਸਮਝੀਆਂ ਗਈਆਂ; ਪ੍ਰਬੰਧਕੀ ਸੁਧਾਰ, ਪ੍ਰਾਂਤਕ ਸੰਸਦਾਂ ਦੇ ਅਧਿਕਾਰਾਂ ਵਿੱਚ ਵਿਸਥਾਰ, ਵਿਦੇਸ਼ੀ ਪੁਸਤਕਾਂ ਤੇ ਅਖ਼ਬਾਰ ਦੇ ਅੰਦਰ ਆਉਣ ਦੀ ਆਗਿਆ ਅਤੇ ਘੱਟ ਕਰੜੀ ਸੈਂਸਰਸ਼ਿਪ— ਇਹਨਾਂ ਚੰਗੇ ਆਸਟਰਿਆਈ ਲੋਕਾਂ ਦੀਆਂ ਵਫ਼ਾਦਾਰ ਤੇ ਨਿਰਮਾਣ ਇੱਛਾਵਾਂ ਦੀ ਪੂਰਤੀ ਨਾ ਹੋਈ।

ਸਾਰੀਆਂ ਹਾਲਤਾਂ ਵਿੱਚ ਆਸਟਰੀਆ ਦੇ ਬਾਕੀ ਦੇ ਜਰਮਨੀ ਨਾਲ਼ ਅਤੇ ਜਰਮਨੀ ਰਾਹੀਂ ਬਾਕੀ ਦੇ ਸੰਸਾਰ ਨਾਲ਼ ਸਜੀਵ ਪਰਸਪਰ ਸਬੰਧਾਂ ਨੂੰ ਰੋਕਣ ਦੀ ਵੱਧਦੀ ਅਸੰਭਵਤਾ ਨੇ ਇੱਕ ਸਰਸਰੀ ਵਿਰੋਧੀ ਰਾਇ ਬਣਾਉਣ ਵਿੱਚ ਬਹੁਤ ਹਿੱਸਾ ਪਾਇਆ ਅਤੇ ਕੁੱਝ ਕੁ ਰਾਜਨੀਤਕ ਜਾਣਕਾਰੀ ਆਸਟਰੀਆ ਦੀ ਵਸੋਂ ਦੇ ਇੱਕ ਭਾਗ ਦੀ ਪਹੁੰਚ ਵਿੱਚ ਲੈ ਆਂਦੀ। ਸੋ 1847 ਦੇ ਅੰਤ ਤੱਕ, ਉਸ ਦੀ ਰਾਜਨੀਤਕ ਤੇ ਰਾਜਸੀ-ਧਾਰਮਕ ਐਜੀਟੇਸ਼ਨ ਨੇ ਆਸਟਰੀਆ ਨੂੰ ਗਰੱਸ ਲਿਆ ਭਾਵੇਂ ਉਹ ਘਟੀਆ ਦਰਜੇ ਦੀ ਸੀ, ਜੋ ਮਗਰੋਂ ਸਾਰੀ ਜਰਮਨੀ ਵਿੱਚ ਫੈਲ ਗਈ ਹੈ ਅਤੇ ਭਾਵੇਂ ਆਸਟਰੀਆ ਵਿੱਚ ਇਸ ਦੀ ਪ੍ਰਗਤੀ ਵਧੇਰੇ ਸ਼ਾਂਤ ਸੀ, ਫਿਰ ਵੀ ਇਸ ਨੂੰ ਕੰਮ ਕਰਨ ਲਈ ਕਾਫ਼ੀ ਇਨਕਲਾਬੀ ਅੰਸ਼ ਲੱਭ ਪਏ। ਉੱਥੇ ਕਿਸਾਨ, ਭੋਇੰ-ਗ਼ੁਲਾਮ ਜਾਂ ਜਾਗੀਰੂ ਮੁਜ਼ਾਰੇ ਸਨ ਜਿਹੜੇ ਜਾਗੀਰਦਾਰੀ ਤੇ ਸਰਕਾਰੀ ਜਬਰਾਂ ਕਾਰਨ ਬੁਰੀ ਤਰ੍ਹਾਂ ਲਿਤਾੜੇ ਗਏ ਸਨ; ਫਿਰ ਫ਼ੈਕਟਰੀਆਂ ਦੇ ਚਾਲਕ ਸਨ, ਜੋ ਪੁਲਿਸ ਦੇ ਡੰਡੇ ਰਾਹੀਂ ਕਿਸੇ ਵੀ ਅਜਿਹੀ ਸ਼ਰਤ ਉੱਤੇ ਕੰਮ ਕਰਨ ਲਈ ਮਜਬੂਰ ਸਨ ਜੋ ਉਤਪਾਦਕ ਆਪਣੀ ਮਨਮਰਜ਼ੀ ਨਾਲ਼ ਪ੍ਰਵਾਨ ਕਰਦਾ ਸੀ; ਫਿਰ ਮਾਲ ਵੇਚਣ ਵਾਲ਼ੇ ਏਜੰਟ ਸਨ, ਜਿਨ੍ਹਾਂ ਨੂੰ ਕੋਆਪਰੇਟਿਵ ਕਾਨੂੰਨਾਂ ਨੇ ਇੱਕ ਸੁਤੰਤਰ ਤਜਾਰਤ ਕਰਨ ਦੇ ਕਿਸੇ ਮੌਕੇ ਤੋਂ ਵਰਜਿਤ ਰੱਖਿਆ ਹੋਇਆ ਸੀ; ਫਿਰ ਤਾਜਰ ਸਨ, ਜੋ ਬੇਹੂਦਾ ਨਿਯਮਾਂ ਕਾਰਨ ਵਪਾਰ ਵਿੱਚ ਡਿੱਕੋ ਡੋਲੇ ਖਾ ਰਹੇ ਸਨ। ਫਿਰ ਉਤਪਾਦਕ ਸਨ, ਜਿਨ੍ਹਾਂ ਦਾ ਸਹੂਲਤਾਂ ਪ੍ਰਾਪਤ ਕਰਨ ਲਈ ਤਜਾਰਤੀ ਗਿਲਡਾਂ ਨਾਲ਼ ਜਾਂ ਲਾਲਚੀ ਤੇ ਟੰਗ-ਅੜਾਊ ਅਫ਼ਸਰਾਂ ਨਾਲ਼ ਨਿਰੰਤਰ ਝਗੜਾ ਰਹਿੰਦਾ ਸੀ; ਫਿਰ ਸਕੂਲ ਮਾਸਟਰ ਸੀ, ਜੋ ਬੁੱਧੀਮਾਨ ਤੇ ਚੰਗਾ ਪੜ੍ਹਿਆ ਲਿਖਿਆ ਕਰਮਚਾਰੀ ਸੀ, ਉਹ ਇੱਕ ਮੂੜ੍ਹ ਤੇ ਗ਼ੁਸਤਾਖ਼ ਪਾਦਰੀ-ਵਰਗ ਦੇ ਜਾਂ ਇੱਕ ਮੂਰਖ਼ ਤੇ ਹੁਕਮ ਮੜ੍ਹਨ ਵਾਲ਼ੇ ਉੱਚੇ ਵਿਅਕਤੀ ਦੇ ਵਿਰੁੱਧ ਵਿਅਰਥ ਜੱਦੋਜਹਿਦ ਕਰਦਾ ਆ ਰਿਹਾ ਸੀ। ਸੰਖੇਪ ਵਿੱਚ ਇੱਕ ਵੀ ਅਜਿਹੀ ਜਮਾਤ ਨਹੀਂ ਸੀ ਜਿਹੜੀ ਸੰਤੁਸ਼ਟ ਹੋਵੇ, ਕਿਉਂ ਜੋ ਜਿਹੜੀਆਂ ਛੋਟੀਆਂ ਮੋਟੀਆਂ ਰਿਆਇਤਾਂ

---

* ਚੈੱਕ -ਸੰਪਾਦਕ।

ਸਰਕਾਰ ਦੇਣ ਲਈ ਰਾਜ਼ੀ ਹੋਈ ਸੀ, ਉਹ ਉਸ ਨੇ ਆਪਣੀ ਕੀਮਤ ਉੱਤੇ ਨਹੀਂ ਸਨ ਦਿੱਤੀਆਂ, ਕਿਉਂ ਜੋ ਖ਼ਜ਼ਾਨਾ ਉੱਚੀ ਰਈਸਸ਼ਾਹੀ ਤੇ ਪਾਦਰੀ ਵਰਗ ਦੀ ਕੀਮਤ ਤੋਂ ਬਿਨਾਂ ਆਪ ਦੇਣ ਦੇ ਸਮਰੱਥ ਨਹੀਂ ਸੀ ਹੋ ਸਕਦਾ ਅਤੇ ਜਿੱਥੋਂ ਤੱਕ ਬਹੁਤ ਵੱਡੇ ਬੈਂਕਰਾਂ ਤੇ ਫ਼ੰਡ ਮਾਲਕਾਂ ਦਾ ਸਬੰਧ ਹੈ, ਇਟਲੀ ਵਿੱਚ ਪਿੱਛੇ ਵਾਪਰੀਆਂ ਘਟਨਾਵਾਂ, ਹੰਗਰੀ ਦੀ ਪਾਰਲੀਮੈਂਟ ਦੀ ਵੱਧਦੀ ਵਿਰੋਧਤਾ, ਸਾਰੀ ਸਲਤਨਤ ਉੱਤੇ ਆਪਣੇ ਆਪ ਨੂੰ ਪ੍ਰਗਟਾਉਂਦੀਆਂ ਬੇਚੈਨੀ ਦੀ ਭਾਵਨਾਵਾਂ ਤੇ ਸੁਧਾਰਾਂ ਲਈ ਆਵਾਜ਼ਾਂ ਅਜਿਹਾ ਖ਼ਾਸਾ ਨਹੀਂ ਸਨ ਰੱਖਦੀਆਂ ਜੋ ਆਸਟਰੀਆ ਦੀ ਸਲਤਨਤ ਦੀ ਮਜ਼ਬੂਤੀ ਤੇ ਕਰਜ਼ਾ ਲਾਉਣ ਦੀ ਯੋਗਤਾ ਵਿੱਚ ਉਹਨਾਂ ਦੇ ਵਿਸ਼ਵਾਸ਼ ਨੂੰ ਪੱਕਿਆਂ ਕਰਦੀਆਂ।

ਸੋ, ਆਸਟਰੀਆ ਵੀ ਸਹਿਜੇ ਸਹਿਜੇ ਪਰ ਯਕੀਨ ਨਾਲ਼ ਇੱਕ ਸ਼ਕਤੀਸ਼ਾਲੀ ਤਬਦੀਲੀ ਵੱਲ ਵੱਧ ਰਿਹਾ ਸੀ, ਜਦੋਂ ਅਚਾਨਕ ਫ਼ਰਾਂਸ ਵਿੱਚ ਇੱਕ ਘਟਨਾ ਵਾਪਰੀ ਜਿਸ ਨੇ ਤੁਰੰਤ ਹੀ ਸਿਰ ’ਤੇ ਝੂਲਦੇ ਤੂਫ਼ਾਨ ਨੂੰ ਮੱਠਾ ਕਰ ਦਿੱਤਾ ਅਤੇ ਬੁੱਢੇ ਫ਼ਰਾਂਸਿਸ ਦੇ ਉਸ ਬਿਆਨ ਨੂੰ ਝੂਠਾ ਸਿੱਧ ਕਰ ਦਿੱਤਾ ਕਿ ਇਹ ਇਮਾਰਤ ਉਸ ਦੇ ਤੇ ਮੇਟਰਨਿਚ ਦੇ ਜੀਵਨ ਕਾਲ ਵਿੱਚ ਤੱਗ ਜਾਵੇਗੀ।

ਲੰਡਨ, ਸਤੰਬਰ 1851.

## V
## ਵੀਆਨਾ ਦੀ ਬਗ਼ਾਵਤ

24 ਫ਼ਰਵਰੀ 1848 ਨੂੰ ਲੂਈ ਫ਼ਿਲਿਪ ਨੂੰ ਪੈਰਿਸ ਵਿੱਚੋਂ ਕੱਢ ਦਿੱਤਾ ਗਿਆ ਅਤੇ ਫ਼ਰਾਂਸੀਸੀ ਰੀਪਬਲਿਕ ਦਾ ਐਲਾਨ ਕਰ ਦਿੱਤਾ ਗਿਆ ਅਤੇ ਮਗਰੋਂ 13 ਮਾਰਚ ਨੂੰ ਵੀਆਨਾ ਦੇ ਲੋਕਾਂ ਨੇ ਪ੍ਰਿੰਸ ਮੇਟਰਨਿਚ ਨੂੰ ਦੇਸ਼ ਵਿੱਚੋਂ ਨਸਾ ਦਿੱਤਾ। 18 ਮਾਰਚ ਨੂੰ ਬਰਲਿਨ ਦੇ ਲੋਕਾਂ ਨੇ ਹਥਿਆਰ ਚੁੱਕ ਲਏ ਅਤੇ ਅਠਾਰਾਂ ਘੰਟਿਆਂ ਦੀ ਸਿਰੜੀ ਜੱਦੋਜਹਿਦ ਦੇ ਮਗਰੋਂ ਬਾਦਸ਼ਾਹ ਨੇ ਉਹਨਾਂ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ। ਘੱਟ ਵੱਧ ਇਸ ਤਰ੍ਹਾਂ ਦੀਆਂ ਬਗ਼ਾਵਤਾਂ ਜਰਮਨੀ ਦੇ ਛੋਟੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਆਪਮੁਹਾਰੀਆਂ ਫੁੱਟ ਪਈਆਂ ਤੇ ਸਫ਼ਲ ਹੋਈਆਂ। ਜਰਮਨ ਲੋਕ ਭਾਵੇਂ ਆਪਣਾ ਪਹਿਲਾ ਇਨਕਲਾਬ ਸਿਰੇ ਨਹੀਂ ਸਨ ਚਾੜ੍ਹ ਸਕੇ, ਪਰ ਉਹਨਾਂ ਨੇ ਘੱਟੋ ਘੱਟ ਉਸ ਨੂੰ ਇਨਕਲਾਬੀ ਢੰਗ ਨਾਲ਼ ਅਰੰਭ ਜ਼ਰੂਰ ਕੀਤਾ ਸੀ।

ਜਿੱਥੋਂ ਤੱਕ ਇਹਨਾਂ ਵੱਖ ਵੱਖ ਬਗ਼ਾਵਤਾਂ ਦੀਆਂ ਘਟਨਾਵਾਂ ਦਾ ਸਬੰਧ ਹੈ ਅਸੀਂ ਉਹਨਾਂ ਦੇ ਵਿਸਥਾਰ ਵਿੱਚ ਨਹੀਂ ਜਾ ਸਕਦੇ : ਅਸੀਂ ਕੇਵਲ ਉਹਨਾਂ ਦੇ ਕਿਰਦਾਰ ਦੀ ਤੇ ਉਸ ਪੁਜ਼ੀਸ਼ਨ ਦੀ ਵਿਆਖਿਆ ਕਰਨੀ ਹੈ ਜੋ ਵਸੋਂ ਦੀਆਂ ਵੱਖ ਵੱਖ ਜਮਾਤਾਂ ਨੇ ਉਹਨਾਂ ਸਬੰਧੀ ਲਈ ਸੀ।

ਕਿਹਾ ਜਾ ਸਕਦਾ ਹੈ ਕਿ ਵੀਆਨਾ ਵਿੱਚ ਇਨਕਲਾਬ ਲਗਭਗ ਸਾਰੀ ਵਸੋਂ ਨੇ ਕੀਤਾ ਹੈ। ਬੈਂਕਰਾਂ ਤੇ ਸੱਟੇਬਾਜਾਂ ਤੋਂ ਬਿਨਾਂ ਬੁਰਜੂਆਜ਼ੀ, ਛੋਟੀ ਵਪਾਰੀ ਜਮਾਤ, ਕਿਰਤੀ ਲੋਕ, ਸਾਰੇ ਹੀ ਉਸ ਸਰਕਾਰ ਦੇ ਵਿਰੁੱਧ ਉੱਠ ਖੜ੍ਹੇ ਹੋਏ ਜਿਸ ਤੋਂ ਸਾਰੇ ਅਸੰਤੁਸ਼ਟ ਸਨ, ਇੱਕ ਅਜਿਹੀ ਸਰਕਾਰ ਜਿਸ ਨੂੰ ਸਾਰੇ ਹੀ ਘ੍ਰਿਣਾ ਕਰਦੇ ਸਨ, ਰਈਸਾਂ ਤੇ ਧਨਾਢਾਂ ਦੀ ਛੋਟੀ ਘੱਟ ਗਿਣਤੀ, ਜਿਸ ਨੇ ਸਰਕਾਰ ਦੀ ਹਿਮਾਇਤ ਕੀਤੀ ਸੀ, ਪਹਿਲੇ ਹੱਲੇ 'ਤੇ ਹੀ ਅਲੋਪ ਹੋ ਗਈ। ਮੱਧ ਸ਼੍ਰੇਣੀਆਂ ਨੂੰ ਮੇਟਰਨਿਚ ਵੱਲੋਂ ਇਸ ਹੱਦ ਤੱਕ ਅਣਜਾਣ ਰੱਖਿਆ ਗਿਆ ਸੀ, ਕਿ ਉਹਨਾਂ ਲਈ ਪੈਰਿਸ ਤੋਂ ਅਰਾਜਕਤਾ ਦੀ ਹਕੂਮਤ, ਸੋਸ਼ਲਿਜ਼ਮ ਤੇ ਦਹਿਸ਼ਤ ਬਾਰੇ, ਸਰਮਾਏਦਾਰਾਂ ਦੀ ਜਮਾਤ ਤੇ ਮਜ਼ਦੂਰਾਂ ਦੀ ਜਮਾਤ ਵਿਚਾਲੇ ਲਮਕਦੀਆਂ ਜੱਦੋਜਹਿਦਾਂ ਬਾਰੇ ਖ਼ਬਰਾਂ ਬਿਲਕੁਲ ਸਮਝੋਂ ਬਾਹਰ ਸਿੱਧ ਹੋਈਆਂ। ਉਹ, ਆਪਣੀ ਰਾਜਨੀਤਕ ਅਬੋਧਤਾ ਕਾਰਨ, ਜਾਂ ਤਾਂ ਇਹਨਾਂ ਖ਼ਬਰਾਂ ਨੂੰ ਕੋਈ ਅਰਥ ਨਹੀਂ ਸਨ ਦੇ ਸਕਦੇ ਜਾਂ ਉਹਨਾਂ ਨੇ ਉਹਨਾਂ ਮੇਟਰਨਿਚ ਦੀਆਂ, ਸ਼ੈਤਾਨੀ ਘਾੜ੍ਹਤਾਂ ਸਮਝਿਆ ਸੀ, ਤਾਂ ਜੋ ਉਹ ਉਹਨਾਂ ਨੂੰ ਡਰਾ ਕੇ ਆਪਣੇ ਆਗਿਆਕਾਰ ਬਣਾ ਲਵੇ। ਇਸ ਤੋਂ ਉਪਰੰਤ, ਉਹਨਾਂ ਨੇ ਕਿਰਤੀ ਲੋਕਾਂ ਨੂੰ ਇੱਕ ਜਮਾਤ ਵਜੋਂ ਕੰਮ ਕਰਦਿਆਂ , ਜਾਂ ਆਪਣੇ ਵਿਲੱਖਣ ਜਮਾਤੀ ਹਿੱਤਾਂ ਲਈ ਜਦੋਜਹਿਦ ਕਰਦਿਆਂ ਨਹੀਂ ਸੀ ਵੇਖਿਆ। ਉਹਨਾਂ ਨੂੰ, ਆਪਣੇ ਪਿਛਲੇ ਤਜ਼ਰਬੇ ਤੋਂ, ਜਮਾਤਾਂ ਵਿਚਾਲੇ ਕਿਸੇ ਪ੍ਰਕਾਰ ਦੇ ਮੱਤਭੇਦ ਪੈਦਾ ਹੋਣ ਦੀ ਸੰਭਾਵਨਾ ਦਾ ਪਤਾ ਨਹੀਂ ਸੀ, ਜਮਾਤਾਂ ਜਿਹੜੀਆਂ ਹੁਣ ਇੱਕ ਅਜਿਹੀ ਸਰਕਾਰ ਨੂੰ ਉਲਟਾਉਣ ਲਈ ਸੱਚੇ ਦਿਲੋਂ ਸੰਗਠਤ ਸਨ ਜਿਸ ਨੂੰ ਸਾਰੇ ਘ੍ਰਿਣਾ ਕਰਦੇ ਸਨ। ਉਹਨਾਂ ਨੇ ਕਿਰਤੀ ਲੋਕਾਂ ਨੂੰ ਸਾਰੇ ਨੁਕਤਿਆਂ ਉੱਤੇ ਉਹਨਾਂ ਨਾਲ਼ ਸਹਿਮਤ ਹੁੰਦਿਆਂ ਵੇਖਿਆ : ਇੱਕ ਸੰਵਿਧਾਨ, ਅਦਾਲਤ ਰਾਹੀਂ ਮੁਕੱਦਮਾ, ਪ੍ਰੈੱਸ ਦੀ ਆਜ਼ਾਦੀ, ਆਦਿ। ਸੋ, ਮਾਰਚ 1848 ਵਿੱਚ ਉਹ ਘੱਟੋ ਘੱਟ ਲਹਿਰ ਦੇ ਅੰਗ ਸੰਗ ਸਨ ਅਤੇ ਦੂਜੇ ਪਾਸੇ ਲਹਿਰ ਨੇ ਤੁਰੰਤ ਹੀ ਉਹਨਾਂ ਨੂੰ ਰਾਜ ਦੀ (ਘੱਟੋ ਘੱਟ ਸਿਧਾਂਤ ਵਿੱਚ) ਇੱਕ ਪ੍ਰਬਲ ਜਮਾਤ ਬਣਾ ਦਿੱਤਾ।

ਪਰ ਇਹ ਸਾਰੇ ਇਨਕਲਾਬਾਂ ਦੀ ਹੋਣੀ ਹੈ ਕਿ ਵੱਖ ਵੱਖ ਜਮਾਤਾਂ ਦਾ ਇਹ ਸੰਗਠਨ, ਜੋ ਕਿਸੇ ਹੱਦ ਤੱਕ ਹਮੇਸ਼ਾ ਕਿਸੇ ਵੀ ਇਨਕਲਾਬ ਦੀ ਜ਼ਰੂਰੀ ਸ਼ਰਤ ਹੈ, ਲੰਮਾਂ ਸਮਾਂ ਕਾਇਮ ਨਹੀਂ ਰਹਿੰਦਾ। ਜਿਵੇਂ ਹੀ ਸਾਂਝੇ ਦੁਸ਼ਮਣ ਦੇ ਵਿਰੁੱਧ ਜਿੱਤ ਪ੍ਰਾਪਤ ਹੁੰਦੀ ਹੈ ਤਾਂ ਜੇਤੂ ਵੱਖ ਵੱਖ ਧੜਿਆਂ ਵਿੱਚ ਵੰਡੇ ਜਾਂਦੇ ਹਨ ਤੇ ਆਪੋ ਆਪਣੇ ਹਥਿਆਰ ਇੱਕ ਦੂਜੇ ਵਿਰੁੱਧ ਸੇਧ ਦੇਂਦੇ ਹਨ। ਇਹ ਹੈ ਜਮਾਤੀ ਵਿਰੋਧ ਦਾ ਤੇਜ਼ ਤੇ ਪੁਰਜੋਸ਼ ਵਿਕਾਸ, ਜੋ ਪੁਰਾਣੀਆਂ ਤੇ ਗੁੰਝਲਦਾਰ ਸਮਾਜਕ ਬਣਤਰਾਂ ਵਿੱਚ ਇਨਕਲਾਬ ਨੂੰ ਸਮਾਜਕ ਤੇ ਰਾਜਨੀਤਕ ਪ੍ਰਗਤੀ ਦਾ ਇਤਨਾ ਸ਼ਕਤੀਸ਼ਾਲੀ ਕਾਰਿੰਦਾ ਬਣਾਉਂਦਾ ਹੈ; ਇਹ ਨਵੀਆਂ ਪਾਰਟੀਆਂ ਦੀ ਇੱਕ ਦੂਜੇ ਤੋਂ ਸੱਤ੍ਹਾ ਪ੍ਰਾਪਤ ਕਰਦਿਆਂ ਨਿਰੰਤਰ ਤੌਰ 'ਤੇ ਤੇਜ਼ ਚੜ੍ਹਤਲ ਜੋ ਇੱਕ ਕੌਮ ਨੂੰ ਉਹਨਾਂ ਪ੍ਰਚੰਡ ਹਲਚਲਾਂ ਦੇ ਦੌਰਾਨ ਪੰਜਾਂ ਸਾਲਾਂ ਵਿੱਚ ਇਤਨਾ ਕੁੱਝ ਪ੍ਰਾਪਤ ਕਰਨ ਦੇ ਯੋਗ ਬਣਾਉਂਦੀ ਹੈ ਜਿਤਨਾ ਉਹ ਸਧਾਰਨ ਹਾਲਾਤ ਅਧੀਨ ਇੱਕ ਸਦੀ ਵਿੱਚ ਪ੍ਰਾਪਤ ਕਰਨ ਦੇ ਯੋਗ ਹੁੰਦੀ ਹੈ।

ਵੀਆਨਾ ਵਿੱਚ ਇਨਕਲਾਬ ਨੇ ਮੱਧ ਸ਼੍ਰੇਣੀ ਨੂੰ ਸਿਧਾਂਤਕ ਤੌਰ 'ਤੇ ਪ੍ਰਬਲ ਜਮਾਤ

ਬਣਾ ਦਿੱਤਾ ਸੀ ਜਾਂ ਇੰਜ ਕਹਿ ਲਵੋ, ਜਿਹੜੀਆਂ ਰਿਆਇਤਾਂ ਸਰਕਾਰ ਤੋਂ ਨੋੜੀਆਂ ਗਈਆਂ ਸਨ ਇਸ ਤਰ੍ਹਾਂ ਦੀਆਂ ਸਨ ਜੇ ਉਹਨਾਂ ਨੂੰ ਇੱਕ ਵਾਰ ਅਮਲੀ ਤੌਰ 'ਤੇ ਸਿਰੇ ਚਾੜ੍ਹਿਆ ਜਾਂਦਾ ਤੇ ਉਹਨਾਂ ਦੀ ਕੁੱਝ ਸਮੇਂ ਲਈ ਪਾਲਣਾ ਕੀਤੀ ਜਾਂਦੀ ਤਾਂ ਅਟੱਲ ਤੌਰ 'ਤੇ ਮੱਧ ਸ਼੍ਰੇਣੀ ਦੀ ਉੱਚਤਮਤਾ ਪ੍ਰਾਪਤ ਹੋ ਜਾਣੀ ਸੀ। ਪਰ, ਅਮਲੀ ਤੌਰ 'ਤੇ ਉਸ ਜਮਾਤ ਦੀ ਉੱਚਤਮਤਾ ਦੀ ਸਥਾਪਤੀ ਬਹੁਤ ਦੂਰ ਦੀ ਗੱਲ ਸੀ। ਇਹ ਸੱਚ ਹੈ ਕਿ ਕੌਮੀ ਗਾਰਡ ਦੀ, ਜਿਸ ਨੇ ਬੁਰਜੂਆਜ਼ੀ ਨੂੰ ਹਥਿਆਰ ਦਿੱਤੇ ਸਨ ਅਤੇ ਛੋਟੇ ਵਪਾਰੀਆਂ ਦੀ ਸਥਾਪਤੀ ਨਾਲ਼ ਉਸ ਜਮਾਤ ਨੇ ਬਲ ਤੇ ਮਹੱਤਤਾ,ਦੋਵੇਂ, ਪ੍ਰਾਪਤ ਕੀਤੇ; ਇਹ ਸੱਚ ਹੈ, ਕਿ "ਹਿਫ਼ਾਜ਼ਤ ਦੀ ਕਮੇਟੀ" ਦੀ, ਜੋ ਇੱਕ ਪ੍ਰਕਾਰ ਨਾਲ਼ ਇਨਕਲਾਬੀ ਸੀ, ਸਥਾਪਨਾ ਨਾਲ਼ ਗ਼ੈਰਜ਼ਿੰਮੇਵਾਰ ਸਰਕਾਰ, ਜਿਸ ਵਿੱਚ ਬੁਰਜੂਆਜ਼ੀ ਪ੍ਰਬਲ ਸੀ, ਇਸ ਜਮਾਤ ਨੂੰ ਸੱਤ੍ਹਾ ਦਾ ਮੁਖੀ ਸਥਾਪਤ ਕਰ ਦਿੱਤਾ ਗਿਆ, ਪਰ ਕਿਸੇ ਸਮੇਂ, ਮਜ਼ਦੂਰ ਜਮਾਤਾਂ ਵੀ ਅੰਸ਼ਕ ਤੌਰ 'ਤੇ ਹਥਿਆਰਬੰਦ ਸਨ; ਉਹਨਾਂ ਤੇ ਵਿਦਿਆਰਥੀਆਂ ਨੇ ਲੜਾਈ ਦਾ, ਜਿੱਥੋਂ ਤੱਕ ਉੱਥੇ ਲੜਾਈ ਹੋਈ ਸੀ, ਮੁੱਖ ਵਾਰ ਝੱਲਿਆ ਅਤੇ ਵਿਦਿਆਰਥੀ, ਜਿਨ੍ਹਾਂ ਦੀ ਠੋਸ ਗਿਣਤੀ 4000 ਸੀ, ਜੋ ਨੈਸ਼ਨਲ ਗਾਰਡ ਨਾਲ਼ ਵੱਧ ਚੰਗੀ ਤਰ੍ਹਾਂ ਹਥਿਆਰਬੰਦ ਤੇ ਵਧੀਆ ਬੰਧੇਜ ਵਾਲ਼ੇ ਸਨ, ਇਨਕਲਾਬੀ ਸ਼ਕਤੀ ਦੀ ਅਸਲੀ ਤਾਕਤ, ਕੇਂਦਰ ਬਿੰਦੂ ਸਨ ਅਤੇ ਹਿਫ਼ਾਜ਼ਤ ਦੀ ਕਮੇਟੀ ਦੇ ਹੱਥਾਂ ਵਿੱਚ ਮਹਿਜ਼ ਇੱਕ ਹਥਿਆਰ ਵਜੋਂ ਕੰਮ ਕਰਨ ਲਈ ਕਿਸੇ ਵੀ ਤਰ੍ਹਾਂ ਤਿਆਰ ਨਹੀਂ ਸਨ। ਭਾਵੇਂ ਇਸ ਨੂੰ ਉਹਨਾਂ ਨੇ ਪ੍ਰਵਾਨ ਕਰ ਲਿਆ ਸੀ ਅਤੇ ਉਸ ਦੇ ਬਹੁਤ ਹੀ ਉਤਸ਼ਾਹੀ ਹਿਮਾਇਤੀ ਵੀ ਸਨ ਫਿਰ ਵੀ ਉਹਨਾਂ ਨੇ ਇੱਕ ਪ੍ਰਕਾਰ ਦਾ ਸੁਤੰਤਰ ਤੇ ਹਲਚਲ ਵਾਲ਼ਾ ਅਦਾਰਾ ਬਣਾਇਆ ਜੋ "Aula (ਵਿਚਾਰ ਭਵਨ) ਵਿੱਚ ਵਿਚਾਰ ਚਰਚਾ ਕਰਦੇ ਸਨ ਉਹ ਬੁਰਜੂਆਜ਼ੀ ਤੇ ਕਿਰਤੀ ਜਮਾਤਾਂ ਵਿਚਾਲੇ ਇੱਕ ਵਿਚਕਾਰਲੀ ਪੁਜ਼ੀਸ਼ਨ ਬਣਾ ਲਈ ਸੀ, ਨਿਰੰਤਰ ਐਜੀਟੇਸ਼ਨ ਰਾਹੀਂ ਮਾਮਲਿਆਂ ਨੂੰ ਪੁਰਾਣੀ ਸ਼ਾਂਤੀ ਨਾਲ਼ ਨਿਬੜਨ ਤੋਂ ਰੋਕਦੇ ਸਨ ਅਤੇ ਕਈ ਵਾਰ ਹਿਫ਼ਾਜ਼ਤ ਦੀ ਕਮੇਟੀ ਉੱਤੇ ਆਪਣੇ ਮਤੇ ਮੜ੍ਹਦੇ ਸਨ। ਦੂਜੇ ਪਾਸੇ ਕਿਰਤੀ ਲੋਕਾਂ ਨੂੰ ਜਿਨ੍ਹਾਂ ਨੂੰ ਲਗਭਗ ਪੂਰੀ ਤਰ੍ਹਾਂ ਬੇਕਾਰ ਬਣਾ ਦਿੱਤਾ ਗਿਆ ਸੀ, ਰਾਜ ਦੀ ਕੀਮਤ ਉੱਤੇ ਜਨਤਕ ਕੰਮਾਂ ਵਿੱਚ ਕੰਮ ਉੱਤੇ ਲਾਉਣਾ ਪੈਣਾ ਸੀ ਅਤੇ ਇਸ ਲਈ ਪੈਸਾ ਨਿਰਸੰਦੇਹ ਟੈਕਸ ਅਦਾ ਕਰਨ ਵਾਲ਼ਿਆਂ ਦੀਆਂ ਜੇਬਾਂ ਵਿੱਚੋਂ ਜਾਂ ਵੀਆਨਾ ਸ਼ਹਿਰ ਦੀ ਤਿਜੋਰੀ ਵਿੱਚੋਂ ਪ੍ਰਾਪਤ ਕਰਨਾ ਪੈਣਾ ਸੀ। ਇਹ ਸਾਰਾ ਕੁੱਝ ਵੀਆਨਾ ਦੇ ਵਪਾਰੀਆਂ ਲਈ ਅਸੁਖਾਵਾਂ ਹੀ ਹੋ ਸਕਦਾ ਸੀ। ਸ਼ਹਿਰ ਦੇ ਉਤਪਾਦਕ ਜੋ ਇੱਕ ਵਿਸ਼ਾਲ ਦੇਸ਼ ਦੇ ਅਮੀਰਾਂ ਤੇ ਰਈਸਾਂ ਦੇ ਦਰਬਾਰਾਂ ਦੀ ਖਪਤ ਲਈ ਮਾਲ ਤਿਆਰ ਕਰਦੇ ਸਨ, ਉਹਨਾਂ ਦਾ ਉਤਪਾਦਨ ਅਸਲ ਵਿੱਚ ਇਨਕਲਾਬ ਕਾਰਨ, ਰਾਈਸਸ਼ਾਹੀ ਤੇ ਸ਼ਾਹੀ ਦਰਬਾਰੀਆਂ ਦੇ ਨੱਸ ਜਾਣ ਕਾਰਨ ਬਿਲਕੁਲ ਠੱਪ ਹੋ ਗਿਆ; ਵਪਾਰ ਬਿਲਕੁਲ ਬੰਦ ਹੋ ਗਿਆ ਅਤੇ ਵਿਦਿਆਰਥੀਆਂ ਤੇ ਕਿਰਤੀ ਲੋਕਾਂ ਨੇ ਜਿਹੜੀ ਐਜੀਟੇਸ਼ਨ ਤੇ ਬੇਚੈਨੀ ਨਿਰੰਤਰ ਜਾਰੀ ਰੱਖੀ ਹੋਈ ਸੀ, ਨਿਰਸੰਦੇਹ ਉਹ "ਵਿਸ਼ਵਾਸ਼ ਬਹਾਲ" ਕਰਨ ਲਈ ਨਹੀਂ ਸੀ, ਜਿਵੇਂ ਕਿ ਆਖਿਆ ਗਿਆ ਸੀ। ਸੋ, ਇੱਕ ਪਾਸੇ ਮੱਧ ਸ਼੍ਰੇਣੀਆਂ ਵਿਚਾਲੇ ਬਹੁਤ ਛੇਤੀ ਇੱਕ ਪ੍ਰਕਾਰ ਦਾ ਠੰਡਿਆਰ ਜਿਹਾ ਪੈਦਾ ਹੋ ਗਿਆ ਅਤੇ ਦੂਜੇ ਪਾਸੇ ਵਿਦਿਆਰਥੀ

ਤੇ ਕਿਰਤੀ ਲੋਕ ਹਲਚਲ ਪੈਦਾ ਕਰ ਰਹੇ ਸਨ ਅਤੇ, ਜੇ , ਇੱਕ ਲੰਮੇ ਸਮੇਂ ਤੱਕ ਇਹ ਠੰਡਿਆਰ ਪੱਕ ਕੇ ਇੱਕ ਖੁੱਲ੍ਹੀ ਦੁਸ਼ਮਣੀ ਵਿੱਚ ਨਹੀਂ ਸੀ ਬਦਲੀ ਇਸ ਦਾ ਕਾਰਨ ਵਜ਼ਾਰਤ ਅਤੇ ਵਿਸ਼ੇਸ਼ ਤੌਰ ’ਤੇ ਸ਼ਾਹੀ ਦਰਬਾਰ ਸੀ, ਜਿਨ੍ਹਾਂ ਨੇ ਪੁਰਾਣੇ ਪ੍ਰਬੰਧ ਨੂੰ ਬਹਾਲ ਰੱਖਣ ਦੇ ਉਤਾਵਲੇਪਣ ਨਾਲ਼ ਵਧੇਰੇ ਇਨਕਲਾਬੀ ਪਾਰਟੀਆਂ ਦੀ ਖਟਕੇ ਤੇ ਹਲਚਲ ਵਾਲ਼ੀ ਸਰਗਰਮੀ ਨੂੰ ਨਿਰੰਤਰ ਹੱਕੀ ਠਹਿਰਾਇਆ ਅਤੇ, ਇੱਥੋਂ ਤੱਕ ਕਿ ਮੱਧ ਸ਼੍ਰੇਣੀਆਂ ਦੀਆਂ ਅੱਖਾਂ ਸਾਹਮਣੇ ਵੀ ਪੁਰਾਣੇ ਮੇਟਰਨਿਚਵਾਦੀ ਆਪਹੁਦਰੇਪਣ ਦੇ ਭੂਤ ਨੂੰ ਨਿਰੰਤਰ ਖੜ੍ਹਾ ਕੀਤੀ ਰੱਖਿਆ। ਸੋ, 15 ਮਈ ਨੂੰ ਤੇ ਫਿਰ 26 ਮਈ ਨੂੰ ਵੀਆਨਾ ਵਿੱਚ ਸਾਰੀਆਂ ਜਮਾਤਾਂ ਦੇ ਤਾਜ਼ਾ ਵਿਦਰੋਹ ਉੱਠ ਖੜ੍ਹੇ ਹੋਏ ਕਿਉਂ ਜੋ ਸਰਕਾਰ ਨੇ ਨਵੀਆਂ ਨਵੀਆਂ ਪ੍ਰਾਪਤ ਕੀਤੀਆਂ ਆਜ਼ਾਦੀਆਂ ਉੱਤੇ ਹਮਲਾ ਕਰਨ ਦਾ ਜਾਂ ਖ਼ਤਮ ਕਰਨ ਦਾ ਯਤਨ ਕੀਤਾ ਸੀ ਅਤੇ ਅਜਿਹੇ ਮੌਕੇ ’ਤੇ ਕੌਮੀ ਗਾਰਡ ਜਾਂ ਹਥਿਆਰਬੰਦ ਮੱਧ ਸ਼੍ਰੇਣੀ, ਵਿਦਿਆਰਥੀਆਂ ਤੇ ਕਿਰਤੀ ਲੋਕਾਂ ਵਿਚਾਲੇ ਗੱਠਜੋੜ ਕੁੱਝ ਸਮੇਂ ਲਈ ਫਿਰ ਮਜਬੂਤ ਹੋ ਗਿਆ।

ਜਿੱਥੋਂ ਤੱਕ ਵਸੋਂ ਦੀਆਂ ਦੂਜੀਆਂ ਜਮਾਤਾਂ ਦਾ ਸਬੰਧ ਹੈ, ਰਈਸਸ਼ਾਹੀ ਤੇ ਥੈਲੀਸ਼ਾਹ ਅਲੋਪ ਹੋ ਗਏ ਸਨ ਅਤੇ ਕਿਰਸਾਨੀ ਜਾਗੀਰਦਾਰੀ ਦੇ ਅਖ਼ੀਰੀ ਰਹਿੰਦ ਖੂੰਹਦ ਨੂੰ ਹਰ ਥਾਂ ’ਤੇ ਖ਼ਤਮ ਕਰਨ ਵਿੱਚ ਰੁੱਝੀ ਹੋਈ ਸੀ। **ਇਟਲੀ ਵਿੱਚ ਜੰਗ** ਦੀ ਅਤੇ ਉਸ ਕਬਜ਼ੇ ਸਦਕਾ ਜੋ ਵੀਆਨਾ ਤੇ ਹੰਗਰੀ ਨੇ ਸ਼ਾਹੀ ਦਰਬਾਰ ਨੂੰ ਦਿੱਤਾ ਸੀ, ਕਿਸਾਨਾਂ ਨੂੰ ਪੂਰੀ ਖੁੱਲ੍ਹ ਪ੍ਰਾਪਤ ਹੋ ਗਈ ਅਤੇ ਉਹ ਆਸਟਰੀਆ ਵਿੱਚ ਜਰਮਨੀ ਦੇ ਕਿਸੇ ਵੀ ਹੋਰ ਭਾਗ ਨਾਲ਼ੋਂ ਆਪਣੇ ਬੰਦਖ਼ਲਾਸੀ ਦੇ ਕੰਮ ਵਿੱਚ ਵਧੇਰੇ ਸਫ਼ਲ ਹੋਏ। ਆਸਟਰੀਆ ਦੀ ਪਾਰਲੀਮੈਂਟ ਨੂੰ ਝੱਟ ਤੁਰੰਤ ਮਗਰੋਂ ਕਿਰਸਾਣੀ ਰਾਹੀਂ ਪਹਿਲਾਂ ਹੀ ਪੁੱਟੇ ਗਏ ਅਮਲੀ ਕਦਮਾਂ ਦੀ ਤਸਦੀਕ ਕਰਨੀ ਪਈ ਅਤੇ ਭਾਵੇਂ ਪ੍ਰਿੰਸ ਸ਼ਚਵਾਰਜ਼ਨਬਰਗ ਦੀ ਸਰਕਾਰ ਹੋਰ ਕੁੱਝ ਵੀ ਬਹਾਲ ਕਰਨ ਦੇ ਯੋਗ ਹੁੰਦੀ, ਪਰ ਉਸ ਕੋਲ਼ ਕਿਰਸਾਨੀ ਦੀ ਜਾਗੀਰੂ ਗ਼ੁਲਾਮੀ ਨੂੰ ਮੁੜ ਬਹਾਲ ਕਰਨ ਦੀ ਸ਼ਕਤੀ ਉੱਕਾ ਨਹੀਂ ਸੀ ਅਤੇ ਜੇ ਆਸਟਰੀਆ ਵਰਤਮਾਨ ਘੜੀ ਮੁੜ ਕੇ ਮੁਕਾਬਲਤਨ ਸ਼ਾਂਤ ਹੈ, ਇੱਥੋਂ ਤੱਕ ਕਿ ਤਾਕਤਵਰ ਹੈ ਤਾਂ ਇਸ ਦਾ ਮੁੱਖ ਕਾਰਨ ਲੋਕਾਂ ਦੀ ਵੱਡੀ ਬਹੁਗਿਣਤੀ ਕਿਸਾਨ ਹਨ ਜੋ ਇਨਕਲਾਬ ਤੋਂ ਅਸਲੀ ਲਾਭ ਪ੍ਰਾਪਤ ਕਰਨ ਵਾਲ਼ੇ ਹਨ ਅਤੇ ਇਹ ਕਾਰਨ ਵੀ ਹੈ ਕਿ ਬਹਾਲ ਹੋਈ ਸਰਕਾਰ ਨਾਲ਼ੋਂ ਭਾਵੇਂ ਹੋਰ ਹਰ ਕਿਸੇ ਚੀਜ਼ ਉੱਤੇ ਹਮਲਾ ਹੋਇਆ ਹੈ, ਪਰ ਕਿਰਸਾਨੀ ਵੱਲੋਂ ਜਿੱਤੀਆਂ ਪ੍ਰਤੱਖ ਤੇ ਮਹੱਤਵਪੂਰਨ ਰਿਆਇਤਾਂ ਨੂੰ ਅਜੇ ਕਿਸੇ ਨੇ ਵੀ ਨਹੀਂ ਛੋਹਿਆ।

ਲੰਡਨ, ਅਕਤੂਬਰ 1851.

## VI
## ਬਰਲਿਨ ਦੀ ਬ਼ਗਾਵਤ

ਇਨਕਲਾਬੀ ਕਾਰਵਾਈ ਦਾ ਦੂਜਾ ਕੇਂਦਰ ਬਰਲਿਨ ਸੀ ਅਤੇ ਪਹਿਲਾਂ ਛਪੀਆਂ ਅਖ਼ਬਾਰਾਂ ਵਿੱਚ ਜੋ ਕੁੱਝ ਬਿਆਨ ਕੀਤਾ ਗਿਆ ਹੈ, ਉਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉੱਥੇ ਇਸ ਕਾਰਵਾਈ ਨੂੰ ਲਗਭਗ ਸਾਰੀਆਂ ਜਮਾਤਾਂ ਤੋਂ ਉਹੋ ਜਿਹੀ ਇੱਕਮੱਤ ਹਿਮਾਇਤ ਨਹੀਂ ਸੀ ਪ੍ਰਾਪਤ ਹੋਈ ਜਿਹੜੀ ਵੀਆਨਾ ਵਿਚਲੀ ਕਾਰਵਾਈ ਨੂੰ। ਪ੍ਰਸ਼ੀਆ ਵਿੱਚ ਬੁਰਜੂਆਜ਼ੀ ਪਹਿਲਾਂ ਹੀ ਸਰਕਾਰ ਨਾਲ਼ ਅਸਲੀ ਜੱਦੋਜਹਿਦਾਂ ਵਿੱਚ ਰੁੱਝੀ ਹੋਈ ਸੀ; "ਸੰਗਠਤ ਡੀਟ" ਦਾ ਸਿੱਟਾ ਇੱਕ ਅਣਬਣ ਵਿੱਚ ਨਿਕਲ਼ਿਆ ਸੀ; ਇੱਕ ਬੁਰਜੂਆ ਇਨਕਲਾਬ ਹੋਣ ਵਾਲ਼ਾ ਸੀ ਅਤੇ ਉਹ ਇਨਕਲਾਬ, ਆਪਣੇ ਪਹਿਲੇ ਅਰੰਭ ਸਮੇਂ, ਵੀਆਨਾ ਦੇ ਇਨਕਲਾਬ ਵਾਂਗ ਬਿਲਕੁਲ ਇੱਕਮੱਤ ਹੋ ਸਕਦਾ ਸੀ, ਜੇ ਉਹ ਫ਼ਰਵਰੀ ਦੇ ਪੈਰਿਸ ਇਨਕਲਾਬ ਵਰਗਾ ਨਹੀਂ ਸੀ ਹੋਣਾ। ਉਸ ਘਟਨਾ ਨੇ ਹਰ ਗੱਲ ਨੂੰ ਤੇਜ਼ ਕਰ ਦਿੱਤਾ, ਜਦ ਕਿ, ਉਸੇ ਸਮੇਂ ਉਸ ਨੂੰ ਇੱਕ ਅਜਿਹੇ ਝੰਡੇ ਅਧੀਨ ਨੇਪਰੇ ਚਾੜ੍ਹਿਆ ਗਿਆ ਸੀ ਜੋ ਉਸ ਝੰਡੇ ਤੋਂ ਬਿਲਕੁਲ ਵੱਖਰਾ ਸੀ ਜਿਸ ਦੇ ਹੇਠ ਪ੍ਰਸ਼ੀਆ ਦੀ ਬੁਰਜੂਆਜ਼ੀ ਆਪਣੀ ਸਰਕਾਰ ਦੇ ਵਿਰੁੱਧ ਤਿਆਰੀ ਕਰ ਰਹੀ ਸੀ। ਫ਼ਰਵਰੀ ਦੇ ਇਨਕਲਾਬ ਨੇ ਫ਼ਰਾਂਸ ਵਿੱਚ ਉਸੇ ਪ੍ਰਕਾਰ ਦੀ ਸਰਕਾਰ ਨੂੰ ਉੱਥਲ ਪੁੱਥਲ ਕਰ ਦਿੱਤਾ ਜਿਹੋ ਜਿਹੀ ਸਰਕਾਰ ਪ੍ਰਸ਼ੀਆ ਦੀ ਬੁਰਜੂਆਜ਼ੀ ਆਪਣੇ ਦੇਸ਼ ਵਿੱਚ ਸਥਾਪਤ ਕਰਨ ਵਾਲ਼ੀ ਸੀ। ਫ਼ਰਵਰੀ ਦੇ ਇਨਕਲਾਬ ਨੇ ਆਪਣੇ ਆਪ ਨੂੰ ਮੱਧ ਸ਼੍ਰੇਣੀਆਂ ਦੇ ਵਿਰੁੱਧ ਕਿਰਤੀ ਜਮਾਤਾਂ ਦੇ ਇਨਕਲਾਬ ਵਜੋਂ ਐਲਾਨਿਆ; ਉਸ ਨੇ ਮੱਧ ਸ਼੍ਰੇਣੀ ਦੀ ਸਰਕਾਰ ਦੇ ਪਤਨ ਦਾ ਤੇ ਮਜ਼ਦੂਰ ਜਮਾਤ ਦੀ ਬੰਦਖ਼ਲਾਸੀ ਦੇ ਐਲਾਨ ਕੀਤਾ। ਹੁਣ ਪ੍ਰਸ਼ੀਆ ਦੀ ਬੁਰਜੂਆਜ਼ੀ ਨੂੰ ਮਗਰੋਂ ਜਾ ਕੇ ਆਪਣੇ ਦੇਸ਼ ਵਿੱਚ ਵੀ ਮਜ਼ਦੂਰ ਜਮਾਤ ਦੀ ਚੰਗੀ ਚੋਖੀ ਐਜੀਟੇਸ਼ਨ ਦਾ ਸਾਹਮਣਾ ਕਰਨਾ ਪਿਆ। ਸਿਲੇਸੀਆ ਦੇ ਫ਼ਸਾਦਾਂ ਦੀ ਪਹਿਲੀ ਦਹਿਸ਼ਤ ਦੇ ਗੁਜ਼ਰ ਚੁੱਕਣ ਮਗਰੋਂ, ਉਹਨਾਂ ਨੇ ਇਸ ਐਜੀਟੇਸ਼ਨ ਨੂੰ ਆਪਣੇ ਹੱਕ ਵਿੱਚ ਮੋੜ ਦੇਣ ਦਾ ਵੀ ਯਤਨ ਕੀਤਾ; ਪਰ ਹਮੇਸ਼ਾਂ ਉਹਨਾਂ ਵਿੱਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦਾ ਇੱਕ ਲਾਹੇਵੰਦ ਖ਼ੌਫ਼ ਕਾਇਮ ਰਿਹਾ ਅਤੇ, ਇਸ ਲਈ ਜਦੋਂ ਉਹਨਾਂ ਨੇ ਪੈਰਿਸ ਵਿੱਚ ਸਰਕਾਰ ਦੀ ਸਿਖ਼ਰ 'ਤੇ ਉਹਨਾਂ ਬੰਦਿਆਂ ਨੂੰ ਵੇਖਿਆ ਜਿਨ੍ਹਾਂ ਨੂੰ ਉਹ ਜਾਇਦਾਦ, ਅਮਨਚੈਨ, ਧਰਮ, ਪਰਿਵਾਰ ਅਤੇ ਆਧੁਨਿਕ ਬੁਰਜੂਆਜ਼ੀ ਦੇ ਘਰੇਲੂ ਦੇਵਤਿਆਂ ਦੇ ਬਹੁਤ ਹੀ ਖ਼ਤਰਨਾਕ ਦੁਸ਼ਮਣ ਸਮਝਦੇ ਸਨ ਉਨ੍ਹਾਂ ਨੂੰ ਤੁਰੰਤ ਹੀ ਆਪਣੀ ਇਨਕਲਾਬੀ ਪ੍ਰਚੰਡਤਾ ਚੋਖੀ ਮਾਤਰਾ ਵਿੱਚ ਠੰਡੀ ਹੁੰਦੀ ਮਹਿਸੂਸ ਹੋਈ। ਉਹ ਜਾਣਦੇ ਸਨ ਕਿ ਇਸ ਘੜੀ ਤੋਂ ਲਾਭ ਉਠਾਉਣਾ ਚਾਹੀਦਾ ਹੈ ਅਤੇ ਕਿ ਕਿਰਤੀ ਸਮੂਹਾਂ ਦੀ ਮਦਦ ਤੋਂ ਬਿਨਾਂ ਉਹਨਾਂ ਨੂੰ ਹਾਰ ਹੋਵੇਗੀ ਅਤੇ ਫਿਰ ਵੀ ਉਹਨਾਂ ਦਾ ਹੌਸਲਾ ਨਾ ਪਿਆ। ਸੋ ਉਹਨਾਂ ਨੇ ਪਹਿਲੇ ਅੰਸ਼ਕ ਤੇ ਪ੍ਰਾਂਤਕ ਵਿਦਰੋਹਾਂ ਵਿੱਚ ਸਰਕਾਰ ਦਾ ਸਾਥ ਦਿੱਤਾ, ਬਰਲਿਨ ਵਿੱਚ ਲੋਕਾਂ ਨੂੰ ਰੱਖਣ ਦਾ ਯਤਨ ਕੀਤਾ, ਜਿਹੜੇ ਲੋਕ ਪਹਿਲਾਂ ਪੰਜ ਦਿਨਾਂ ਦੇ ਦੌਰਾਨ ਸ਼ਾਹੀ ਮਹੱਲ ਦੇ ਸਾਹਮਣੇ

ਖ਼ਬਰਾਂ ਨੂੰ ਵਿਚਾਰਨ ਲਈ ਅਤੇ ਸਰਕਾਰ ਵਿੱਚ ਤਬਦੀਲੀਆਂ ਦੀ ਮੰਗ ਕਰਨ ਲਈ ਭੀੜਾਂ ਬਣਾ ਕੇ ਜੁੜੇ ਸਨ ਅਤੇ ਜਦੋਂ ਅਖ਼ੀਰ, ਮੇਟਰਨਿਚ ਦੀ ਅਧੋਗਤੀ ਦੀਆਂ ਖ਼ਬਰਾਂ ਦੇ ਮਗਰੋਂ ਬਾਦਸ਼ਾਹ* ਨੇ ਕੁਝ ਥੋੜ੍ਹੀਆਂ ਜਿਹੀਆਂ ਰਿਆਇਤਾਂ ਦਿੱਤੀਆਂ, ਬੁਰਜੂਆਜ਼ੀ ਨੇ ਸਮਝਿਆ ਕਿ ਇਨਕਲਾਬ ਸੰਪੂਰਨ ਹੋ ਗਿਆ ਹੈ ਅਤੇ ਉਹ ਮਹਾਂਮਹਿਮ ਦਾ, ਆਪਣੇ ਲੋਕਾਂ ਦੀਆਂ ਸਾਰੀਆਂ ਇੱਛਾਵਾਂ ਪੂਰਨ ਹੋਣ ਵਜੋਂ ਧੰਨਵਾਦ ਕਰਨ ਲਈ ਗਏ। ਪਰ ਇਸ ਦੇ ਮਗਰੋਂ ਫ਼ੌਜ ਨੇ ਲੋਕਾਂ ਦੀ ਭੀੜ ਉੱਤੇ ਹਮਲਾ ਕਰ ਦਿੱਤਾ ਤੇ ਫਿਰ ਨਾਕਾਬੰਦੀਆਂ, ਜੱਦੋਜਹਿਦ ਤੇ ਬਾਦਸ਼ਾਹੀ ਦੀ ਹਾਰ। ਫਿਰ ਹਰ ਚੀਜ਼ ਬਦਲ ਗਈ; ਉਹੋ ਕਿਰਤੀ ਜਮਾਤਾਂ, ਬੁਰਜੂਆਜ਼ੀ ਵਿੱਚ ਜਿਨ੍ਹਾਂ ਨੂੰ ਪਿਛਾਂਹ ਰੱਖਣ ਦੀ ਰੁਚੀ ਸੀ, ਧੱਕ ਕੇ ਅੱਗੇ ਲਿਆਂਦੀਆਂ ਗਈਆਂ, ਉਹ ਲੜੀਆਂ, ਫ਼ਤਿਹਯਾਬ ਹੋਈਆਂ ਅਤੇ ਤੁਰੰਤ ਹੀ ਉਹ ਆਪਣੀ ਤਾਕਤ ਬਾਰੇ ਚੇਤੰਨ ਹੋ ਗਈਆਂ ਸਨ। ਵੋਟ ਦੇਣ ਦੇ ਅਧਿਕਾਰ ਉੱਤੇ ਪਾਬੰਦੀ, ਪ੍ਰੈੱਸ ਦੀ ਆਜ਼ਾਦੀ ਉੱਤੇ, ਜਿਊਰੀ ਵਿੱਚ ਬਹਿਣ ਦੇ ਅਧਿਕਾਰ ਉੱਤੇ, ਮੀਟਿੰਗਾਂ ਵਿੱਚ ਜੁੜ ਬੈਠਣ ਉੱਤੇ ਪਾਬੰਦੀਆਂ, ਜੋ ਬੁਰਜੂਆਜ਼ੀ ਨੂੰ ਬਹੁਤ ਹੀ ਪਸੰਦ ਹੋ ਸਕਦੀਆਂ ਸਨ, ਕਿਉਂ ਜੋ ਉਹ ਉਹਨਾਂ ਜਮਾਤਾਂ ਨੂੰ ਆਪਣੇ ਹੇਠਾਂ ਦਬਾ ਕੇ ਰੱਖਣਾ ਚਾਹੁੰਦੀ ਸੀ— ਹੁਣ ਉੱਕਾ ਹੀ ਸੰਭਵ ਨਹੀਂ ਸਨ ਰਹੀਆਂ। ਪੈਰਿਸ ਵਰਗੀ "ਅਰਾਜਕਤਾ" ਦੇ ਦੁਹਰਾਏ ਜਾਣ ਦਾ ਖ਼ਤਰਾ ਅਵੱਸ਼ ਸੀ। ਇਸ ਖ਼ਤਰੇ ਤੋਂ ਪਹਿਲਾਂ ਸਾਰੇ ਸਾਬਕ ਮਤਭੇਦ ਅਲੋਪ ਹੋ ਗਏ। ਜੇਤੂ ਕਿਰਤੀ ਮਨੁੱਖ ਦੇ ਵਿਰੁੱਧ, ਭਾਵੇਂ ਅਜੇ ਉਸ ਨੇ ਆਪਣੇ ਲਈ ਕੋਈ ਵਿਸ਼ੇਸ਼ ਮੰਗ ਆਪਣੇ ਮੂੰਹੋਂ ਨਹੀਂ ਸੀ ਕੱਢੀ ਕਈ ਵਰ੍ਹਿਆਂ ਦੇ ਦੋਸਤ ਤੇ ਦੁਸਮਣ ਇੱਕ ਮੁੱਠ ਹੋ ਗਏ ਅਤੇ ਬੁਰਜੂਆਜ਼ੀ ਤੇ ਉਲਟਾਏ ਗਏ ਪ੍ਰਬੰਧ ਦੇ ਹਿਮਾਇਤੀਆਂ ਵਿਚਾਲੇ ਗੱਠਜੋੜ ਬਰਲਿਨ ਦੀਆਂ ਮੋਰਚਾਬੰਦੀਆਂ ਉੱਤੇ ਹੀ ਸਿਰੇ ਚੜ੍ਹ ਗਿਆ। ਜ਼ਰੂਰੀ ਰਿਆਇਤਾਂ, ਪਰ ਉਹ ਜਿਨ੍ਹਾਂ ਨੂੰ ਟਾਲ਼ਿਆ ਨਹੀਂ ਸੀ ਜਾ ਸਕਦਾ, ਦਿੱਤੀਆਂ ਜਾਣੀਆਂ ਸਨ; ਸੰਗਠਤ ਡੀਟ ਦੇ ਆਪੋਜ਼ੀਸ਼ਨ ਆਗੂਆਂ ਦੀ ਇੱਕ ਘੱਟਗਿਣਤੀ ਬਣਾਉਣੀ ਸੀ ਅਤੇ ਤਾਜ ਨੂੰ ਬਚਾਉਣ ਵਿੱਚ ਇਸ ਦੀਆਂ ਸੇਵਾਵਾਂ ਦੇ ਬਦਲੇ ਇਸ ਨੂੰ ਪੁਰਾਣੀ ਸਰਕਾਰ ਦੇ ਸਾਰੇ ਅਮਲੇ ਦੀ, ਜਾਗੀਰੂ ਰਈਸਸ਼ਾਹੀ, ਨੌਕਰਸ਼ਾਹੀ ਤੇ ਫ਼ੌਜ ਦੀ ਹਿਮਾਇਤ ਪ੍ਰਾਪਤ ਹੋਣੀ ਚਾਹੀਦੀ ਸੀ। ਇਹ ਸਨ ਉਹ ਸ਼ਰਤਾਂ ਜਿਨ੍ਹਾਂ ਉੱਤੇ ਮੈਸਰਜ਼ ਕੈਂਫਾਸੇਨ ਤੇ ਹਾਂਸੇਮਾਨ ਨੇ ਵਜ਼ਾਰਤ ਬਣਾਉਣ ਦੀ ਜ਼ਿੰਮੇਵਾਰੀ ਲਈ।

ਨਵੇਂ ਮੰਤਰੀਆਂ ਨੇ ਜੋਸ਼ ਵਿੱਚ ਆਏ ਜਨਸਮੂਹਾਂ ਵਿੱਚ ਅਜਿਹਾ ਖ਼ਤਰਾ ਵੇਖਿਆ ਕਿ ਉਹਨਾਂ ਦੀਆਂ ਨਜ਼ਰਾਂ ਵਿੱਚ ਹਰ ਉਹ ਸਾਸ਼ਨ ਚੰਗਾ ਸੀ ਜੋ ਸੱਤ੍ਹਾ ਦੀਆਂ ਹਿੱਲ ਚੁੱਕੀਆਂ ਬੁਨਿਆਦਾਂ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਸੀ। ਉਹਨਾਂ ਕਰਮਾਂ-ਮਾਰੇ ਤੇ ਭੁਚਲਾਏ ਹੋਏ ਗ਼ਰੀਬ ਲੋਕਾਂ ਨੇ ਸਮਝਿਆ ਕਿ ਪੁਰਾਣੇ ਪ੍ਰਬੰਧ ਨੂੰ ਮੁੜ ਬਹਾਲ ਕਰਨ ਦੀ ਹਰ ਖ਼ਤਰਾ ਟਲ਼ ਗਿਆ ਹੈ; ਸੋ ਉਹਨਾਂ ਨੇ "ਅਮਨ ਚੈਨ" ਬਹਾਲ ਕਰਨ ਲਈ ਰਾਜ ਦੀ ਪੁਰਾਣੀ ਰਾਜਕੀ ਮਸ਼ੀਨਰੀ ਦੀ ਵਰਤੋਂ ਕੀਤੀ। ਇੱਕ ਵੀ ਨੌਕਰਸ਼ਾਹ ਜਾਂ ਫ਼ੌਜੀ ਅਫ਼ਸਰ ਨੌਕਰੀ ਤੋਂ ਨਾ ਹਟਾਇਆ

---

* ਫ਼ਰੈਡਰਿਕ ਵਿਲਹੇਲਮ ਚੌਥਾ-ਸੰਪਾਦਕ।

ਗਿਆ; ਰਾਜ ਪ੍ਰਬੰਧ ਦੇ ਪੁਰਾਣੇ ਨੌਕਰਸ਼ਾਹੀ ਢਾਂਚੇ ਵਿੱਚ ਰਤਾ ਜਿੰਨੀ ਵੀ ਤਬਦੀਲੀ ਨਹੀਂ ਸੀ ਕੀਤੀ ਗਈ। ਇਹਨਾਂ ਕੀਮਤੀ ਸੰਵਿਧਾਨਕ ਤੇ ਜ਼ਿੰਮੇਵਾਰ ਮੰਤਰੀਆਂ ਨੇ ਉਹਨਾਂ ਕਰਮਚਾਰੀਆਂ ਨੂੰ ਮੁੜ ਕੇ ਨੌਕਰੀਆਂ 'ਤੇ ਲਾ ਲਿਆ। ਜਿਨ੍ਹਾਂ ਨੂੰ ਲੋਕਾਂ ਨੇ ਇਨਕਲਾਬ ਦੇ ਪਹਿਲੇ ਤੱਤੇ ਤਾਅ ਸਾਬਕ ਨੌਕਰਸ਼ਾਹ ਕਾਰਿਆਂ ਦੇ ਕਾਰਨ ਕੱਢ ਦਿੱਤਾ ਹੋਇਆ ਸੀ। ਪ੍ਰਸ਼ੀਆ ਵਿੱਚ ਮੰਤਰੀਆਂ ਨੂੰ ਬਦਲਣ ਤੋਂ ਉਪਰੰਤ ਹੋਰ ਕੁੱਝ ਵੀ ਨਹੀਂ ਸੀ ਬਦਲਿਆ, ਇੱਥੋਂ ਤੱਕ ਕਿ ਵੱਖ ਵੱਖ ਵਿਭਾਗਾਂ ਵਿੱਚ ਮੰਤਰੀਆਂ ਦੇ ਅਮਲਿਆਂ ਨੂੰ ਵੀ ਛੋਹਿਆ ਤੱਕ ਨਹੀਂ ਸੀ ਗਿਆ ਅਤੇ ਸਾਰੇ ਸੰਵਿਧਾਨਕ ਪਦਵੀਆਂ ਦੇ ਢੂੰਡਾਊਆਂ ਨੂੰ, ਜੋ ਉੱਚੀਆਂ ਪਦਵੀਆਂ ਉੱਤੇ ਬਿਠਾਏ ਗਏ ਨਵੇਂ ਹਾਕਮਾਂ ਦੇ ਸੋਹਲੇ ਗਾਉਂਦੇ ਸਨ ਅਤੇ ਜੋ ਸੱਤ੍ਹਾ ਤੇ ਦਫ਼ਤਰ ਵਿੱਚ ਆਪਣੇ ਹਿੱਸੇ ਦੀ ਆਸ ਰੱਖਦੇ ਸਨ, ਉਸ ਸਮੇਂ ਤੱਕ ਉਡੀਕਣ ਲਈ ਆਖ ਦਿੱਤਾ ਗਿਆ ਸੀ, ਜਦੋਂ ਤੱਕ ਬਹਾਲ ਹੋਈ ਸਥਿਰਤਾ ਨੌਕਰਸ਼ਾਹੀ ਅਮਲੇ ਵਿੱਚ ਤਬਦੀਲੀਆਂ ਕਰਨ ਦੀ ਆਗਿਆ ਨਹੀਂ ਦੇਂਦੀ, ਜਿਨ੍ਹਾਂ ਨੂੰ ਹੁਣ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ।

ਬਾਦਸ਼ਾਹ ਨੇ, ਜੋ 18 ਮਾਰਚ ਦੀ ਬਗ਼ਾਵਤ ਮਗਰੋਂ ਬਹੁਤ ਬੁਰੀ ਤਰ੍ਹਾਂ ਨਿਰਾਸ਼ ਸੀ, ਛੇਤੀ ਹੀ ਪਤਾ ਲਾ ਲਿਆ ਕਿ ਉਹ ਇਹਨਾਂ, "ਲਿਬਰਲ" ਮੰਤਰੀਆਂ ਲਈ ਇਤਨਾ ਹੀ ਜ਼ਰੂਰੀ ਹੈ, ਜਿਵੇਂ ਉਹ ਉਸ ਲਈ ਜ਼ਰੂਰੀ ਸਨ। ਬਗ਼ਾਵਤ ਨੇ ਰਾਜ-ਗੱਦੀ ਨੂੰ ਕਾਇਮ ਰਹਿਣ ਦਿੱਤਾ ਸੀ; ਰਾਜ-ਗੱਦੀ "ਅਰਾਜਕਤਾ", ਦੇ ਰਾਹ ਦੀ ਇੱਕੋ ਇੱਕ ਆਖ਼ਰੀ ਰੁਕਾਵਟ ਸੀ, ਇਸ ਲਈ ਮੱਧ ਸ਼੍ਰੇਣੀ ਤੇ ਉਸ ਦੇ ਆਗੂਆਂ ਦੀ, ਜੋ ਇਸ ਸਮੇਂ ਵਜ਼ਾਰਤ ਵਿੱਚ ਸਨ ਤਾਜ ਨਾਲ਼ ਬਹੁਤ ਚੰਗੇ ਸਬੰਧ ਬਣਾਈ ਰੱਖਣ ਵਿੱਚ ਹਰ ਦਿਲਚਸਪੀ ਸੀ। ਬਾਦਸ਼ਾਹ ਅਤੇ ਪਿਛਾਂਹਖਿੱਚੂ ਜੁੰਡਲੀ ਜਿਸ ਨੇ ਉਸ ਨੂੰ ਘੇਰਿਆ ਹੋਇਆ ਸੀ, ਇਹ ਗੱਲ ਸਮਝਣ ਵਿੱਚ ਸੁਸਤ ਨਹੀਂ ਸਨ, ਉਹਨਾਂ ਹਾਲਾਤ ਤੋਂ ਲਾਭ ਉਠਾਇਆ ਤਾਂ ਜੋ ਵਜ਼ਾਰਤ ਨੂੰ ਅਜਿਹੇ ਛੋਟੇ ਛੋਟੇ ਸੁਧਾਰ ਕਰਨ ਤੋਂ ਵੀ ਰੋਕਿਆ ਜਾਵੇ ਜਿਨ੍ਹਾਂ ਦੀ ਸਮੇਂ ਸਮੇਂ ਮੰਗ ਕੀਤੀ ਗਈ ਸੀ।

ਵਜ਼ਾਰਤ ਦੀ ਪਹਿਲੀ ਫ਼ਿਕਰਮੰਦੀ ਪਿਛਲੀਆਂ ਬਹੁਤ ਤੇਜ਼ ਤਬਦੀਲੀਆਂ ਨੂੰ ਇੱਕ ਪ੍ਰਕਾਰ ਦੀ ਕਾਨੂੰਨੀ ਰੂਪ ਦੇਣ ਦੀ ਸੀ। ਸਾਰੀ ਜਨਤਕ ਵਿਰੋਧਤਾ ਦੇ ਬਾਵਜੂਦ ਯੂਨਾਈਟਿਡ ਡੀਟ ਬੁਲਾਈ ਗਈ ਤਾਂ ਜੋ ਲੋਕਾਂ ਦੇ ਇੱਕ ਕਾਨੂੰਨੀ ਤੇ ਸੰਵਿਧਾਨਕ ਅਦਾਰੇ ਵਜੋਂ, ਉਸ ਤੋਂ ਇੱਕ ਅਸੈਂਬਲੀ ਦੀ ਚੋਣ ਲਈ ਇੱਕ ਨਵਾਂ ਚੋਣ-ਕਾਨੂੰਨ ਪਾਸ ਕਰਾਇਆ ਜਾਵੇ, ਅਸੈਂਬਲੀ ਜਿਸ ਨੇ ਇੱਕ ਨਵੇਂ ਸੰਵਿਧਾਨ ਬਾਰੇ ਤਾਜ ਨਾਲ਼ ਸਹਿਮਤ ਹੋਣਾ ਸੀ। ਚੋਣਾਂ ਅਸਿੱਧੀਆਂ ਹੋਣੀਆਂ ਸਨ, ਕਿ ਵੋਟਰਾਂ ਦੇ ਸਮੂਹ ਨੇ ਕੁੱਝ ਚੋਣਕਾਰ ਚੁਣਨੇ ਸਨ, ਫਿਰ ਉਹਨਾਂ ਚੋਣਕਾਰਾਂ ਨੇ ਪ੍ਰਤੀਨਿੱਧ ਨੂੰ ਚੁਣਨਾ ਸੀ। ਸਾਰੀ ਵਿਰੋਧਤਾ ਦੇ ਬਾਵਜੂਦ ਦੋਹਰੀਆਂ ਚੋਣਾਂ ਦੀ ਇਹ ਪ੍ਰਣਾਲੀ ਪਾਸ ਹੋ ਗਈ। ਫਿਰ ਯੂਨਾਈਟਿਡ ਡੀਟ ਨੂੰ ਦੋ ਕਰੋੜ 50 ਲੱਖ ਡਾਲਰਾਂ ਦਾ ਕਰਜ਼ਾ ਪਾਸ ਕਰਨ ਲਈ ਆਖਿਆ ਗਿਆ, ਇਸ ਦੀ ਵਿਰੋਧਤਾ ਜਨਤਕ ਪਾਰਟੀ ਨੇ ਕੀਤੀ, ਪਰ ਫਿਰ ਸਾਮਾਨ ਤੌਰ 'ਤੇ ਮੰਨ ਗਈ।

ਵਜ਼ਾਰਤ ਦੀਆਂ ਇਹਨਾਂ ਕਾਰਵਾਈਆਂ ਨੇ ਇੱਕ ਜਨਤਕ ਜਾਂ ਜਿਵੇਂ ਹੁਣ ਉਹ ਆਪਣੇ ਆਪ ਨੂੰ ਅਖਵਾਉਂਦੀ ਸੀ, ਜਨਵਾਦੀ ਪਾਰਟੀ ਨੂੰ ਬਹੁਤ ਹੀ ਜਲਦੀ ਹੋਂਦ ਵਿੱਚ ਲੈ

ਆਂਦਾ। ਇਸ ਪਾਰਟੀ ਨੇ, ਜਿਸ ਦੇ ਮੁਖੀ ਛੋਟੀ ਤਜਾਰਤੀ ਤੇ ਦੁਕਾਨਦਾਰ ਜਮਾਤ ਸੀ ਅਤੇ ਜਿਸ ਨੇ ਇਨਕਲਾਬ ਦੇ ਅਰੰਭ ਵਿੱਚ ਕਿਰਤੀ ਲੋਕਾਂ ਦੀ ਵੱਡੀ ਬਹੁਗਿਣਤੀ ਨੂੰ ਆਪਣੇ ਝੰਡੇ ਹੇਠ ਸੰਗਠਤ ਕੀਤਾ ਸੀ; ਸਿੱਧੀਆਂ ਤੇ ਸਰਬ-ਲੌਕਿਕ ਚੋਣਾਂ ਦੇ ਅਧਿਕਾਰ ਦੀ, ਇਹੋ ਜਿਹਾ ਜਿਹੋ ਜਿਹਾ ਫ਼ਰਾਂਸ ਵਿੱਚ ਸੀ, ਇੱਕ ਇਕਹਿਰੀ ਵਿਧਾਨ ਅਸੈਂਬਲੀ ਦੀ ਅਤੇ 18 ਮਾਰਚ ਦੇ ਇਨਕਲਾਬ ਨੂੰ ਨਵੇਂ ਸਰਕਾਰੀ ਪ੍ਰਬੰਧ ਦੇ ਅਧਾਰ ਵਜੋਂ ਪੂਰੀ ਤੇ ਤੁਰੰਤ ਮਾਨਤਾ ਦੇਣ ਦੀ ਮੰਗ ਕੀਤੀ। ਵਧੇਰੇ ਨਰਮ ਖ਼ਿਆਲੀ ਧੜੇ ਨੇ ਜੀਹਨੇ "ਜਮਹੂਰੀ ਬਣਾਈ" ਬਾਦਸ਼ਾਹਤ ਉੱਤੇ ਸੰਤੁਸ਼ਟ ਹੋ ਜਾਣਾ ਸੀ, ਵਧੇਰੇ ਅਗਾਂਹਵਧੂਆਂ ਨੇ ਰੀਪਬਲਿਕ ਦੀ ਸਥਾਪਨਾ ਦੀ ਮੰਗ ਕੀਤੀ। ਦੋਵੇਂ ਧੜੇ ਫ਼ਰੈਂਕਫੋਰਟ ਦੀ ਜਰਮਨ ਨੈਸ਼ਨਲ ਅਸੈਂਬਲੀ ਨੂੰ ਦੇਸ਼ ਦੀ ਉੱਚਤਮ ਸੱਤ੍ਹਾ ਵਜੋਂ ਪ੍ਰਵਾਨ ਕਰਨ ਬਾਰੇ ਸਹਿਮਤ ਹੋ ਗਏ, ਜਦ ਕਿ ਸੰਵਿਧਾਨਵਾਦੀਆਂ ਤੇ ਪ੍ਰਤੀਕਿਰਿਆਵਾਦੀਆਂ ਨੇ ਇਸ ਅਦਾਰੇ ਦੀ ਖ਼ੁਦਮੁਖ਼ਤਾਰੀ ਦੇ ਬਹੁਤ ਭਾਰੀ ਖ਼ਤਰੇ ਦਾ ਅਡੰਬਰ ਰਚਿਆ, ਜਿਸ ਅਦਾਰੇ ਨੂੰ ਉਹ ਬਿਲਕੁਲ ਇਨਕਲਾਬੀ ਹੋਣ ਵਜੋਂ ਸਮਝਣ ਦਾ ਖੁੱਲ੍ਹੇਆਮ ਪ੍ਰਚਾਰ ਕਰਦੇ ਸਨ।

ਕਿਰਤੀ ਜਮਾਤਾਂ ਦੀ ਸੁਤੰਤਰ ਲਹਿਰ ਇਨਕਲਾਬ ਨਾਲ਼ ਕੁੱਝ ਸਮੇਂ ਲਈ ਖਿੱਲਰ ਗਈ ਸੀ। ਲਹਿਰ ਦੀਆਂ ਫ਼ੌਰੀ ਜ਼ਰੂਰਤਾਂ ਤੇ ਹਾਲਾਤ ਅਜਿਹੇ ਸਨ, ਜੋ ਪਰੋਲਤਾਰੀ ਪਾਰਟੀ ਦੀ ਕੋਈ ਵੀ ਵਿਸ਼ੇਸ਼ ਮੰਗ ਪੇਸ਼ ਕਰਨ ਦੀ ਆਗਿਆ ਨਹੀਂ ਸਨ ਦੇਂਦੇ। ਅਸਲ ਵਿੱਚ, ਜਦੋਂ ਤੱਕ ਕਿਰਤੀ ਸਵਾਲਾਂ ਦੇ ਸੁਤੰਤਰ ਅਮਲ ਲਈ ਰਾਹ ਨਹੀਂ ਸੀ ਸਾਫ਼ ਕੀਤਾ ਜਾਂਦਾ, ਜਦੋਂ ਤੱਕ ਸਿੱਧੀਆਂ ਸਰਬਲੌਕਿਕ ਚੋਣਾਂ ਦਾ ਅਧਿਕਾਰ ਸਥਾਪਤ ਨਹੀਂ ਸੀ ਹੁੰਦਾ, ਜਦੋਂ ਤੱਕ 36 ਛੋਟੇ ਤੇ ਵੱਡੇ ਰਾਜਾਂ ਨੇ ਜਰਮਨੀ ਨੂੰ ਅਣਗਿਣਤ ਟੁਕੜਿਆਂ ਵਿੱਚ ਵੰਡਿਆ ਹੋਇਆ ਸੀ, ਪ੍ਰੋਲਤਾਰੀ ਪਾਰਟੀ ਪੈਰਿਸ ਦੀ ਲਹਿਰ ਨੂੰ ਵਾਚਣ ਤੋਂ ਬਿਨਾਂ ਅਤੇ ਉਹਨਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਛੋਟੇ ਦੁਕਾਨਦਾਰਾਂ ਨਾਲ਼ ਜੱਦੋਜਹਿਦ ਕਰਨ ਤੋਂ ਬਿਨਾਂ ਹੋਰ ਕਰ ਵੀ ਸਕਦੀ ਸੀ, ਜਿਨ੍ਹਾਂ ਨੇ ਮਗਰੋਂ ਜਾ ਕੇ ਉਹਨਾਂ ਨੂੰ ਆਪਣੀ ਲੜਾਈ ਲੜਨ ਦੇ ਯੋਗ ਬਣਾਉਣਾ ਸੀ ?

ਕੇਵਲ ਤਿੰਨ ਨੁਕਤੇ ਅਜਿਹੇ ਸਨ, ਜਿਨ੍ਹਾਂ ਰਾਹੀਂ ਪਰੋਲਤਾਰੀ ਪਾਰਟੀ ਆਪਣੇ ਰਾਜਨੀਤਕ ਅਮਲ ਵਿੱਚ ਆਪਣੇ ਆਪ ਨੂੰ ਛੋਟੀ ਵਪਾਰੀ ਜਮਾਤ ਤੋਂ ਜਾਂ ਸਹੀ ਤੌਰ 'ਤੇ ਕਥਿਤ ਜਨਵਾਦੀ ਪਾਰਟੀ ਤੋਂ ਜ਼ਰੂਰੀ ਤੌਰ 'ਤੇ ਵਖਰਿਆਇਆ : ਪਹਿਲਾ, ਫ਼ਰਾਂਸੀਸੀ ਲਹਿਰ ਨੂੰ ਵੱਖਰੇ ਢੰਗ ਨਾਲ਼ ਜਾਚਣ ਵਜੋਂ, ਜਿਸ ਦੇ ਸਬੰਧ ਵਿੱਚ ਡੈਮੋਕਰੇਟਾਂ ਨੇ ਪੈਰਿਸ ਵਿਚਲੀ ਸਿਰੇ ਦੀ ਪਾਰਟੀ ਉੱਤੇ ਹਮਲਾ ਕੀਤਾ ਅਤੇ ਪ੍ਰੋਲਤਾਰੀ ਇਨਕਲਾਬਵਾਦੀਆਂ ਨੇ ਉਸ ਦੀ ਹਿਮਾਇਤ ਕੀਤੀ ਸੀ; ਦੂਜਾ, ਇੱਕੋ ਤੇ ਅਵੰਡ ਇੱਕ ਜਰਮਨ ਰੀਪਬਲਿਕ ਸਥਾਪਤ ਕਰਨ ਦੀ ਜ਼ਰੂਰਤ ਦਾ ਐਲਾਨ ਕਰਨ ਵਿੱਚ, ਜਦ ਕਿ ਡੈਮੋਕਰੇਟਾਂ ਵਿਚਲੇ ਸਿਰੇ ਦੇ ਅਤਿਵਾਦੀਆਂ ਨੇ ਇੱਕ ਫ਼ੈਡਰੇਟਿਵ ਰੀਪਬਲਿਕ ਲਈ ਹਉਕਾ ਹੀ ਭਰਿਆ ਸੀ ਅਤੇ ਤੀਜਾ, ਹਰ ਅਵਸਰ ਉੱਤੇ ਕਾਰਵਾਈ ਲਈ ਇਨਕਲਾਬੀ ਹੌਸਲਾ ਤੇ ਤਤਪਰਤਾ ਵਿਖਾਉਣ ਵਿੱਚ, ਜਿਸ ਵਿੱਚ ਕੋਈ ਵੀ ਪਾਰਟੀ ਜਿਸ ਦੇ ਆਗੂ ਮੁੱਖ ਤੌਰ 'ਤੇ ਛੋਟੇ ਵਪਾਰੀ ਹਨ ਤੇ ਜੋ ਉਹਨਾਂ ਦੀ ਹੀ ਬਣੀ ਹੋਈ ਹੈ, ਹਮੇਸ਼ਾ ਪਿੱਛੇ ਰਹੇਗੀ।

ਪ੍ਰੋਲਤਾਰੀ ਜਾਂ ਸਹੀ ਤੌਰ 'ਤੇ ਇਨਕਲਾਬੀ ਪਾਰਟੀ ਡੈਮੋਕਰੇਟਾਂ ਦੇ ਪ੍ਰਭਾਵ ਵਿੱਚੋਂ ਕਿਰਤੀ ਲੋਕਾਂ ਦੇ ਸਮੂਹ ਨੂੰ ਆਪਣੇ ਵੱਲ ਖਿੱਚਣ ਵਿੱਚ ਬਹੁਤ ਹੀ ਸਹਿਜੇ ਸਹਿਜੇ ਸਫ਼ਲ ਹੋਈ, ਜਿਸ ਦੀ ਪੂਛਲ ਉਹਨਾਂ ਨੇ ਇਨਕਲਾਬ ਦੇ ਅਰੰਭ ਵਿੱਚ ਬਣਾਈ ਸੀ। ਪਰ ਠੀਕ ਸਮੇਂ 'ਤੇ ਡੈਮੋਕਰੇਟਿਕ ਆਗੂਆਂ ਦੀ ਦੋਚਿੱਤੀ, ਕਮਜ਼ੋਰੀ ਤੇ ਬੁਜ਼ਦਿਲੀ ਨੇ ਬਾਕੀ ਦਾ ਕੰਮ ਕਰ ਦਿੱਤਾ ਸੀ ਅਤੇ ਹੁਣ ਇਸ ਨੂੰ ਪਿਛਲੇ ਸਾਲ ਦੇ ਉੱਸਲਵੱਟਿਆਂ ਦਾ ਇੱਕ ਮੁੱਖ ਨਤੀਜਾ ਵੀ ਆਖਿਆ ਜਾ ਸਕਦਾ ਹੈ ਕਿ ਜਦੋਂ ਵੀ ਮਜ਼ਦੂਰ ਜਮਾਤ ਚੋਖੇ ਜਨਸਮੂਹਾਂ ਵਿੱਚ ਕੇਂਦਰਿਤ ਹੁੰਦੀ ਹੈ, ਉਹ ਉਸ ਡੈਮੋਕਰੇਟਿਕ ਪ੍ਰਭਾਵ ਵਿੱਚੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦੇ ਹਨ ਜੋ ਉਹਨਾਂ ਨੂੰ 1848 ਤੇ 1849 ਦੇ ਦੌਰਾਨ ਗ਼ਲਤੀਆਂ 'ਤੇ ਮੰਦੇ ਭਾਗਾਂ ਦੇ ਅਮੁੱਕ ਸਿਲਸਿਲੇ ਵਿੱਚ ਲੈ ਗਿਆ ਸੀ। ਪਰ ਅਸਾਂ ਇਸ ਨੂੰ ਪਹਿਲਾਂ ਚੰਗੀ ਤਰ੍ਹਾਂ ਨਹੀਂ ਸੀ ਸਮਝਿਆ; ਇਹਨਾਂ ਦੋਹਾਂ ਸਾਲਾਂ ਦੀਆਂ ਘਟਨਾਵਾਂ ਸਾਨੂੰ ਡੈਮੋਕਰੇਟ ਭੱਦਰ ਪੁਰਸ਼ਾਂ ਨੂੰ ਕੰਮ ਕਰਦਿਆਂ ਵੇਖਣ ਦੇ ਚੋਖੇ ਅਵਸਰ ਪ੍ਰਗਟ ਕਰਨਗੀਆਂ।

ਪ੍ਰਸ਼ੀਆ ਵਿੱਚ ਕਿਰਸਾਣੀ ਨੇ ਜੋ ਅਸਟਰੀਆ ਵਿਚਲੀ ਕਿਰਸਾਣੀ ਵਰਗੀ ਸੀ, ਪਰ ਇਸ ਵਿੱਚ ਸ਼ਕਤੀ ਘੱਟ ਸੀ, ਸਮੁੱਚੀ ਜਗੀਰੂ ਕਿਰਸਾਣੀ ਉੱਤੇ ਭਾਰੂ ਸੀ, ਪਰ ਇੱਥੇ ਇਹ ਇਤਨੀ ਭਾਰੂ ਨਹੀਂ ਸੀ, ਇਨਕਲਾਬ ਰਾਹੀਂ ਆਪਣੇ ਆਪ ਨੂੰ ਸਾਰੀਆਂ ਜਾਗੀਰੂ ਬੇੜੀਆਂ ਤੋਂ ਤੁਰੰਤ ਮੁਕਤ ਕਰਾਉਣ ਦਾ ਲਾਭ ਉਠਾਇਆ। ਪਰ ਇੱਥੇ, ਉਸ ਕਾਰਨ ਕਰ ਕੇ ਜਿਸ ਦਾ ਵਰਨਣ ਉੱਪਰ ਕੀਤਾ ਗਿਆ ਹੈ, ਮੱਧ-ਸ਼੍ਰੇਣੀਆਂ ਝੱਟ ਹੀ ਉਹਨਾਂ ਦੇ ਵਿਰੁੱਧ ਹੋ ਗਈਆਂ, ਜੋ ਉਹਨਾਂ ਦੇ ਸਭ ਤੋਂ ਪੁਰਾਣੀਆਂ, ਬਹੁਤ ਹੀ ਭਰੋਸੇਯੋਗ ਇਤਿਹਾਦੀ ਸਨ; ਡੈਮੋਕਰੈਟਾਂ ਨੇ ਵੀ ਜੋ ਬੁਰਜੂਆਜ਼ੀ ਤੋਂ ਉਸ ਵੱਲੋਂ ਨਿੱਜੀ ਜਾਇਦਾਦ ਉੱਤੇ ਕਥਤ ਹਮਲਿਆਂ ਕਾਰਨ ਡਰ ਗਏ ਸਨ, ਉਹਨਾਂ ਦੀ ਮਦਦ ਨਾ ਕੀਤੀ; ਸੋ ਤਿੰਨ ਮਹੀਨਿਆਂ ਦੀ ਬੰਦਖ਼ਲਾਸੀ ਦੇ ਮਗਰੋਂ, ਵਿਸ਼ੇਸ਼ ਤੌਰ 'ਤੇ ਸਿਲੇਸੀਆ ਵਿੱਚ ਖ਼ੂਨੀ ਸੰਘਰਸ਼ਾਂ ਤੇ ਫ਼ੌਜੀ ਕਾਰਵਾਈਆਂ ਦੇ ਮਗਰੋਂ ਜਗੀਰਦਾਰੀ ਉਸ ਬੁਰਜੂਆਜ਼ੀ ਹੱਥੀਂ ਬਹਾਲ ਹੋ ਗਈ ਜੋ ਕੱਲ੍ਹ ਤੱਕ ਜਗੀਰਦਾਰ-ਵਿਰੋਧੀ ਸੀ। ਉਹਨਾਂ ਦੇ ਵਿਰੁੱਧ ਪੇਸ਼ ਕੀਤਾ ਜਾਣ ਵਾਲ਼ਾ ਇਸ ਤੋਂ ਵਧੇਰੇ ਜ਼ਰੂਰੀ ਹੋਰ ਕੋਈ ਤੱਥ ਨਹੀਂ ਹੈ। ਇਸ ਦੇ ਵਧੀਆ ਇਤਿਹਾਦੀਆਂ ਦੇ ਵਿਰੁੱਧ ਇਸ ਦੇ ਆਪਣੇ ਵਿਰੁੱਧ ਇਹੋ ਜਿਹੀ ਗ਼ੱਦਾਰੀ ਇਤਿਹਾਸ ਵਿੱਚ ਕਿਸੇ ਵੀ ਪਾਰਟੀ ਨੇ ਅਜੇ ਤੱਕ ਨਹੀਂ ਸੀ ਕੀਤੀ ਅਤੇ ਅੱਗੇ ਜਾ ਕੇ ਇਸ ਮੱਧ ਸ਼੍ਰੇਣੀ ਨੂੰ ਕੋਈ ਵੀ ਖ਼ੁਆਰੀ ਤੇ ਸਜ਼ਾ ਮਿਲ਼ ਸਕਦੀ ਹੈ, ਜਿਸ ਦੀ ਉਹ ਆਪਣੀ ਇਸ ਇੱਕੋ ਕਾਰਵਾਈ ਦਾ ਹਰ ਅਮਲ ਰਾਹੀਂ ਹੱਕਦਾਰ ਹੋ ਗਈ ਹੈ।

ਲੰਡਨ, ਅਕਤੂਬਰ, 1851.

# VII
# ਫ਼ਰੈਂਕਫੋਰਟ ਨੈਸ਼ਨਲ ਅਸੈਂਬਲੀ

ਸ਼ਾਇਦ ਸਾਡੇ ਪਾਠਕਾਂ ਨੂੰ ਚੇਤੇ ਹੋਵੇਗਾ ਕਿ ਪਿਛਲੇ ਛੇ ਪੇਪਰਾਂ ਵਿੱਚ ਅਸਾਂ ਜਰਮਨੀ ਦੀ ਇਨਕਲਾਬੀ ਲਹਿਰ ਤੋਂ ਲੈ ਕੇ ਵੀਆਨਾ ਵਿੱਚ 13 ਮਾਰਚ, ਬਰਲਿਨ ਵਿੱਚ 18 ਮਾਰਚ ਦੀਆਂ ਦੋ ਮਹਾਨ ਜਨਤਕ ਜਿੱਤਾਂ ਤੱਕ ਵਰਨਣ ਕੀਤਾ ਹੈ। ਅਸਾਂ, ਅਸਟਰੀਆ ਤੇ ਪ੍ਰਸ਼ੀਆ ਵਿੱਚ, ਦੋਹੀਂ ਥਾਈਂ, ਸੰਵਿਧਾਨ ਸਰਕਾਰਾਂ ਦੀ ਸਥਾਪਤੀ ਨੂੰ ਅਤੇ ਸਾਰੀ ਭਵਿੱਖੀ ਨੀਤੀ ਲਈ ਮੁੱਖ ਨੇਮਾਂ ਵਜੋਂ ਲਿਬਰਲ ਜਾਂ ਮੱਧ ਸ਼੍ਰੇਣੀ ਅਸੂਲਾਂ ਦੇ ਐਲਾਨ ਨੂੰ ਵੇਖਿਆ ਹੈ ਅਤੇ ਕਾਰਵਾਈ ਦੇ ਇਹਨਾਂ ਦੋ ਬਹੁਤ ਵੱਡੇ ਕੇਂਦਰਾਂ ਵਿਚਾਲੇ ਵੇਖਿਆ ਜਾ ਸਕਣ ਵਾਲ਼ਾ ਕੇਵਲ ਫ਼ਰਕ ਇਹ ਸੀ, ਕਿ ਪ੍ਰਸ਼ੀਆ ਵਿੱਚ ਲਿਬਰਲ ਬੁਰਜੂਆਜ਼ੀ ਨੇ ਦੋ ਧਨਾਢ ਤਾਜਰਾਂ ਮੈਸਰਜ਼ ਕੈਂਪਹਾਸੇਨ ਤੇ ਹਾਂਸੇਮਾਨ ਦੇ ਰੂਪ ਵਿੱਚ ਸਿੱਧੇ ਤੌਰ ’ਤੇ ਸੱਤ੍ਹਾ ਦੀ ਵਾਂਗ ਡੋਰ ਸੰਭਾਲ਼ ਲਈ; ਜਦ ਕਿ ਅਸਟਰੀਆ ਵਿੱਚ ਜਿੱਥੇ ਬੁਰਜੂਆਜ਼ੀ ਰਾਜਨੀਤਕ ਤੌਰ ’ਤੇ ਬਹੁਤ ਘੱਟ ਸੂਝਵਾਨ ਸੀ, ਲਿਬਰਲ **ਬਿਉਰੋਕਰੈਟ** ਦਫ਼ਤਰ ਵਿੱਚ ਬਿਰਾਜਮਾਨ ਹੋ ਗਏ ਅਤੇ ਉਹਨਾਂ ਦੀ ਜ਼ਿੰਮੇਦਾਰੀ ਉੱਤੇ ਸੱਤ੍ਹਾ ਹੱਥ ਵਿੱਚ ਲੈਣ ਦਾ ਦਾਅਵਾ ਕੀਤਾ। ਅਸਾਂ ਇਹ ਵੀ ਵੇਖਿਆ ਹੈ ਕਿ ਸਮਾਜ ਦੀਆਂ ਪਾਰਟੀਆਂ ਤੇ ਜਮਾਤਾਂ, ਜੋ ਪਹਿਲਾਂ ਪੁਰਾਣੀ ਸਰਕਾਰ ਦੀ ਵਿਰੋਧਤਾ ਵਿੱਚ ਸਾਰੀਆਂ ਇੱਕਮੁੱਠ ਸਨ, ਫ਼ਤਿਹ ਦੇ ਮਗਰੋਂ ਜਾਂ ਜੱਦੋਜਹਿਦ ਦੇ ਦੌਰਾਨ ਵੀ ਕਿਵੇਂ ਆਪੋ ਵਿੱਚ ਵੰਡੀਆਂ ਗਈਆਂ ਸਨ ਅਤੇ ਕਿਵੇਂ ਉਸ ਲਿਬਰਲ ਬੁਰਜੂਆਜ਼ੀ ਨੇ ਜਿਸ ਨੇ, ਫ਼ਤਿਹ ਤੋਂ ਇਕੱਲਿਆਂ ਲਾਭ ਉਠਾਇਆ ਸੀ, ਆਪਣੇ ਕੱਲ੍ਹ ਦੇ ਇਤਿਹਾਦੀਆਂ ਵੱਲੋਂ ਤੁਰੰਤ ਆਪਣਾ ਮੂੰਹ ਫੇਰ ਲਿਆ, ਵਧੇਰੇ ਅਗਾਂਹਵਧੂ ਖ਼ਾਸੇ ਵਾਲ਼ੀ ਹਰ ਜਮਾਤ ਤੇ ਪਾਰਟੀ ਵੱਲ ਵੈਰੀ ਰਵੱਈਆ ਧਾਰਨ ਕਰ ਲਿਆ ਅਤੇ ਜਿੱਤੇ ਹੋਏ ਜਗੀਰਦਾਰ ਤੇ ਨੌਕਰਸ਼ਾਹੀ ਹਿੱਤਾਂ ਦੇ ਨਾਲ਼ ਇੱਕ ਗੱਠਜੋੜ ਕਰ ਲਿਆ। ਅਸਲ ਵਿੱਚ ਇਹ ਗੱਲ ਇਨਕਲਾਬੀ ਨਾਟਕ ਦੇ ਆਰੰਭ ਤੋਂ ਪ੍ਰਤੱਖ ਸੀ ਕਿ ਲਿਬਰਲ ਬੁਰਜੂਆਜ਼ੀ ਲੋਕ-ਪ੍ਰਿਅ ਤੇ ਵਧੇਰੇ ਅਗਾਂਹਵਧੂ ਪਾਰਟੀਆਂ ਦੀ ਮਦਦ ਉੱਤੇ ਟੇਕ ਰੱਖੇ ਬਿਨਾਂ ਉਹਨਾਂ ਜਾਗੀਰਦਾਰਾਂ ਤੇ ਨੌਕਰਸ਼ਾਹ ਪਾਰਟੀਆਂ ਦਾ ਟਾਕਰਾ ਨਹੀਂ ਸੀ ਕਰ ਸਕਦੀ ਜੋ ਤਬਾਹ ਨਹੀਂ ਸਨ ਹੋਈਆਂ, ਅਲੋਪ ਹੋ ਗਈਆਂ ਸਨ ਅਤੇ ਕਿ ਇਸ ਨੂੰ ਇਹਨਾਂ ਵਧੇਰੇ ਅਗਾਂਹਵਧੂ ਜਨਸਮੂਹਾਂ ਦੇ ਹੜ੍ਹ ਵਿਰੁੱਧ ਜਗੀਰੂ ਕੁਲੀਨ ਵਰਗ ਤੇ ਨੌਕਰਸ਼ਾਹੀ ਦੀ ਵੀ ਮਦਦ ਚਾਹੀਦੀ ਸੀ। ਸੋ, ਇਹ ਕਾਫ਼ੀ ਸਪੱਸ਼ਟ ਸੀ, ਕਿ ਅਸਟਰੀਆ ਤੇ ਪ੍ਰਸ਼ੀਆ ਵਿੱਚ ਬੁਰਜੂਆਜ਼ੀ ਆਪਣੀ ਸੱਤ੍ਹਾ ਨੂੰ ਬਰਕਰਾਰ ਰੱਖਣ ਲਈ ਅਤੇ ਦੇਸ਼ ਦੀਆਂ ਸੰਸਥਾਵਾਂ ਨੂੰ ਆਪਣੀਆਂ ਲੋੜਾਂ ਤੇ ਵਿਚਾਰਾਂ ਅਨੁਸਾਰ ਢਾਲਣ ਲਈ ਕਾਫ਼ੀ ਤਾਕਤ ਨਹੀਂ ਸੀ ਰੱਖਦੀ। ਲਿਬਰਲ ਬੁਰਜੂਆ ਵਜ਼ਾਰਤ ਕੇਵਲ ਰੁਕਣ ਲਈ ਇੱਕ ਥਾਂ ਸੀ ਜਿੱਥੋਂ ਹਾਲਾਤ ਦੇ ਮੋੜਾ ਪਾ ਜਾਣ ਦੀ ਸੂਰਤ ਵਿੱਚ ਹੋ ਸਕਦਾ ਹੈ ਦੇਸ਼ ਯੂਨੀਟੇਰੀਅਨ ਰੀਪਬਲਿਕਇਜ਼ਮ ਦੇ ਵਧੇਰੇ ਅਗਾਂਹਵਧੂ ਪੜਾਅ ਵੱਲ ਤੁਰ ਪਏ ਜਾਂ ਪੁਰਾਣੇ ਪਾਦਰੀ-ਜਾਗੀਰਦਾਰ ਤੇ ਨੌਕਰਸ਼ਾਹ ਸਾਸ਼ਨ

ਵਿੱਚ ਜਾ ਡਿੱਗੇ। ਹਰ ਹਾਲਤ ਵਿੱਚ, ਅਸਲੀ, ਨਿਰਣਾਇਕ ਜੱਦੋਜਹਿਦ ਅਜੇ ਆਉਣੀ ਸੀ; ਮਾਰਚ ਦੀਆਂ ਘਟਨਾਵਾਂ ਨੇ ਲੜਾਈ ਦਾ ਅਜੇ ਮੁੱਢ ਹੀ ਬੰਨ੍ਹਿਆਂ ਸੀ।

ਅਸਟਰੀਆ ਤੇ ਪ੍ਰਸ਼ੀਆ ਜਰਮਨੀ ਦੇ ਦੋ ਹਾਕਮ ਰਾਜ ਹੋਣ ਕਾਰਨ ਵੀਆਨਾ ਜਾਂ ਬਰਲਿਨ ਵਿੱਚ ਹਰ ਨਿਰਣਾਇਕ ਇਨਕਲਾਬੀ ਜਿੱਤ ਪੂਰੇ ਜਰਮਨੀ ਲਈ ਨਿਰਣਾਇਕ ਜਿੱਤ ਹੋਣੀ ਚਾਹੀਦੀ ਸੀ ਅਤੇ ਜਿੱਥੋਂ ਤੱਕ ਮਾਰਚ 1848 ਦੀਆਂ ਘਟਨਾਵਾਂ ਇਹਨਾਂ ਦੋ ਸ਼ਹਿਰਾਂ ਵਿੱਚ ਹੋਈਆਂ ਉਹਨਾਂ ਨੇ ਜਰਮਨ ਮਾਮਲਿਆਂ ਵਿੱਚ ਮੋੜ ਦਾ ਨਿਰਣਾ ਕਰ ਦਿੱਤਾ। ਫਿਰ ਉਹਨਾਂ ਲਹਿਰਾਂ ਨੂੰ ਚੇਤੇ ਕਰਨਾ ਫ਼ਾਲਤੂ ਗੱਲ ਹੋਵੇਗੀ ਜੋ ਛੋਟੇ ਰਾਜਾਂ ਵਿੱਚ ਵਾਪਰ ਚੁੱਕੀਆਂ ਸਨ ਅਤੇ ਹੋ ਸਕਦਾ ਹੈ ਅਸੀਂ, ਆਪਣੇ ਆਪ ਨੂੰ ਵਿਸ਼ੇਸ਼ ਤੌਰ 'ਤੇ ਅਸਟਰੀਆ ਤੇ ਪ੍ਰਸ਼ੀਆ ਦੇ ਮਾਮਲਿਆਂ ਬਾਰੇ ਸੋਚਣ ਤੱਕ ਹੀ ਸੀਮਤ ਰੱਖਦੇ, ਜੇ ਇਹਨਾਂ ਛੋਟੇ ਰਾਜਾਂ ਦੀ ਹੋਂਦ ਨੇ ਇੱਕ ਅਜਿਹੇ ਅਦਾਰੇ ਨੂੰ ਜਨਮ ਨਾ ਦਿੱਤਾ ਹੁੰਦਾ, ਜੋ ਆਪਣੀ ਹੋਂਦ ਵਜੋਂ ਹੀ ਜਰਮਨੀ ਦੀ ਅਸਾਧਾਰਨ ਸਥਿਤੀ ਦਾ ਅਤੇ ਪਿਛਲੇ ਇਨਕਲਾਬ ਦੀ ਅਪੂਰਨਤਾ ਦਾ ਬਹੁਤ ਹੀ ਉੱਘੜਵਾਂ ਸਬੂਤ ਸੀ; ਇੱਕ ਅਜਿਹਾ ਅਦਾਰਾ ਜੋ ਆਪਣੀ ਪੁਜ਼ੀਸ਼ਨ ਵਿੱਚ ਬਹੁਤ ਹੀ ਅਸਾਧਾਰਨ, ਬਹੁਤ ਹੀ ਹਾਸੋਹੀਣਾ ਸੀ ਅਤੇ ਫਿਰ ਵੀ ਆਪਣੀ ਮਹੱਤਤਾ ਵਜੋਂ ਇਤਨਾ ਭਰਪੂਰ ਸੀ ਕਿ ਬਹੁਤ ਸੰਭਵ ਹੈ ਇਤਿਹਾਸ ਕਦੇ ਵੀ ਇਹੋ ਜਿਹਾ ਅਦਾਰਾ ਪੈਦਾ ਨਹੀਂ ਕਰੇਗਾ। ਇਹ ਅਦਾਰਾ ਫ਼ਰੈਂਕਫੋਰਟ-ਓਨ-ਦੀ ਮੇਨ ਵਿੱਚ ਕਥਤ **ਜਰਮਨ ਨੈਸ਼ਨਲ ਅਸੈਂਬਲੀ** ਸੀ।

ਵੀਆਨਾ ਤੇ ਬਰਲਿਨ ਵਿੱਚ ਉੱਘੀਆਂ ਜਿੱਤਾਂ ਦੇ ਮਗਰੋਂ ਇਹ ਜ਼ਰੂਰੀ ਗੱਲ ਸੀ ਕਿ ਉੱਥੇ ਪੂਰੇ ਜਰਮਨੀ ਲਈ ਇੱਕ ਪ੍ਰਤੀਨਿੱਧ ਅਸੈਂਬਲੀ ਹੋਵੇ। ਅਖ਼ੀਰ ਅਦਾਰਾ ਚੁਣਿਆ ਗਿਆ ਅਤੇ ਪੁਰਾਣੀ ਫ਼ੈਡਰੇਟਿਵ ਡੀਟ ਦੇ ਨਾਲ਼ ਫ਼ਰੈਂਕਫੋਰਟ ਵਿੱਚ ਜੁੜਿਆ। ਲੋਕਾਂ ਨੂੰ ਇਹ ਆਸ ਸੀ ਕਿ ਜਰਮਨ ਨੈਸ਼ਨਲ ਅਸੈਂਬਲੀ ਝਗੜੇ ਦੀ ਹਰ ਗੱਲ ਨੂੰ ਹੱਲ ਕਰ ਦੇਵੇਗੀ ਅਤੇ ਸਮੁੱਚੀ ਕਾਨਫ਼ੈਡਰੇਸ਼ਨ ਲਈ ਇੱਕ ਸਭ ਤੋਂ ਉੱਚੀ ਵਿਧਾਨਕ ਸੱਤ੍ਹਾ ਵਜੋਂ ਅਮਲ ਕਰੇਗੀ। ਪਰ ਇਸੇ ਸਮੇਂ ਡੀਟ ਨੇ ਜਿਸ ਨੇ ਇਸ ਨੂੰ ਬੁਲਾਇਆ ਸੀ ਕਿਸੇ ਵੀ ਤਰ੍ਹਾਂ ਆਪਣੇ ਲੱਛਣ ਨਿਸ਼ਚਿਤ ਨਹੀਂ ਸਨ ਕੀਤੇ। ਕੋਈ ਵੀ ਨਹੀਂ ਸੀ ਜਾਣਦਾ ਕਿ ਇਸ ਦੇ ਫ਼ਰਮਾਨਾਂ ਨੂੰ ਕਾਨੂੰਨੀ ਤਾਕਤ ਪ੍ਰਾਪਤ ਵੀ ਹੋਵੇਗੀ ਜਾਂ ਇਹਨਾਂ ਨੂੰ ਡੀਟ ਦੀ ਜਾਂ ਵਿਅਕਤੀਗਤ ਸਰਕਾਰਾਂ ਦੀ ਪ੍ਰਵਾਨਗੀ ਲੈਣੀ ਹੋਵੇਗੀ ਜਾਂ ਨਹੀਂ। ਅਜਿਹੀ ਦੁਬਿਧਾ ਵਿੱਚ, ਜੇ ਅਸੈਂਬਲੀ ਕੋਲ਼ ਥੋੜ੍ਹੀ ਜਿੰਨੀ ਵੀ ਸ਼ਕਤੀ ਹੁੰਦੀ ਤਾਂ ਉਸ ਨੇ ਡੀਟ ਨੂੰ—ਉਸ ਸਮੇਂ ਜਿਸ ਨਾਲ਼ੋਂ ਕੋਈ ਵੀ ਜੱਥੇਬੰਦ ਅਦਾਰਾ ਜਰਮਨੀ ਵਿੱਚ ਇਸ ਤੋਂ ਵੱਧ ਬਦਨਾਮ ਨਹੀਂ ਸੀ—ਤੁਰੰਤ ਤੋੜ ਦਿੱਤਾ ਹੁੰਦਾ ਅਤੇ ਉਸ ਦੀ ਥਾਂ 'ਤੇ ਇਸ ਦੇ ਆਪਣੇ ਹੀ ਮੈਂਬਰਾਂ ਵਿੱਚੋਂ ਚੁਣੀ ਹੋਈ ਫ਼ੈਡਰਲ ਸਰਕਾਰ ਸਥਾਪਤ ਕਰ ਦਿੱਤੀ ਹੁੰਦੀ। ਇਸ ਨੇ ਆਪਣੇ ਆਪ ਨੂੰ ਜਰਮਨ ਲੋਕਾਂ ਦੀ ਖ਼ੁਦਮੁਖ਼ਤਾਰ ਇੱਛਾ ਦਾ ਇੱਕੋ ਇੱਕ ਕਾਨੂੰਨੀ ਪ੍ਰਗਟਾਅ ਐਲਾਨ ਦਿੱਤਾ ਹੁੰਦਾ ਅਤੇ ਇਸ ਤਰ੍ਹਾਂ ਆਪਣੇ ਹਰ ਫ਼ੁਰਮਾਨ ਨਾਲ਼ ਕਾਨੂੰਨੀ ਪ੍ਰਮਾਣਕਤਾ ਨੱਥੀ ਕਰ ਦਿੱਤੀ ਹੁੰਦੀ। ਸਭ ਤੋਂ ਪਹਿਲਾਂ, ਇਸ ਨੇ ਆਪਣੇ ਲਈ ਦੇਸ਼ ਵਿੱਚ ਜੱਥੇਬੰਦ ਤੇ ਹਥਿਆਰਬੰਦ ਤਾਕਤ ਪ੍ਰਾਪਤ ਕਰ ਲਈ ਹੁੰਦੀ ਜੋ ਸਰਕਾਰਾਂ ਵੱਲੋਂ ਕਿਸੇ ਵੀ ਵਿਰੋਧਤਾ ਨੂੰ ਖ਼ਤਮ ਕਰਨ ਲਈ ਕਾਫ਼ੀ ਹੋਣੀ ਸੀ ਅਤੇ ਇਹ ਸਭ ਕੁਝ

ਸੁਖਾਲ਼ਾ ਸੀ, ਇਨਕਲਾਬ ਦੇ ਮੁੱਢਲੇ ਸਮੇਂ ਵਿੱਚ ਤਾਂ ਬਹੁਤ ਸੁਖਾਲ਼ਾ ਸੀ। ਪਰ ਇੱਕ ਅਜਿਹੀ ਅਸੈਂਬਲੀ ਤੋਂ ਇਸ ਸਭ ਕੁੱਝ ਲਈ ਆਸ ਰੱਖਣੀ ਬਹੁਤ ਵੱਡੀ ਗੱਲ ਹੁੰਦੀ ਜਿਸ ਨੇ ਆਪਣੀ ਬਹੁਗਿਣਤੀ ਵਿੱਚ ਲਿਬਰਲ ਪ੍ਰਤੀਨਿਧ ਤੇ ਸਿਧਾਂਤਵਾਦੀ ਪ੍ਰੋਫ਼ੈਸਰ ਭਰਤੀ ਕੀਤੇ ਹੋਏ ਸਨ, ਇੱਕ ਅਜਿਹੀ ਅਸੈਂਬਲੀ, ਜੋ, ਜਦ ਕਿ ਉਹ ਜਰਮਨ ਬੌਧਕਤਾ ਤੇ ਵਿਗਿਆਨ ਦੇ ਤੱਤ ਨੂੰ ਹੀ ਗ੍ਰਹਿਣ ਕਰਨਾ ਚਾਹੁੰਦੀ ਸੀ, ਅਸਲ ਵਿੱਚ ਇੱਕ ਅਜਿਹੇ ਮੰਚ ਤੋਂ ਬਿਨਾਂ ਕੁੱਝ ਨਹੀਂ ਸੀ ਜਿਸ ਉੱਤੇ ਪੁਰਾਣੇ ਤੇ ਹੰਢ ਚੁੱਕੇ ਰਾਜਸੀ ਪਾਤਰਾਂ ਨੇ ਜਰਮਨੀ ਦੀਆਂ ਅੱਖਾਂ ਸਾਹਮਣੇ ਆਪਣੀ ਅਣਇੱਛਤ ਹਾਸੋਹੀਣਤਾ ਅਤੇ ਆਪਣੇ ਵਿਚਾਰਾਂ ਤੇ ਕਾਰਜ ਦੀ ਵੀ ਨਿਪੁੰਸਕਤਾ ਪ੍ਰਦਰਸ਼ਿਤ ਕੀਤੀ। ਬੁੱਢੀਆਂ ਔਰਤਾਂ ਦੀ ਇਹ ਅਸੈਂਬਲੀ, ਆਪਣੀ ਹੋਂਦ ਦੇ ਪਹਿਲੇ ਦਿਨ ਤੋਂ ਹੀ ਸਾਰੀਆਂ ਜਰਮਨ ਸਰਕਾਰਾਂ ਦੀਆਂ ਕੁੱਲ ਮਿਲ਼ਾ ਕੇ ਸਭ ਪਿਛਾਂਹਖਿੱਚੂ ਸਾਜਸ਼ਾਂ ਨਾਲ਼ੋਂ ਵੱਧ ਬਹੁਤ ਹੀ ਘੱਟ ਪ੍ਰਸਿੱਧ ਸਰਕਾਰ ਕੋਲ਼ੋਂ ਡਰਦੀ ਸੀ। ਇਸ ਨੇ ਡੀਟ ਦੀ ਨਿਗਰਾਨੀ ਹੇਠਾਂ ਸੋਚਿਆ ਵਿਚਾਰਿਆ, ਸਗੋਂ ਆਪਣੇ ਫ਼ੁਰਮਾਨਾਂ ਦੀ ਪ੍ਰਵਾਨਗੀ ਲਈ ਡੀਟ ਨੂੰ ਲਗਭਗ ਮਿੰਨਤਾਂ ਕੀਤੀਆਂ, ਕਿਉਂਜੋ ਇਸ ਦੇ ਪਹਿਲੇ ਮਤੇ ਉਸ ਘਿਣਾਉਣੇ ਅਦਾਰੇ ਰਾਹੀਂ ਘੋਸ਼ਿਤ ਹੋਣੇ ਚਾਹੀਦੇ ਸਨ। ਆਪਣੀ ਪ੍ਰਭੂ ਸੱਤ੍ਹਾ ਦਾ ਦਾਅਵਾ ਕਰਨ ਦੀ ਬਜਾਏ, ਇਸ ਨੇ ਵੀ ਕਿਸੇ ਅਜਿਹੇ ਖ਼ਤਰਨਾਕ ਸੁਆਲ ਦੀ ਬਹਿਸ ਨੂੰ ਉਚੇਚੇ ਤੌਰ ’ਤੇ ਅੱਖੋਂ ਓਹਲੇ ਕੀਤਾ। ਆਪਣੇ ਆਲ਼ੇ ਦੁਆਲ਼ੇ ਇੱਕ ਜਨਤਕ ਸ਼ਕਤੀ ਇਕੱਤਰ ਕਰਨ ਦੀ ਥਾਂ ਇਹਨੇ ਸਰਕਾਰਾਂ ਦੇ ਸਾਰੇ ਵਧੀਕੀ ਵਾਲ਼ੇ ਅਯੋਗ ਦਖ਼ਲਾਂ ਨੂੰ ਸਧਾਰਨ ਗੱਲ ਵਾਂਗ ਖਿੜ੍ਹੇ ਮੱਥੇ ਪ੍ਰਵਾਨ ਕਰ ਲਿਆ; ਇਸ ਦੀਆਂ ਅੱਖਾਂ ਸਾਹਮਣੇ ਮੇਐਨਸ (Mayence) ਦੀ ਨਾਕਾਬੰਦੀ ਕੀਤੀ ਗਈ ਤੇ ਉਥੋਂ ਦੇ ਲੋਕਾਂ ਨੂੰ ਬੇ-ਹਥਿਆਰੇ ਕਰ ਦਿੱਤਾ ਗਿਆ, ਅਤੇ ਨੈਸ਼ਨਲ ਅਸੈਂਬਲੀ ਬਿਲਕੁਲ ਹਰਕਤ ਵਿੱਚ ਨਾ ਆਈ। ਮਗਰੋਂ ਇਸ ਨੇ ਅਸਟਰੀਆ ਦੇ ਆਰਕਡਿਊਕ ਜੌਹਨ ਨੂੰ ਜਰਮਨੀ ਦਾ ਰੀਜੈਂਟ ਚੁਣਿਆ ਅਤੇ ਐਲਾਨ ਕੀਤਾ ਕਿ ਇਸ ਦੇ ਸਾਰੇ ਮਤਿਆਂ ਨੂੰ ਕਾਨੂੰਨੀ ਹੈਸੀਅਤ ਪ੍ਰਾਪਤ ਹੋਵੇਗੀ; ਪਰ ਉਦੋਂ, ਆਰਕਡਿਊਕ ਜੌਹਨ ਨੂੰ, ਸਾਰੀਆਂ ਸਰਕਾਰਾਂ ਦੀ ਸਹਿਮਤੀ ਪ੍ਰਾਪਤ ਕਰਨ ਮਗਰੋਂ ਉਸ ਦੀ ਨਵੀਂ ਪਦਵੀ ਉੱਤੇ ਹੀ ਸਥਾਪਤ ਕੀਤਾ ਗਿਆ ਸੀ ਅਤੇ ਉਹ ਅਸੈਂਬਲੀ ਵੱਲੋਂ ਨਿਯੁਕਤ ਨਹੀਂ ਸੀ ਹੋਇਆ ਸਗੋਂ ਡੀਟ ਵੱਲੋਂ ਹੋਇਆ ਸੀ ਅਤੇ ਜਿੱਥੋਂ ਤੱਕ ਅਸੈਂਬਲੀ ਦੇ ਫ਼ੈਸਲਿਆਂ ਦੀ ਕਾਨੂੰਨੀ ਹੈਸੀਅਤ ਦਾ ਸਬੰਧ ਹੈ ਇਸ ਨੁਕਤੇ ਨੂੰ ਵੱਡੀਆਂ ਸਰਕਾਰਾਂ ਵੱਲੋਂ ਕਦੇ ਵੀ ਪ੍ਰਵਾਨ ਨਹੀਂ ਸੀ ਕੀਤਾ ਗਿਆ ਤੇ ਨਾ ਹੀ ਆਮ ਅਸੈਂਬਲੀ ਵੱਲੋਂ ਲਾਗੂ ਕੀਤਾ ਗਿਆ ਸੀ; ਇਸ ਲਈ ਇਹ ਮੁਅੱਤਲੀ ਦੀ ਹਾਲਤ ਵਿੱਚ ਹੀ ਰਿਹਾ। ਸੋ, ਸਾਡੇ ਸਾਹਮਣੇ ਇੱਕ ਅਜਿਹੀ ਅਸੈਂਬਲੀ ਦਾ ਅਜੀਬ ਨਜ਼ਾਰਾ ਸੀ ਜੋ ਮਹਾਨ ਤੇ ਖ਼ੁਦਮੁਖ਼ਤਾਰ ਕੌਮ ਦੀ ਇੱਕੋ ਇੱਕ ਕਾਨੂੰਨੀ ਪ੍ਰਤੀਨਿੱਧ ਹੋਣ ਦਾ ਵਿਖਾਵਾ ਕਰਦੀ ਸੀ ਅਤੇ ਜਿਸ ਕੋਲ਼ ਆਪਣੇ ਦਾਅਵਿਆਂ ਨੂੰ ਪ੍ਰਵਾਨ ਕਰਾਉਣ ਲਈ ਨਾ ਤਾਂ ਕਦੇ ਹਿੰਮਤ ਸੀ ਤੇ ਨਾ ਹੀ ਸ਼ਕਤੀ। ਬਿਨਾਂ ਕਿਸੇ ਅਮਲੀ ਸਿੱਟੇ ਦੇ ਇਸ ਅਦਾਰੇ ਦੀਆਂ ਬਹਿਸਾਂ ਦੀ ਕੋਈ ਸਿਧਾਂਤਕ ਕੀਮਤ ਵੀ ਨਹੀਂ ਸੀ, ਇਸ ਨੇ ਨਿਕੰਮੇ ਹੋ ਚੁੱਕੇ ਦਾਰਸ਼ਨਕ ਤੇ ਨਿਆਂ-ਵਿਧਾਨ ਸਬੰਧੀ ਸਕੂਲਾਂ ਦੇ ਬਹੁਤ ਹੀ ਸਧਾਰਨ ਤੇ ਆਮ ਵਿਸ਼ਿਆਂ ਤੋਂ ਬਿਨਾਂ ਕੁੱਝ ਵੀ ਪੈਦਾ ਨਾ ਕੀਤਾ; ਹਰ ਇੱਕ ਵਾਕ ਜਿਹੜਾ

ਅਸੈਂਬਲੀ ਵਿੱਚ ਆਖਿਆ ਜਾਂ ਰੁੱਕ ਰੁੱਕ ਕੇ ਬੋਲਿਆ ਗਿਆ, ਉਸ ਨੂੰ ਉਹ ਕਿੰਨਾ ਚਿਰ ਪਹਿਲਾਂ ਹਜ਼ਾਰ ਵਾਰ ਛਾਪਿਆ ਤੇ ਹਜ਼ਾਰ ਵਾਰ ਸੁੰਦਰ ਬਣਾਇਆ ਜਾਂਦਾ ਰਿਹਾ ਹੈ।

ਸੋ ਜਰਮਨੀ ਦੀ ਨਵੀਂ ਕੇਂਦਰੀ ਸੱਤ੍ਹਾ ਨੇ ਹਰ ਚੀਜ਼ ਉਸੇ ਤਰ੍ਹਾਂ ਛੱਡ ਦਿੱਤੀ ਜਿਹੋ ਜਿਹੀ ਉਸ ਨੇ ਪ੍ਰਾਪਤ ਕੀਤੀ ਸੀ। ਸੋ, ਬੜੇ ਚਿਰ ਤੋਂ ਮੰਗੀ ਜਾ ਰਹੀ ਜਰਮਨੀ ਦੀ ਏਕਤਾ ਦੀ ਪੂਰਤੀ ਤਾਂ ਦੂਰ ਰਹੀ ਉਸ ਨੇ ਆਪਣੇ ਉੱਤੇ ਰਾਜ ਕਰਦੇ ਤੁਛ ਜਿਹੇ ਰਾਜਿਆਂ ਨੂੰ ਵੀ ਖ਼ਤਮ ਨਹੀਂ ਸੀ ਕੀਤਾ; ਇਸ ਨੇ ਆਪਣੇ ਵੱਖ ਵੱਖ ਪ੍ਰਾਂਤਾਂ ਵਿਚਾਲੇ ਜੁੜਨ ਦੇ ਸਬੰਧਾਂ ਨੂੰ ਵੀ ਨੇੜੇ ਨੇੜੇ ਨਾ ਲਿਆਂਦਾ; ਇਸ ਨੇ ਚੂੰਗੀਘਰਾਂ ਦੀਆਂ ਨਾਕਾਬੰਦੀਆਂ ਨੂੰ ਜੋ ਹਾਨੋਵਰ ਨੂੰ ਪ੍ਰਸ਼ੀਆ ਤੋਂ ਅਤੇ ਪ੍ਰਸ਼ੀਆ ਨੂੰ ਅਸਟਰੀਆ ਤੋਂ ਵੱਖ ਕਰਦੀਆਂ ਸਨ ਤੋੜਨ ਵੱਲ ਕਦਮ ਵੀ ਨਾ ਪੁੱਟਿਆ; ਇਸ ਨੇ ਉਹ ਬੇਹੂਦਾ ਮਹਿਸੂਲ ਵੀ ਹਟਾਉਣ ਲਈ ਰਤਾ ਜਿੰਨੀ ਕੋਸ਼ਿਸ਼ ਨਾ ਕੀਤੀ ਜੋ ਪ੍ਰਸ਼ੀਆ ਵਿੱਚ ਹਰ ਥਾਂ 'ਤੇ ਦਰਿਆਈ ਆਵਾਜਾਈ ਵਿੱਚ ਰੋਕਾਂ ਪਾਉਂਦੇ ਸਨ। ਪਰ ਜਿਤਨਾ ਘੱਟ ਕੰਮ ਇਸ ਅਸੈਂਬਲੀ ਨੇ ਕੀਤਾ, ਉਤਨਾ ਵਧੇਰੇ ਇਸ ਨੇ ਆਕੜ ਤੇ ਫੂੰ ਫਾਂ ਵਿਖਾਈ। ਇਸ ਨੇ ਇੱਕ ਜਰਮਨ ਬੇੜੇ ਦੀ ਰਚਨਾ ਕੀਤੀ— ਪਰ ਕਾਗ਼ਜਾਂ ਉੱਤੇ; ਇਸ ਨੇ ਪੋਲੈਂਡ ਤੇ ਸਚਲੇਸਵਿਗ ਨੂੰ ਆਪਣੇ ਨਾਲ਼ ਮਿਲ਼ਾ ਲਿਆ; ਇਸ ਨੇ ਜਰਮਨ ਅਸਟਰੀਆ ਨੂੰ ਇਟਲੀ ਦੇ ਵਿਰੁੱਧ ਜੰਗ ਜਾਰੀ ਰੱਖਣ ਦੀ ਆਗਿਆ ਦਿੱਤੀ ਅਤੇ ਫਿਰ ਵੀ ਇਤਾਲਵੀਆਂ ਨੂੰ ਅਸਟਰੀਆਈਆਂ ਦਾ ਪਿੱਛਾ ਕਰਨ ਤੋਂ ਰੋਕਿਆ ਜੋ ਜਰਮਨੀ ਵੱਲ ਬਚਦੇ ਬਚਦੇ ਪਿਛਾਂਹ ਹੱਟਦੇ ਜਾ ਰਹੇ ਸਨ। ਇਸ ਨੇ ਫ਼ਰਾਂਸੀਸੀ ਰੀਪਬਲਿਕ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਨੇ ਹੰਗਰਿਆਈ ਦੂਤਾਂ ਨੂੰ ਜੀ ਆਇਆਂ ਆਖਿਆ, ਜੋ ਉਹਨਾਂ ਵਿਚਾਰਾਂ ਨਾਲ਼ੋਂ ਕਿਤੇ ਵਧੇਰੇ ਉਲਝਵੇਂ ਵਿਚਾਰ ਲੈ ਕੇ ਘਰ ਚਲੇ ਗਏ ਜਿਹੜੇ ਉਹ ਜਰਮਨੀ ਬਾਰੇ ਲੈ ਕੇ ਆਏ ਸਨ।

ਇਹ ਅਸੈਂਬਲੀ, ਇਨਕਲਾਬ ਦੇ ਅਰੰਭ ਵਿੱਚ, ਸਾਰੀਆਂ ਜਰਮਨ ਸਰਕਾਰਾਂ ਲਈ ਹਊਆ ਬਣੀ ਹੋਈ ਸੀ। ਉਹਨਾਂ ਨੇ ਇਸ ਵੱਲੋਂ ਇੱਕ ਹਾਕਮਾਨਾ ਤੇ ਇਨਕਲਾਬੀ ਕਾਰਵਾਈ ਦੀ ਆਸ ਰੱਖੀ ਹੋਈ ਸੀ— ਨਿਸ਼ਚਿਤਤਾ ਦੀ ਥੁੜ੍ਹ ਦੇ ਕਾਰਨ ਜਿਸ ਵਿੱਚ ਇਸ ਨੇ ਆਪਣੀ ਸਮਰੱਥਾ ਨੂੰ ਛੱਡਣ ਦੀ ਜ਼ਰੂਰਤ ਵੇਖੀ ਸੀ। ਇਸ ਲਈ ਇਹਨਾਂ ਸਰਕਾਰਾਂ ਨੂੰ ਇਸ ਡਰਾਉਣੇ ਅਦਾਰੇ ਦੇ ਪ੍ਰਭਾਵ ਨੂੰ ਕਮਜ਼ੋਰ ਕਰਨ ਲਈ ਇੱਕ ਬਹੁਤ ਹੀ ਵਿਸ਼ਾਲ ਸਾਜ਼ਸ਼ੀ ਪ੍ਰਬੰਧ ਪ੍ਰਾਪਤ ਹੋਇਆ, ਪਰ ਉਹ ਸਰਕਾਰਾਂ ਸੂਝਵਾਨ ਹੋਣ ਨਾਲ਼ੋਂ ਵੱਧ ਖ਼ੁਸ਼ਕਿਸਮਤ ਸਿੱਧ ਹੋਈਆਂ ਸਨ ਕਿਉਂ ਜੋ ਇਸ ਅਸੈਂਬਲੀ ਨੇ ਸਰਕਾਰਾਂ ਦੇ ਕੰਮ ਉਸ ਨਾਲ਼ੋਂ ਵਧੀਆ ਕੀਤਾ ਸੀ ਜਿਹੋ ਜਿਹਾ ਉਹ ਆਪ ਕਰ ਸਕੀਆਂ ਹੁੰਦੀਆਂ। ਇਹਨਾਂ ਸਾਜ਼ਿਸ਼ਾਂ ਵਿਚਲਾ ਮੁੱਖ ਲੱਛਣ ਸਥਾਪਤ ਵਿਧਾਨ ਅਸੈਂਬਲੀਆਂ ਨੂੰ ਬੁਲਾਉਣ ਦਾ ਸੀ ਅਤੇ ਇਸ ਦੇ ਫ਼ਲਸਰੂਪ, ਨਾ ਕੇਵਲ ਛੋਟੇ ਰਾਜਾਂ ਨੇ ਆਪਣੀਆਂ ਵਿਧਾਨ ਅਸੈਂਬਲੀਆਂ ਬੁਲਾ ਲਈਆਂ ਸਗੋਂ ਪ੍ਰਸ਼ੀਆ ਤੇ ਅਸਟਰੀਆ ਨੇ ਵੀ ਵਿਧਾਨ ਅਸੈਂਬਲੀਆਂ ਬੁਲਾ ਲਈਆਂ। ਇਹਨਾਂ ਅਸੈਂਬਲੀਆਂ ਵਿੱਚ ਪ੍ਰਤੀਨਿਧਾਂ ਦੇ ਫ਼ਰੈਂਕਫ਼ੋਰਟ ਹਾਊਸ ਵਾਂਗ, ਲਿਬਰਲ ਮੱਧ ਸ਼੍ਰੇਣੀ ਜਾਂ ਇਸ ਦੇ ਇਤਿਹਾਦੀਆਂ, ਲਿਬਰਲ ਵਕੀਲਾਂ ਅਤੇ ਨੌਕਰਸ਼ਾਹਾਂ ਦੀ ਬਹੁਗਿਣਤੀ ਸੀ ਅਤੇ ਇਹਨਾਂ ਸਾਰੀਆਂ ਵਿੱਚ ਮਾਮਲਿਆਂ ਨੇ ਲਗਭਗ ਇੱਕੋ ਜਿਹਾ ਮੋੜ ਲਿਆ। ਫ਼ਰਕ ਕੇਵਲ ਇਹ ਹੈ, ਕਿ ਜਰਮਨ

ਨੈਸ਼ਨਲ ਅਸੈਂਬਲੀ ਇੱਕ ਕਲਪਤ ਦੇਸ਼ ਦੀ ਪਾਰਲੀਮੈਂਟ ਸੀ, ਕਿਉਂ ਜੋ ਇਸ ਨੇ ਉਹ ਕੁੱਝ ਬਣਾਉਣ ਦੇ ਕਾਰਜ ਤੋਂ ਇਨਕਾਰ ਕਰ ਦਿੱਤਾ ਸੀ ਜੋ ਅਸਲ ਵਿੱਚ ਉਸ ਦੀ ਆਪਣੀ ਹੋਂਦ ਦੀ ਪਹਿਲੀ ਸ਼ਰਤ ਸੀ, ਭਾਵ ਇੱਕ ਸੰਗਠਤ ਜਰਮਨੀ, ਕਿ ਇਸ ਨੇ ਆਪਣੀ ਹੀ ਰਚਨਾ ਉਸ ਖ਼ਿਆਲੀ ਸਰਕਾਰ ਦੇ ਕਲਪਤ ਤੇ ਕਦੇ ਵੀ ਨੇਪਰੇ ਨਾ ਚਾੜ੍ਹੇ ਜਾਣ ਵਾਲ਼ੇ ਕਦਮਾਂ ਬਾਰੇ ਵਿਚਾਰ ਕੀਤੀ ਅਤੇ ਕਿ ਇਸ ਨੇ ਅਜਿਹੇ ਕਲਪਤ ਮਤੇ ਪਾਸ ਕੀਤੇ ਜਿਨ੍ਹਾਂ ਦੀ ਕਿਸੇ ਨੇ ਵੀ ਕੋਈ ਪ੍ਰਵਾਹ ਨਾ ਕੀਤੀ, ਜਦ ਕਿ ਅਸਟਰੀਆ ਤੇ ਪ੍ਰਸ਼ੀਆ ਵਿੱਚ ਵਿਧਾਨਕ ਅਦਾਰੇ ਘੱਟੋ ਘੱਟ ਅਸਲੀ ਪਾਰਲੀਮੈਂਟਾਂ ਸਨ, ਢਹਿੰਦੀਆਂ ਤੇ ਬਣਦੀਆਂ ਅਸਲ ਵਜ਼ਾਰਤਾਂ ਸਨ ਅਤੇ ਘੱਟੋ ਘੱਟ ਇੱਕ ਸਮੇਂ ਲਈ ਆਪਣੇ ਮਤੇ ਉਹਨਾਂ ਰਾਜਕੁਮਾਰਾਂ ਉੱਤੇ ਮੜ੍ਹੇ ਜਿਨ੍ਹਾਂ ਨਾਲ਼ ਉਹਨਾਂ ਨੂੰ ਲੜਨਾ ਪੈਣਾ ਸੀ। ਉਹ ਆਪ ਵੀ ਬੁਜ਼ਦਿਲ ਸਨ ਅਤੇ ਉਹਨਾਂ ਵਿੱਚ ਇਨਕਲਾਬੀ ਦ੍ਰਿੜਤਾ ਦੇ ਵਿਚਾਰਾਂ ਦੀ ਘਾਟ ਸੀ, ਉਹਨਾਂ ਨੇ ਵੀ ਲੋਕਾਂ ਨਾਲ਼ ਗ਼ੱਦਾਰੀ ਕੀਤੀ ਅਤੇ ਜਾਗੀਰਦਾਰ, ਨੌਕਰਸ਼ਾਹ ਤੇ ਫ਼ੌਜੀ ਆਪਹੁਦਰਾਸ਼ਾਹੀ ਦੇ ਹੱਥ ਵਿੱਚ ਸੱਤ੍ਹਾ ਬਹਾਲ ਕਰ ਦਿੱਤੀ, ਪਰ ਫਿਰ ਵੀ, ਉਹ ਫ਼ੌਰੀ ਦਿਲਚਸਪੀ ਦੇ ਅਮਲੀ ਸੁਆਲਾਂ ਨੂੰ ਘੱਟੋ ਘੱਟ ਵਿਚਾਰਨ ਲਈ, ਅਤੇ ਦੂਜੇ ਲੋਕਾਂ ਨਾਲ਼ ਮਿਲ਼ ਕੇ ਧਰਤੀ ਉੱਤੇ ਰਹਿਣ ਲਈ ਤਿਆਰ ਸਨ, ਜਦ ਕਿ ਫ਼ਰੈਂਕਫ਼ੋਰਟ ਦੇ ਧੋਖੇਬਾਜ਼ ਕਦੇ ਵੀ ਖ਼ੁਸ਼ ਨਹੀਂ ਸਨ ਜਦੋਂ ਉਹ "ਸੁਪਨੇ ਦੀ ਹਵਾ ਦੀ ਸਲਤਨਤ" ਵਿੱਚ ਘੁੰਮ ਫਿਰ ਸਕਦੇ ਸਨ। ਸੋ ਬਰਲਿਨ ਤੇ ਵੀਆਨਾ ਦੇ ਪ੍ਰਤੀਨਿੱਧਾਂ ਦੀਆਂ ਕਾਰਵਾਈਆਂ ਜਰਮਨ ਇਨਕਲਾਬੀ ਇਤਿਹਾਸ ਦੇ ਇੱਕ ਜ਼ਰੂਰੀ ਭਾਗ ਨੂੰ ਸਿਰਜਦੀਆਂ ਹਨ, ਜਦ ਕਿ ਫ਼ਰੈਂਕਫ਼ੋਰਟ ਸਾਂਝੀ ਮੂਰਖ਼ਤਾ ਦੀਆਂ ਸਾਹਿਤਕ ਕਿਰਤਾਂ ਮਹਿਜ਼ ਸਾਹਿਤਕ ਤੇ ਪੁਰਾਣੀਆਂ ਕਲਾ ਕਿਰਤਾਂ ਇਕੱਤਰ ਕਰਨ ਵਾਲ਼ਿਆਂ ਨੂੰ ਹੀ ਪਸੰਦ ਹਨ।

ਜਰਮਨੀ ਦੇ ਲੋਕ, ਉਸ ਘਿਨੌਣੀ ਇਲਾਕਾਈ ਵੰਡ ਨੂੰ ਖ਼ਤਮ ਕਰਨ ਦੀ ਜ਼ਰੂਰਤ ਨੂੰ ਡੂੰਘੀ ਤਰ੍ਹਾਂ ਮਹਿਸੂਸ ਕਰਦਿਆਂ ਜਿਸ ਨੇ ਕੌਮ ਦੀ ਸਾਂਝੀ ਸ਼ਕਤੀ ਨੂੰ ਖੇਰੂੰ ਖੇਰੂੰ ਤੇ ਨਸ਼ਟ ਕਰ ਦਿੱਤਾ ਸੀ, ਕੁਝ ਸਮੇਂ ਲਈ ਫਰੈਂਕਫ਼ੋਰਟ ਨੈਸ਼ਨਲ ਅਸੈਂਬਲੀ ਵਿੱਚ ਘੱਟੋ ਘੱਟ ਇੱਕ ਨਵੇਂ ਯੁੱਗ ਦੇ ਅਰੰਭ ਨੂੰ ਲੱਭਣ ਦੀ ਆਸ ਰੱਖਦੇ ਸਨ। ਪਰ ਉਹਨਾਂ ਥੋਥੇ ਗਿਆਨੀਆਂ ਦੀ ਜੁੰਡਲੀ ਦੇ ਬਚਗਾਨਾ ਵਤੀਰੇ ਨੇ ਛੇਤੀ ਹੀ ਕੌਮੀ ਉਤਸ਼ਾਹ ਨੂੰ ਮੱਠਾ ਕਰ ਦਿੱਤਾ। **ਮਾਲਮੋਏ ਦੀ ਆਰਜ਼ੀ ਯੁੱਧਬੰਦੀ** (**ਸਤੰਬਰ**, **1849**) ਰਾਹੀਂ ਵਾਪਰੀਆਂ ਸ਼ਰਮਨਾਕ ਕਾਰਵਾਈਆਂ ਨੇ ਉਸ ਸੰਸਥਾ ਵਿਰੁੱਧ ਜਨਤਕ ਰੋਹ ਨੂੰ ਭੜਕਾ ਦਿੱਤਾ, ਜਿਸ ਤੋਂ, ਆਸ ਸੀ ਕਿ ਉਹ ਕੌਮ ਨੂੰ ਅਮਲ ਦਾ ਇੱਕ ਸੁਚੱਜਾ ਖੇਤਰ ਪ੍ਰਦਾਨ ਕਰੇਗੀ ਅਤੇ ਜਿਸ ਨੇ, ਉਲਟਾ, ਬੇਮਿਸਾਲ ਬੁਜ਼ਦਿਲੀ ਦਾ ਸ਼ਿਕਾਰ ਹੋ ਕੇ ਸਾਬਕ ਮਜ਼ਬੂਤੀ ਦੀਆਂ ਉਹ ਬੁਨਿਆਦਾਂ ਬਹਾਲ ਕੀਤੀਆਂ ਜਿਨ੍ਹਾਂ ਉੱਤੇ ਵਰਤਮਾਨ ਉਲਟ-ਇਨਕਲਾਬੀ ਪ੍ਰਬੰਧ ਉਸਰਿਆ ਹੋਇਆ ਹੈ।

ਲੰਡਨ, ਜਨਵਰੀ 1852

# VIII
## ਪੋਲੈਂਡ ਦੇ ਵਸਨੀਕ, ਚੈੱਕ (Tschechs) ਅਤੇ ਜਰਮਨ

ਪਿਛਲੇ ਲੇਖਾਂ ਵਿੱਚ ਜੋ ਬਿਆਨ ਕੀਤਾ ਗਿਆ ਹੈ, ਉਸ ਤੋਂ ਇਹ ਪਹਿਲਾਂ ਹੀ ਪ੍ਰਤੱਖ ਹੈ ਕਿ ਜਦੋਂ ਤੱਕ ਮਾਰਚ 1848 ਦੇ ਇਨਕਲਾਬ ਮਗਰੋਂ ਨਵਾਂ ਇਨਕਲਾਬ ਨਹੀਂ ਆਉਂਦਾ, ਜਰਮਨੀ ਵਿੱਚ ਹਾਲਾਤ ਅਟੱਲ ਤੌਰ 'ਤੇ ਉਸੇ ਹਾਲਤ ਵਿੱਚ ਪਰਤ ਆਉਣਗੇ ਜਿਹੋ ਜਿਹੇ ਇਸ ਘਟਨਾ ਤੋਂ ਪਹਿਲਾਂ ਸਨ। ਪਰ ਇਤਿਹਾਸਕ ਵਿਸ਼ੇ ਦਾ ਲੱਛਣ ਇਤਨਾ ਗੁੰਝਲਦਾਰ ਹੈ ਜਿਸ ਉੱਤੇ ਕੁੱਝ ਚਾਨਣ ਪਾਉਣ ਦਾ ਯਤਨ ਕਰਨ ਵਾਲ਼ੇ ਹਾਂ, ਕਿ ਪਿੱਛੋਂ ਵਾਪਰੀਆਂ ਘਟਨਾਵਾਂ ਨੂੰ ਜਰਮਨ ਇਨਕਲਾਬ ਵਿਦੇਸ਼ੀ ਸਬੰਧਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਸਾਫ਼ ਤੌਰ 'ਤੇ ਸਮਝਿਆ ਨਹੀਂ ਜਾ ਸਕਦਾ ਅਤੇ ਇਹ ਵਿਦੇਸ਼ੀ ਸਬੰਧ ਉਸੇ ਤਰ੍ਹਾਂ ਦੇ ਗੁੰਝਲਦਾਰ ਸਨ ਜਿਹੋ ਜਿਹੇ ਘਰੇਲੂ ਮਾਮਲੇ।

ਜਰਮਨੀ ਦਾ ਸਾਰਾ ਪੂਰਬੀ ਅੱਧ, ਇੱਥੋਂ ਤੱਕ ਕਿ ਐਲਬ, ਸਾਲੇ ਅਤੇ ਬੋਹੇਮੀਅਨ ਫ਼ੌਰੈਸਟ* (ਜੰਗਲ), ਜਿਵੇਂ ਕਿ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ, ਪਿਛਲੇ ਇੱਕ ਹਜ਼ਾਰ ਸਾਲਾਂ ਦੇ ਦੌਰਾਨ ਸਲਾਵੋਨਿਕ ਮੂਲ ਦੇ ਹਮਲਾਵਰਾਂ ਵੱਲੋਂ ਜਿੱਤੇ ਜਾਂਦੇ ਰਹੇ ਹਨ। ਇਹਨਾਂ ਇਲਾਕਿਆਂ ਦੇ ਵੱਡੇ ਭਾਗ ਦਾ ਜਰਮਨੀਕਰਣ ਕਰ ਦਿੱਤਾ ਗਿਆ ਹੈ, ਇੱਥੋਂ ਸਲਾਵੋਨਿਕ ਕੌਮੀਅਤ ਤੇ ਭਾਸ਼ਾ ਕਈ ਸਦੀਆਂ ਹੋਈਆਂ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਗਈ ਹੈ ਅਤੇ ਜੇ ਅਸੀਂ ਪੂਰੀ ਤਰ੍ਹਾਂ ਨਿੱਖੜੇ ਹੋਏ ਰਹੇ-ਖਹੇ ਮੰਨ ਵੀ ਲਈਏ ਤਾਂ ਉਹ ਕੁੱਲ ਮਿਲ਼ਾ ਕੇ (ਪੋਮੇਰਾਨੀਆ ਵਿੱਚ ਕਾਨੂ ਬਿਆਨ, ਲੂਸਾਤੀਆ ਵਿੱਚ ਵੈਂਡ ਜਾਂ ਸੋਰਬਿਅਨ) ਇੱਕ ਲੱਖ ਤੋਂ ਘੱਟ ਹੀ ਬਣਦੇ ਹਨ, ਉਹਨਾਂ ਦੇ ਵਸਨੀਕ, ਸਾਰੇ ਮਨੋਰਥਾਂ ਤੇ ਮੰਤਵਾਂ ਅਨੁਸਾਰ ਜਰਮਨ ਹਨ। ਪਰ ਪੁਰਾਣੇ ਪੋਲੈਂਡ ਦੀ ਸਾਰੀ ਸਰਹੱਦ ਦੇ ਨਾਲ਼ ਨਾਲ਼ ਅਤੇ ਚੇਜ਼ੈਕੀਅਨ (Tschechinan) ਭਾਸ਼ਾ ਦੇ ਦੇਸ਼ਾਂ ਵਿੱਚ, ਬੋਹੇਮੀਆ ਤੇ ਮੋਰਾਵੀਆ ਵਿੱਚ ਹਾਲਤ ਵੱਖਰੀ ਹੈ। ਇੱਥੇ ਹਰ ਜ਼ਿਲ੍ਹੇ ਵਿੱਚ ਦੋ ਕੌਮੀਅਤਾਂ ਰਲਗੱਡ ਹਨ, ਨਗਰਾਂ ਵਿੱਚ ਘੱਟ ਜਾਂ ਵੱਧ ਜਰਮਨ ਹਨ, ਜਦ ਕਿ ਸਲਾਵੋਨਿਕ ਅੰਸ਼ ਪਿੰਡਾਂ ਵਿੱਚ ਭਾਰੂ ਹਨ, ਪਰ ਇਹ ਵੀ ਸਹਿਜੇ ਸਹਿਜੇ ਖੇਰੂੰ ਖੇਰੂੰ ਹੋ ਗਏ ਅਤੇ ਜਰਮਨ ਪ੍ਰਭਾਵ ਦੇ ਨਿਰੰਤਰ ਵਾਧੇ ਦੇ ਕਾਰਨ ਪਿਛਾਂਹ ਪਰਤਣ ਲਈ ਮਜ਼ਬੂਰ ਹੋ ਗਏ।

ਅਜਿਹੀ ਹਾਲਤ ਦਾ ਕਾਰਨ ਇਹ ਹੈ ਕਿ charlemagne ਦੇ ਸਮੇਂ ਤੋਂ ਹੀ ਜਰਮਨਾਂ ਨੇ ਆਪਣੀਆਂ ਬਹੁਤ ਹੀ ਨਿਰੰਤਰ ਤੇ ਦ੍ਰਿੜ ਯਤਨ ਫਤਿਹ, ਬਸਤੀਕਰਣ ਜਾਂ ਘੱਟੋ ਘੱਟ ਯੂਰਪ ਦੇ ਪੂਰਬ ਦੀ ਸੱਭਿਅਤਾ ਵੱਲ ਸੇਧਤ ਕੀਤੇ ਹਨ। ਐਲਬ ਤੇ ਓਡੇਰ ਵਿਚਾਲੇ ਜਗੀਰੂ ਕੁਲੀਨ ਵਰਗ ਅਤੇ ਪ੍ਰਸ਼ੀਆ ਤੇ ਲਿਵੋਨੀਆ ਵਿੱਚ ਨਾਈਟਾਂ ਦੇ ਫ਼ੌਜੀ ਪ੍ਰਬੰਧ ਦੀਆਂ ਜਗੀਰਦਾਰ ਬਸਤੀਆਂ ਦੀਆਂ ਜਿੱਤਾਂ ਨੇ ਵਪਾਰੀ ਤੇ ਉਤਪਾਦਕ ਮੱਧਸ਼੍ਰੇਣੀਆਂ ਰਾਹੀਂ, ਜਿਨ੍ਹਾਂ ਨੂੰ ਬਾਕੀ ਦੇ ਯੂਰਪ ਵਾਂਗ, ਜਰਮਨੀ ਵਿੱਚ, 15ਵੀਂ ਸਦੀ ਤੋਂ ਸਮਾਜਕ ਤੇ ਰਾਜਸੀ ਮਹੱਤਤਾ

---

* ਚੈੱਕ ਜੰਗਲ-ਸੰਪਾਦਕ।

ਪ੍ਰਾਪਤ ਹੋ ਗਈ ਸੀ ਜਰਮਨਕਰਣ ਦੇ ਇੱਕ ਵਧੇਰੇ ਤੀਬਰ ਤੇ ਪ੍ਰਭਾਵਸ਼ਾਲੀ ਪ੍ਰਬੰਧ ਲਈ ਕੇਵਲ ਬੁਨਿਆਦਾਂ ਹੀ ਰੱਖੀਆਂ। ਸਲਾਵੋਨਿਆਈ ਅਤੇ ਵਿਸ਼ੇਸ਼ ਤੌਰ ’ਤੇ ਪੱਛਮੀ ਸਲਾਵੋਨਿਆਈ [ਪੋਲੈਂਡੀਏ ਤੇ ਜ਼ੈਕ (Tschechs)] ਜ਼ਰੂਰੀ ਤੌਰ ’ਤੇ ਇੱਕ ਜ਼ਰਾਇਤੀ ਨਸਲ ਹਨ; ਵਪਾਰੀ ਤੇ ਉਤਪਾਦਕ ਕਦੇ ਵੀ ਉਹਨਾਂ ਦੇ ਬਹੁਤੇ ਹੱਕ ਵਿੱਚ ਨਹੀਂ ਸਨ। ਸਿੱਟਾ ਇਹ ਨਿਕਲਿਆ, ਕਿ ਵਸੋਂ ਦੇ ਵਾਧੇ ਤੇ ਸ਼ਹਿਰਾਂ ਦੇ ਜਨਮ ਨਾਲ਼, ਇਹਨਾਂ ਖੇਤਰਾਂ ਵਿੱਚ ਤਿਆਰ ਮਾਲ ਦੀਆਂ ਸਾਰੀਆਂ ਵਸਤਾਂ ਦੀ ਉਪਜ ਜਰਮਨ ਪ੍ਰਵਾਸੀਆਂ ਦੇ ਹੱਥਾਂ ਵਿੱਚ ਆ ਗਈ, ਇਹਨਾਂ ਜਿਨਸਾਂ ਦਾ ਜ਼ਰਾਇਤੀ ਉਪਜਾਂ ਨਾਲ਼ ਵਟਾਂਦਰਾ ਯਹੂਦੀਆਂ ਦੀ ਵਿਸ਼ੇਸ਼ ਇਜ਼ਾਰੇਦਾਰੀ ਬਣ ਗਈ, ਜਿਹੜੇ ਜੇ ਉਹਨਾਂ ਦਾ ਕਿਸੇ ਕੌਮੀਅਤ ਨਾਲ਼ ਸਬੰਧ ਹੈ, ਇਹਨਾਂ ਦੇਸ਼ਾਂ ਵਿੱਚ ਨਿਰਸੰਦੇਹ ਸਲਾਵੋਨਿਆਈਆਂ ਨਾਲ਼ੋਂ ਜਰਮਨ ਹਨ। ਇਹੋ ਹਾਲਤ, ਭਾਵੇਂ ਘੱਟ ਮਾਤਰਾ ਵਿੱਚ ਯੂਰਪ ਦੇ ਸਾਰੇ ਪੂਰਬ ਵਿੱਚ ਰਹੀ ਹੈ। ਪੀਟਰਸਬਰਗ, ਪੇਸ਼ਤ, ਜੈਸੀ ਅਤੇ ਕਾਨਸਟੈਂਟੀ-ਨੋਪਲ ਵਿੱਚ ਵੀ ਹੁਣ ਤੱਕ ਦਸਤਕਾਰ, ਛੋਟਾ ਦੁਕਾਨਦਾਰ, ਛੋਟੇ, ਉਤਪਾਦਕ ਜਰਮਨ ਹੈ, ਸ਼ਾਨਦਾਰ ਸ਼ਰਾਬਖ਼ਾਨੇ ਦਾ ਮਾਲਕ, ਫੇਰੀ ਵਾਲਾ— ਇਹਨਾਂ ਬਹੁਤ ਵਿਰਲੀ ਵਸੋਂ ਵਾਲ਼ੇ ਦੇਸਾਂ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਬੰਦਾ ਹੈ—ਬਹੁਤ ਕਰ ਕੇ ਯਹੂਦੀ ਹੈ, ਜਿਸ ਦੀ ਮਾਤਭਾਸ਼ਾ ਬਹੁਤ ਹੀ ਵਿਗੜੀ ਹੋਈ ਜਰਮਨ ਹੈ। ਸਲਾਵੋਨਿਕ ਸਰਹੱਦ ਇਲਾਕਿਆਂ ਵਿੱਚ ਜਰਮਨ ਅੰਸ਼ ਦੀ ਮਹੱਤਤਾ, ਜੋ ਨਗਰਾਂ, ਵਪਾਰ ਤੇ ਉਤਪਾਦਕਾਂ ਦੇ ਵਾਧੇ ਨਾਲ਼ ਨਾਲ਼ ਵਧ ਰਹੀ ਸੀ, ਉਦੋਂ ਹੋਰ ਵੀ ਵਧੀ, ਜਦੋਂ ਮਾਨਸਕ ਸੱਭਿਆਚਾਰ ਦਾ ਲਗਭਗ ਹਰ ਅੰਸ਼ ਜਰਮਨੀ ਤੋਂ ਦਰਾਮਦ ਕਰਨਾ ਜ਼ਰੂਰੀ ਸਮਝਿਆ ਗਿਆ, ਜਦੋਂ ਜਰਮਨ ਤਾਜਰ ਅਤੇ ਜਰਮਨ ਦਸਤਕਾਰ, ਜਰਮਨ ਪਾਦਰੀ, ਜਰਮਨ ਅਧਿਆਪਕ, ਜਰਮਨ ਬੁੱਧੀਮਾਨ ਸਲਾਵੋਨਿਕ ਧਰਤੀ ਉੱਤੇ ਆਪਣੇ ਆਪ ਨੂੰ ਸਥਾਪਤ ਕਰਨ ਲਈ ਆਇਆ ਅਤੇ ਆਖ਼ਰੀ ਗੱਲ, ਜਿੱਤਾਂ ਪ੍ਰਾਪਤ ਕਰਨ ਵਾਲ਼ੀਆਂ ਫ਼ੌਜਾਂ ਦੀ ਫ਼ੌਲਾਦੀ ਪੇਸ਼ਕਦਮੀ ਨੇ, ਡਿਪਲੋਮੇਸੀ ਦੀ ਸੁਚੇਤ ਤੇ ਚੰਗੀ ਤਰ੍ਹਾਂ ਪਹਿਲਾਂ ਸੋਚੀ ਸਮਝੀ ਜਕੜ ਨੇ ਕੇਵਲ ਪੈਰਵੀ ਹੀ ਨਹੀਂ ਕੀਤੀ ਸਗੋਂ ਕਈ ਵਾਰ ਸਮਾਜਕ ਘਟਨਾਵਾਂ ਰਾਹੀਂ ਅਕੇਂਦਰੀਕਰਣ ਦੇ ਸੁਸਤ, ਪਰ ਯਕੀਨੀ ਵਾਧੇ ਤੋਂ ਅਗਾਂਹ ਲੰਘ ਗਈਆਂ। ਸੋ, ਪੱਛਮੀ ਪ੍ਰਸ਼ੀਆ ਤੇ ਪੋਸੇਨ ਦੇ ਵੱਡੇ ਭਾਗਾਂ ਦਾ, ਪੋਲੈਂਡ ਦੀ ਪਹਿਲੀ ਵੰਡ ਤੋਂ ਲੈ ਕੇ ਜਰਮਨ ਬਸਤੀਵਾਦੀਆਂ ਨੂੰ ਜਨਤਕ ਮਿਲਖਾਂ ਵੇਚਣ ਤੇ ਮੁਫ਼ਤ ਦੇਣ ਰਾਹੀਂ, ਫ਼ੈਕਟਰੀ ਦੀ ਸਥਾਪਨਾ ਲਈ ਜਰਮਨ ਸਰਮਾਏਦਾਰਾਂ ਨੂੰ ਦਿੱਤੇ ਗਏ ਉਤਸ਼ਾਹਾਂ ਰਾਹੀਂ, ਉਹਨਾਂ ਗਵਾਂਢੀ ਇਲਾਕਿਆਂ ਵਿੱਚ ਅਤੇ ਕਈ ਵਾਰ ਦੇਸ ਦੇ ਪੋਲਿਸ਼ ਵਸਨੀਕਾਂ ਵਿਰੁੱਧ ਨਿੱਤ ਵਧਦੇ ਆਪਹੁਦਰੇ ਕਦਮਾਂ ਰਾਹੀਂ ਵੀ ਜਰਮਨਕਰਣ ਹੋ ਗਿਆ ਹੈ।

ਇਸ ਢੰਗ ਨਾਲ਼ ਪਿਛਲੇ ਸੱਤਰ ਵਰ੍ਹਿਆਂ ਨੇ ਜਰਮਨ ਤੇ ਪੋਲਿਸ਼ ਕੌਮੀਅਤਾਂ ਵਿਚਾਲੇ ਵਖਰੇਵੇਂ ਦੀ ਲੀਕ ਨੂੰ ਬਿਲਕੁਲ ਹੀ ਤਬਦੀਲ ਕਰ ਦਿੱਤਾ ਸੀ। 1848 ਦੇ ਇਨਕਲਾਬ ਨੇ ਤੁਰੰਤ ਹੀ ਸਾਰੀਆਂ ਗ਼ੁਲਾਮ ਕੌਮਾਂ ਲਈ ਸੁਤੰਤਰ ਹੋਂਦ ਦਾ ਅਤੇ ਆਪਣੇ ਮਾਮਲੇ ਆਪ ਨਜਿੱਠਣ ਦੇ ਅਧਿਕਾਰ ਦਾ ਦਾਅਵਾ ਸਾਹਮਣੇ ਲੈ ਆਂਦਾ ਤਾਂ ਇਹ ਬਿਲਕੁਲ ਕੁਦਰਤੀ ਸੀ ਕਿ ਪੋਲਿਸ਼ ਲੋਕ ਝੱਟ ਹੀ ਇਹ ਮੰਗ ਕਰਦੇ ਕਿ ਉਹਨਾਂ ਦੇ ਦੇਸ਼ ਨੂੰ 1772 ਤੋਂ

**ਪਹਿਲਾਂ ਵੀ ਪੋਲਿਸ਼ ਰੀਪਬਲਿਕ** ਦੀਆਂ ਸਰਹੱਦਾਂ ਦੇ ਅੰਦਰ ਬਹਾਲ ਕੀਤਾ ਜਾਵੇ। ਇਹ ਸੱਚ ਹੈ, ਕਿ ਇਹ ਸਰਹੱਦ, ਜੇ ਜਰਮਨ ਤੇ ਪੋਲਿਸ਼ ਕੌਮੀਅਤ ਦੀ ਹੱਦਬੰਦੀ ਨੂੰ ਲਿਆ ਜਾਵੇ, ਉਸ ਸਮੇਂ ਵੀ ਪੁਰਾਣੀ ਪੈ ਗਈ ਸੀ; ਇਹ ਜਰਮਨਕਰਣ ਦੇ ਵਾਧੇ ਤੋਂ ਹੀ ਹਰ ਸਾਲ ਅਪ੍ਰਚੱਲਤ ਹੁੰਦੀ ਗਈ ਸੀ; ਪਰ ਮਗਰੋਂ ਜਰਮਨਾਂ ਨੇ ਪੋਲੈਂਡ ਦੀ ਬਹਾਲੀ ਲਈ ਇਤਨਾਂ ਉਤਸ਼ਾਹ ਵਿਖਾਇਆ, ਕਿ ਹਮਦਰਦੀਆਂ ਦੀ ਅਸਲੀਅਤ ਦੇ ਪਹਿਲੇ ਸਬੂਤ ਵਜੋਂ ਉਹਨਾਂ ਤੋਂ ਇਹ ਆਖਣ ਦੀ ਆਸ ਕੀਤੀ ਜਾਂਦੀ ਸੀ ਕਿ ਅਸੀਂ ਲੁੱਟ ਦਾ ਆਪਣਾ ਭਾਗ ਤਿਆਗ ਰਹੇ ਹਾਂ। ਦੂਜੇ ਪਾਸੇ, ਕੀ ਜ਼ਮੀਨ ਦੇ ਉਹ ਸਾਰੇ ਟੁਕੜੇ ਜਿਨ੍ਹਾਂ ਉੱਤੇ ਮੁੱਖ ਤੌਰ 'ਤੇ ਜਰਮਨ ਵੱਸਦੇ ਸਨ, ਕੀ ਸਮੁੱਚੀ ਜਰਮਨ ਵਸੋਂ ਵਾਲ਼ੇ ਕਸਬੇ ਇੱਕ ਉਸ ਕੌਮ ਨੂੰ ਦੇ ਦਿੱਤੇ ਜਾਣ ਜਿਸ ਨੇ ਅਜੇ ਵੀ ਜ਼ਰਾਇਤੀ ਭੋਂ-ਗ਼ੁਲਾਮਦਾਰੀ ਉੱਤੇ ਆਧਾਰਤ ਜਗੀਰਦਾਰੀ ਦੀ ਹਾਲਤ ਤੋਂ ਅਗਾਂਹ ਵਧਣ ਦੀ ਆਪਣੀ ਯੋਗਤਾ ਦਾ ਕੋਈ ਸਬੂਤ ਨਹੀਂ ਸੀ ਦਿੱਤਾ ? ਇਹ ਸਵਾਲ ਕਾਫ਼ੀ ਗੁੰਝਲਦਾਰ ਸੀ। ਕੇਵਲ ਸੰਭਵ ਹੱਲ, ਰੂਸ ਨਾਲ਼ ਜੰਗ ਸੀ; ਵੱਖ ਵੱਖ ਇਨਕਲਾਬੀ ਬਣੀਆਂ ਕੌਮਾਂ ਵਿਚਾਲੇ ਹੱਦਬੰਦੀ ਦੇ ਸਵਾਲ ਦੀ ਥਾਂ ਸਾਂਝੇ ਦੁਸ਼ਮਣ ਦੇ ਵਿਰੁੱਧ ਇੱਕ ਸੁਰੱਖਿਅਤ ਸਰਹੱਦ ਦੀ ਸਥਾਪਨਾ ਨੂੰ ਪਹਿਲ ਦੇਣੀ ਚਾਹੀਦੀ ਹੈ; ਪੋਲਿਸ਼ ਲੋਕ, ਪੂਰਬ ਵਿੱਚ ਵਿਸਥਾਰਤ ਇਲਾਕੇ ਪ੍ਰਾਪਤ ਕਰਨ ਰਾਹੀਂ ਪੱਛਮ ਵਿੱਚ ਵਧੇਰੇ ਸਤਬਚਨੀਏ 'ਤੇ ਜ਼ਿੰਮੇਵਾਰ ਹੋ ਜਾਣੇ ਸਨ ਅਤੇ ਰੀਗਾ ਅਤੇ ਮਿਤਾਉ* ਆਖ਼ਰ ਡੈਨਜਿਗ ਅਤੇ ਐਲਬਿੰਗ** ਜਿੰਨੇ ਹੀ, ਉਹਨਾਂ ਲਈ ਮਹੱਤਵਪੂਰਨ ਸਮਝੇ ਜਾਂਦੇ ਸਨ। ਸੋ, ਜਰਮਨੀ ਵਿੱਚ ਅਗਾਂਹਵਧੂ ਪਾਰਟੀ ਨੇ, ਮਹਾਂਦੀਪੀ ਲਹਿਰ ਨੂੰ ਜਾਰੀ ਰੱਖਣ ਲਈ ਰੂਸ ਨਾਲ਼ ਜੰਗ ਨੂੰ ਜ਼ਰੂਰੀ ਸਮਝਦਿਆਂ ਅਤੇ ਇਹ ਸੋਚਦਿਆਂ ਕਿ ਪੋਲੈਂਡ ਦੇ ਇੱਕ ਭਾਗ ਦੀ ਵੀ ਕੌਮੀ ਮੁੜ-ਸਥਾਪਨਾ ਅਟੱਲ ਤੌਰ 'ਤੇ ਜੰਗ ਵੱਲ ਲੈ ਜਾਵੇਗੀ, ਪੋਲਾਂ ਦੀ ਹਿਮਾਇਤ ਕੀਤੀ; ਜਦ ਕਿ ਹਾਕਮ ਲਿਬਰਲ ਮੱਧ ਸ਼੍ਰੇਣੀ ਪਾਰਟੀ ਨੇ ਰੂਸ ਦੇ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਕੌਮੀ ਜੰਗ ਤੋਂ ਹੋਣ ਵਾਲ਼ੀ ਆਪਣੀ ਅਧੋਗਤੀ ਨੂੰ ਪਹਿਲਾਂ ਹੀ ਤਾੜ ਲਿਆ ਸੀ, ਜਿਸ ਲਈ ਵਧੇਰੇ ਸਰਗਰਮ ਤੇ ਹਿੰਮਤੀ ਲੋਕਾਂ ਦੀ ਸਰਦਾਰੀ ਦੀ ਲੋੜ ਪੈਣੀ ਸੀ ਅਤੇ ਇਸ ਲਈ ਜਰਮਨ ਕੌਮ ਦੇ ਵਿਸਥਾਰ ਲਈ ਇੱਕ ਬਣਾਉਟੀ ਉਤਸ਼ਾਹ ਨਾਲ਼ ਉਹਨਾਂ ਨੇ ਪ੍ਰਸ਼ੀਅਨ ਪੋਲੈਂਡ ਨੂੰ, ਜੋ ਪੋਲਿਸ਼ ਇਨਕਲਾਬੀ ਅੰਦੋਲਨ ਦੀ ਮੁੱਖ ਥਾਂ ਸੀ, ਜਰਮਨ ਸਲਤਨਤ ਦਾ ਅਟੁੱਟ ਅੰਗ ਐਲਾਨ ਦਿੱਤਾ ਜੋ ਬਣਨੀ ਸੀ। ਹਿਲਜੁਲ ਤੇ ਬੇਚੈਨੀ ਦੇ ਪਹਿਲੇ ਦਿਨਾਂ ਵਿੱਚ ਪੋਲਾਂ ਨੂੰ ਦਿੱਤੇ ਗਏ ਇਕਰਾਰ ਸ਼ਰਮਨਾਕ ਤੌਰ 'ਤੇ ਤੋੜ ਦਿੱਤੇ ਗਏ ਸਨ; ਪੋਲਿਸ਼ ਹਥਿਆਰਬੰਦ ਲੋਕ, ਜੋ ਸਰਕਾਰ ਦੀ ਮਨਜ਼ੂਰੀ ਨਾਲ਼ ਉੱਠੇ ਸਨ, ਪ੍ਰਸ਼ੀਆ ਦੇ ਤੋਪਖ਼ਾਨੇ ਨੇ ਤਿੱਤਰ ਬਿੱਤਰ ਤੇ ਕਤਲ ਕਰ ਦਿੱਤੇ ਗਏ ਅਤੇ ਬਰਲਿਨ ਇਨਕਲਾਬ ਦੇ ਛੇ ਹਫ਼ਤਿਆਂ ਦੇ ਅੰਦਰ, 1849 ਦੇ ਅਪ੍ਰੈਲ ਮਹੀਨੇ ਵਿੱਚ ਪੋਲਿਸ਼ ਲਹਿਰ ਕੁਚਲ ਦਿੱਤੀ ਗਈ ਅਤੇ ਪੋਲਾਂ ਤੇ ਜਰਮਨਾਂ ਵਿਚਾਲੇ ਪੁਰਾਣੀ ਕੌਮੀ ਦੁਸ਼ਮਣੀ ਸੁਰਜੀਤ ਹੋ ਗਈ। ਰੂਸੀ ਸ਼ਹਿਨਸ਼ਾਹ ਦੀ ਇਹ ਅਥਾਹ ਭਾਰੀ ਤੇ ਬੇਹਿਸਾਬੀ ਸੇਵਾ ਲਿਬਰਲ ਤਾਜਰ-ਮੰਤਰੀ ਕੈਂਪਹਾਸੇਨ ਤੇ ਹਾਂਸੇਮਾਨ ਵੱਲੋਂ

* ਲੇਟਿਸ਼ ਨਾਂ : ਸੇਲਗਾਵਾ-ਸੰਪਾਦਕ।

** ਪੋਲਿਸ਼ ਨਾਂ : ਗ਼ਟਾਨਸਕ ਅਤੇ ਐਲਬਲੋਂਗ-ਸੰਪਾਦਕ।

ਅਦਾ ਕੀਤੀ ਗਈ। ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਹ ਪੋਲਿਸ਼ ਮੁਹਿੰਮ ਉੱਤੋਂ ਪ੍ਰਸ਼ੀਆ ਦੀ ਫ਼ੌਜ ਨੂੰ ਮਾਣਤਾ ਦੇਣ ’ਤੇ ਸਥਾਪਤ ਕਰਨ ਵਿੱਚ ਪਹਿਲਾ ਸਾਧਨ ਸੀ ਜਿਸ ਨੇ ਮਗਰੋਂ ਲਿਬਰਲ ਪਾਰਟੀ ਨੂੰ ਪਟਕਾ ਦਿੱਤਾ ਅਤੇ ਲਹਿਰ ਨੂੰ ਕੁਚਲ ਦਿੱਤਾ ਜਿਸ ਨੂੰ ਸ਼੍ਰੀ ਕੈਂਪਹਾਸੇਨ ਤੇ ਹਾਂਸੇਮਾਨ ਨੇ ਉਸਾਰਨ ਵਿੱਚ ਚੋਖੀ ਘਾਲਣਾ ਘਾਲ਼ੀ ਸੀ। “ਜਿਸ ਲਈ ਉਹਨਾਂ ਗੁਨਾਹ ਕੀਤਾ ਉਸੇ ਨੇ ਉਹਨਾਂ ਨੂੰ ਸਜ਼ਾ ਦਿੱਤੀ।” 1848 ਤੇ 1849 ਦੇ ਕਾਹਲੀ ਵਿੱਚ ਬਣੇ ਨਵੇਂ ਰਈਸਾਂ ਨਾਲ਼, ਲੇਡਰੂ-ਰੋਲਿਨ ਤੋਂ ਚੰਗਾਰਨੀਅਰ ਤੱਕ ਅਤੇ ਕੈਂਪਹਾਸੇਨ ਤੋਂ ਹਿਆਨਾਉ ਤੱਕ ਇਹ ਕੁੱਝ ਵਾਪਰਦਾ ਗਿਆ ਹੈ।

ਕੌਮੀਅਤ ਦੇ ਸੁਆਲ ਨੇ ਬੋਹੇਮੀਆ ਵਿੱਚ ਇੱਕ ਹੋਰ ਜੱਦੋਜਹਿਦ ਨੂੰ ਜਨਮ ਦਿੱਤਾ। ਇਸ ਦੇਸ਼ ਦੀਆਂ, ਜਿਸ ਵਿੱਚ 20 ਲੱਖ ਜਰਮਨ ਤੇ Tschechian ਭਾਸ਼ਾ ਦੇ 30 ਲੱਖ ਸਲਾਵੋਨਿਆਈ ਵੱਸਦੇ ਸਨ, ਮਹਾਨ ਇਤਿਹਾਸਕ ਯਾਦਾਂ ਸਨ, ਲਗਭਗ ਸਾਰੀਆਂ ਹੀ Tschechs ਦੀ ਸਾਬਕ ਉੱਚਤਮਤਾ ਨਾਲ਼ ਸਬੰਧਤ ਸੀ। ਪਰ ਉਸ ਸਮੇਂ ਸਲਾਵੋਨਿਕ ਪਰਿਵਾਰ ਦੀ ਇਸ ਸ਼ਾਖ਼ ਦੀ ਸ਼ਕਤੀ 15ਵੀਂ **ਸਦੀ ਵਿੱਚ ਹੂਸਾਈਟਸ ਦੀਆਂ ਜੰਗਾਂ** ਤੋਂ ਹੀ ਟੁੱਟ ਗਈ ਸੀ; Tschechian ਭਾਸ਼ਾ ਬੋਲਣ ਵਾਲ਼ੇ ਪ੍ਰਾਂਤ ਵੰਡੇ ਗਏ ਸਨ,: ਇੱਕ ਭਾਗ ਬੋਹੇਮੀਆ ਦੀ ਬਾਦਸ਼ਾਹਤ, ਦੂਜਾ ਮੋਰਾਵੀਆ ਦੀ ਰਿਆਸਤ, ਤੀਜਾ, ਸਲੋਵਾਕਾਂ ਦਾ ਕਾਰਪੇਥੀਅਨ ਪਹਾੜੀ ਦੇਸ਼ ਹੰਗਰੀ ਦਾ ਭਾਗ। ਮੋਰਾਵਿਆਨੀਆਂ ਤੇ ਸਲੋਵਾਕਾਂ ਨੇ ਬੜੇ ਚਿਰ ਤੋਂ ਕੌਮੀ ਭਾਵਨਾ ਤੇ ਜੀਵਨ ਯੋਗਤਾ ਦਾ ਨਿਸ਼ਾਨ ਤੱਕ ਗਵਾ ਦਿੱਤਾ ਸੀ, ਭਾਵੇਂ ਉਹਨਾਂ ਆਪਣੀ ਭਾਸ਼ਾ ਨੂੰ ਸੰਭਾਲਿਆ ਹੋਇਆ ਸੀ। ਬੋਹੇਮੀਆ ਨੂੰ ਤਿੰਨ ਪਾਸਿਆਂ ਤੋਂ ਪੂਰੀ ਤਰ੍ਹਾਂ ਜਰਮਨ ਦੇਸ਼ਾਂ ਨੇ ਘੇਰਿਆ ਹੋਇਆ ਸੀ। ਜਰਮਨ ਅੰਸ਼ ਨੇ ਆਪਣੇ ਇਲਾਕੇ ਉੱਤੇ ਬਹੁਤ ਭਾਰੀ ਤਰੱਕੀ ਕੀਤੀ ਸੀ; ਇੱਥੋਂ ਤੱਕ ਕਿ ਰਾਜਧਾਨੀ ਪਰਾਗ ਵਿੱਚ ਦੋਵੇਂ ਕੌਮੀਅਤਾਂ ਚੰਗੀ ਤਰ੍ਹਾਂ ਇੱਕ ਦੂਜੇ ਦੇ ਟਾਕਰੇ ’ਤੇ ਸਨ ਅਤੇ ਹਰ ਥਾਂ ਤੇ ਸਰਮਾਇਆ, ਵਪਾਰ, ਸਨਅਤ ਤੇ ਬੌਧਿਕ ਸੱਭਿਆਚਾਰ ਜਰਮਨਾਂ ਦੇ ਹੱਥ ਵਿੱਚ ਸੀ। Tschechian ਕੌਮੀਅਤ ਦਾ ਮੁੱਖ ਹਿਮਾਇਤੀ, ਪ੍ਰੋਫ਼ੈਸਰ ਪਾਲਾਕੀ, ਆਪ ਜਰਮਨ ਭਾਸ਼ਾ ਦਾ ਹੀ ਵਿਦਵਾਨ ਹੈ, ਜਿਸ ਨੂੰ ਹੁਣ ਵੀ Tschechian ਭਾਸ਼ਾ ਸਹੀ ਤੌਰ ’ਤੇ ਅਤੇ ਵਿਦੇਸ਼ੀ ਲਹਿਜੇ ਤੋਂ ਬਿਨਾਂ ਬੋਲਣੀ ਨਹੀਂ ਆਉਂਦੀ। ਪਰ ਜਿਵੇਂ ਕਿ ਅਕਸਰ ਵਾਪਰਦਾ ਹੈ, ਮਰ ਰਹੀ Tschechian ਕੌਮੀਅਤ ਨੇ—ਪਿਛਲੇ ਚਾਰ ਸੌ ਸਾਲਾਂ ਦੇ ਇਤਿਹਾਸ ਵਿੱਚ ਜਾਣੇ ਜਾਂਦੇ ਹਰ ਤੱਥ ਅਨੁਸਾਰ ਮਰ ਰਹੀ— 1848 ਵਿੱਚ ਆਪਣੀ ਪੁਰਾਣੀ ਸ਼ਕਤੀ ਨੂੰ ਪ੍ਰਾਪਤ ਕਰਨ ਦਾ ਆਖ਼ਰੀ ਯਤਨ ਕੀਤਾ— ਇੱਕ ਅਜਿਹਾ ਯਤਨ ਜਿਸ ਦੀ ਅਸਫ਼ਲਤਾ ਸਾਰੇ ਇਨਕਲਾਬੀ ਵਿਚਾਰਾਂ ਤੋਂ ਸੁਤੰਤਰ ਹੋ ਕੇ ਇਹ ਸਿੱਧ ਕਰਦੀ ਹੈ ਕਿ ਬੋਹੇਮੀਆ ਅਗਾਂਹ ਤੋਂ ਜਰਮਨੀ ਦੇ ਇੱਕ ਭਾਗ ਵਜੋਂ ਹੀ ਜੀਉਂਦਾ ਰਹਿ ਸਕਦਾ ਹੈ, ਭਾਵੇਂ ਉਸ ਦੇ ਵਸਨੀਕਾਂ ਦਾ ਇੱਕ ਭਾਗ, ਹੋ ਸਕਦਾ ਹੈ, ਕੁੱਝ ਸਦੀਆਂ ਤੱਕ ਇੱਕ ਗ਼ੈਰ **ਜਰਮਨ ਭਾਸ਼ਾ ਬੋਲਣੀ ਜਾਰੀ ਰੱਖੇ।**

ਲੰਡਨ, ਫ਼ਰਵਰੀ 1852.

# IX

## ਪਾਨਸਲਾਵਵਾਦ। ਸਚੇਲਿਸਵਿਗ-ਹੋਲਸਟੀਨ ਜੰਗ

ਬੋਹੇਮੀਆ ਤੇ ਕਰੋਸ਼ੀਆ (ਸਲੋਵਾਨਕ ਪਰਿਵਾਰ ਦਾ ਵੱਖ ਹੋਇਆ ਇੱਕ ਹੋਰ ਮੈਂਬਰ, ਜਿਸ ਉੱਤੇ ਹੰਗਰਿਆਈਆਂ ਨੇ ਉਸੇ ਤਰ੍ਹਾਂ ਪ੍ਰਭਾਵ ਪਾਇਆ ਜਿਵੇਂ ਜਰਮਨਾਂ ਨੇ ਬੋਹੇਮੀਆਂ ਉੱਤੇ) "**ਪਾਨਸਲਾਵਵਾਦ**", ਜਿਵੇਂ ਯੂਰਪੀ ਮਹਾਂਦੀਪ ਉੱਤੇ ਆਖਿਆ ਜਾਂਦਾ ਹੈ, ਦੇ ਘਰ ਸਨ। ਨਾ ਬੋਹੇਮੀਆ ਤੇ ਨਾ ਹੀ ਕਰੋਸ਼ੀਆ ਆਪਣੇ ਆਪ ਇੱਕ ਕੌਮ ਵਜੋਂ ਜੀਉਂਦੇ ਰਹਿਣ ਲਈ ਕਾਫ਼ੀ ਮਜ਼ਬੂਤ ਨਹੀਂ ਸਨ। ਉਹਨਾਂ ਦੀਆਂ ਸਬੰਧਤ ਕੌਮੀਅਤਾਂ, ਜੋ ਸਹਿਜੇ ਸਹਿਜੇ ਇਤਿਹਾਸਕ ਕਾਰਨਾਂ ਦੇ ਅਮਲ ਰਾਹੀਂ ਤਬਾਹ ਹੋ ਗਈਆਂ, ਆਪਣੇ ਆਪ ਨੂੰ ਸੁਤੰਤਰ ਤੌਰ 'ਤੇ ਮੁੜ ਬਹਾਲ ਕਰਨ ਦੀਆਂ ਦੂਜੀਆਂ ਸਲਾਵੋਨਿਕ ਕੌਮਾਂ ਨਾਲ਼ ਗੱਠਜੋੜ ਕਰਕੇ ਹੀ ਆਸ ਕਰ ਸਕਦੀਆਂ ਸਨ। ਉੱਥੇ ਦੋ ਕਰੋੜ ਵੀਹ ਲੱਖ ਪੋਲ, ਚਾਰ ਕਰੋੜ ਪੰਜਾਹ ਲੱਖ ਰੂਸੀ, 80 ਲੱਖ ਸਰਬੀਆਈ ਤੇ ਬਲਗਾਰਿਆਈ ਵੱਸਦੇ ਸਨ—ਕਿਉਂ ਨਾ ਸਾਰੇ ਅੱਠ ਕਰੋੜ ਸਲਾਵੋਨਿਆਈਆਂ ਦੀ ਇੱਕ ਸ਼ਕਤੀਸ਼ਾਲੀ ਕਾਨਫ਼ੈਡਰੇਸ਼ਨ ਬਣਾ ਲਈ ਜਾਵੇ ਅਤੇ ਪਵਿੱਤਰ ਸਲਾਵੋਨਿਕ ਧਰਤੀ ਉੱਤੇ ਘੁਸਪੈਠ ਕਰਨ ਵਾਲ਼ੇ ਤੁਰਕ ਹੰਗੇਰੀਆਈ ਅਤੇ ਸਭ ਤੋਂ ਪਹਿਲਾਂ, ਘ੍ਰਿਣਤ ਪਰ ਵਿਗੋਚੇ ਵਾਲ਼ੇ **ਨੀਮੇਤਜ਼**, ਜਰਮਨ ਨੂੰ ਪਿਛਾਂਹ ਧੱਕ ਦਿੱਤਾ ਜਾਵੇ ਜਾਂ ਤਬਾਹ ਕਰ ਦਿੱਤਾ ਜਾਵੇ ? ਸੋ, ਇਤਿਹਾਸਕ ਵਿਗਿਆਨ ਦੇ ਕੁੱਝ ਕੁ ਸਲਾਵੋਨਿਆਈ ਕੱਚਘਰੜ ਲੇਖਕਾਂ ਦੇ ਅਧਿਅਨਾਂ ਵਿੱਚ ਇਹ ਹਾਸੋਹੀਣੀ, ਇਹ ਇਤਿਹਾਸ ਵਿਰੋਧੀ ਲਹਿਰ ਦਰਜ ਸੀ, ਇੱਕ ਅਜਿਹੀ ਲਹਿਰ ਜੋ ਤਹਿਜ਼ੀਬਯਾਫ਼ਤਾ ਪੱਛਮ ਨੂੰ ਵਹਿਸ਼ੀ ਪੂਰਬ ਦੇ ਅਧੀਨ, ਨਗਰ ਨੂੰ ਪਿੰਡ ਦੇ ਅਧੀਨ, ਵਪਾਰ ਉਤਪਾਦਕ, ਸਿਆਣਪ ਨੂੰ ਸਲਾਵੋਨਿਆਈ ਭੋਂ-ਗ਼ੁਲਾਮਾਂ ਦੀ ਪਰਾਤਨ ਜ਼ਰਾਇਤ ਦੇ ਅਧੀਨ ਰੱਖਣਾ ਚਾਹੁੰਦੀ ਸੀ। ਪਰ ਇੱਕ ਹਾਸੋਹੀਣੇ ਸਿਧਾਂਤ ਦੇ ਪਿੱਛੇ ਰੂਸੀ ਸਲਤਨਤ ਦੀ ਭਿਆਨਕ ਹਕੀਕਤ ਖਲ੍ਹੋਤੀ ਸੀ, ਅਜਿਹੀ ਸਲਤਨਤ ਜੋ ਹਰ ਹਰਕਤ ਰਾਹੀਂ ਸਾਰੇ ਯੂਰਪ ਨੂੰ ਸਲਾਵੋਨਿਕ ਨਸਲ ਦੀ ਅਤੇ ਵਿਸ਼ੇਸ਼ ਤੌਰ 'ਤੇ ਇਸ ਨਸਲ ਦੇ ਇੱਕ ਸ਼ਕਤੀਸ਼ਾਲੀ ਭਾਗ ਦੀ, ਰੂਸੀਆਂ ਦੀ ਮਿਲਖ਼ ਵਜੋਂ ਜਾਨਣ ਦੇ ਦਾਅਵੇ ਦਾ ਐਲਾਨ ਕਰਦੀ ਹੈ; ਉਹ ਸਲਤਨਤ, ਜਿਸ ਦੀਆਂ ਦੋ ਰਾਜਧਾਨੀਆਂ ਹਨ ਜਿਵੇਂ ਸੇਂਟ ਪੀਟਰਸਬਰਗ ਤੇ ਮਾਸਕੋ, ਜਿਸ ਨੇ ਅਜੇ ਆਪਣਾ ਖਿੱਚ ਕੇਂਦਰ ਨਹੀਂ ਲੱਭਿਆ, ਜਦ ਕਿ "ਜ਼ਾਰ ਦਾ ਸ਼ਹਿਰ" ਨੂੰ (ਕਾਨਸਟੈਂਟੀਨੋਪਲ, ਜਿਸ ਨੂੰ ਰੂਸੀ ਭਾਸ਼ਾ ਵਿੱਚ ਜਾਰੀ ਗਰਾਡ ਆਖਿਆ ਜਾਂਦਾ ਹੈ, ਜ਼ਾਰ ਦਾ ਸ਼ਹਿਰ) ਹਰ ਰੂਸੀ ਕਿਸਾਨ ਵੱਲੋਂ ਆਪਣੇ ਧਰਮ ਤੇ ਆਪਣੀ ਕੌਮ ਦੀ ਅਸਲੀ ਰਾਜਧਾਨੀ ਸਮਝੀ ਜਾਂਦੀ ਹੈ, ਅਸਲ ਵਿੱਚ ਸ਼ਹਿਨਸ਼ਾਹ ਦਾ ਨਿਵਾਸ ਸਥਾਨ ਨਹੀਂ ਹੈ; ਉਹ ਸਲਤਨਤ ਜਿਸ ਨੇ ਪਿਛਲੇ 150 ਸਾਲਾਂ ਤੋਂ ਆਪਣੇ ਵੱਲੋਂ ਸ਼ੁਰੂ ਕੀਤੀ ਹਰ ਜੰਗ ਰਾਹੀਂ ਆਪਣਾ ਕੋਈ ਇਲਾਕਾ ਨਹੀਂ ਗਵਾਇਆ ਸਗੋਂ ਹਮੇਸ਼ਾ ਆਪਣੇ ਨਾਲ਼ ਮਿਲਾਇਆ ਹੈ ਅਤੇ ਕੇਂਦਰੀ ਯੂਰਪ ਵਿੱਚ ਚੰਗੀ ਤਰ੍ਹਾਂ ਜਾਣੀਆਂ ਜਾਂਦੀਆਂ ਉਹ ਸਾਜ਼ਸ਼ਾਂ ਹਨ ਜਿਨ੍ਹਾਂ ਰਾਹੀਂ ਨੀਤੀ ਨੇ ਪਾਨਸਲਾਵਵਾਦ ਦੀ ਨਵੇਂ ਦੰਦਾਂ ਵਾਲ਼ੀ ਪ੍ਰਣਾਲੀ ਦੀ ਹਿਮਾਇਤ ਕੀਤੀ ਹੈ, ਇੱਕ

ਅਜਿਹੀ ਪ੍ਰਣਾਲੀ ਜਿਸ ਨਾਲ਼ੋਂ ਵਧੀਆ ਕੋਈ ਹੋਰ ਉਸ ਸਮੇਂ ਉਸ ਦੇ ਮੰਤਵ ਨੂੰ ਕਦੇ ਨਹੀਂ ਸੀ ਢੁੱਕ ਸਕਦੀ। ਸੋ, ਬੋਹੇਮੀਅਨ ਤੇ ਕਰੋਨੇਆਈ ਪਾਨਸਲਾਵਵਾਦੀਆਂ ਨੇ, ਕੁੱਝ ਨੇ ਜਾਣਦੇ ਬੁਝਦੇ, ਕੁੱਝ ਨੇ ਇਸ ਬਾਰੇ ਬਿਨਾਂ ਕੁੱਝ ਜਾਣਿਆਂ, ਰੂਸ ਦੇ ਸਿੱਧੇ ਹਿੱਤਾਂ ਵਿੱਚ ਕੰਮ ਕੀਤਾ; ਉਹਨਾਂ ਨੇ ਇੱਕ ਅਜਿਹੀ ਕੌਮੀਅਤ ਦੇ ਪਰਛਾਵੇਂ ਲਈ ਇਨਕਲਾਬੀ ਮੰਤਵ ਨਾਲ਼ ਗ਼ੱਦਾਰੀ ਕੀਤੀ ਜਿਸ ਕੌਮੀਅਤ ਨੇ ਚੰਗੀਆਂ ਹਾਲਤਾਂ ਵਿੱਚ, ਰੂਸੀ ਅਸਰ ਅਧੀਨ ਪੋਲਿਸ਼ ਕੌਮੀਅਤ ਦੀ ਹੋਣੀ ਨੂੰ ਵੰਡਾਇਆ ਹੋਣਾ ਸੀ। ਪਰ ਪੋਲਾਂ ਦੇ ਮਾਣ ਵਿੱਚ ਇਹ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਉਹ ਇਹਨਾਂ ਪਾਨਸਲਾਵੀ ਫੰਦਿਆਂ ਵਿੱਚ ਗੰਭੀਰ ਰੂਪ ਵਿੱਚ ਕਦੇ ਵੀ ਨਹੀਂ ਫਸੇ; ਅਤੇ ਜੇ ਕੁੱਝ ਕੁ ਰਈਸਜ਼ਾਦੇ ਗੰਭੀਰ ਪਾਨਸਲਾਵਵਾਦੀ ਬਣ ਵੀ ਗਏ ਸਨ ਤਾਂ ਉਹ ਜਾਣਦੇ ਸਨ ਕਿ ਰੂਸੀ ਗ਼ੁਲਾਮੀ ਵਿੱਚ ਉਹਨਾਂ ਨੂੰ ਆਪਣੇ ਕਿਸਾਨ ਭੌਂ ਗ਼ੁਲਾਮਾਂ ਦੀ ਬਗ਼ਾਵਤ ਨਾਲ਼ੋਂ ਘੱਟ ਨੁਕਸਾਨ ਉਠਾਉਣਾ ਪੈਣਾ ਸੀ।

ਬੋਹੇਮੀਅਨਾਂ ਤੇ ਕਰੋਟੀਅਨਾਂ ਨੇ, ਸਰਬਵਿਆਪੀ **ਸਲਾਵੋਨਿਆਈ ਗੱਠਜੋੜ ਦੀ** ਤਿਆਰੀ ਲਈ ਪਰਾਗ ਵਿੱਚ ਇੱਕ ਆਮ ਸਲਾਵੋਨਿਕ ਕਾਂਗਰਸ ਬੁਲਾਈ। ਇਹ ਕਾਂਗਰਸ ਅਸਟਰੀਆ ਦੀ ਫ਼ੌਜ ਦੇ ਦਖ਼ਲ ਤੋਂ ਬਿਨਾਂ ਵੀ ਨਿਸ਼ਚਿਤ ਤੌਰ 'ਤੇ ਅਸਫ਼ਲ ਸਿੱਧ ਹੋ ਜਾਣੀ ਸੀ। ਕਈ ਸਲਾਵੋਨਿਕ ਭਾਸ਼ਾਵਾਂ, ਅੰਗਰੇਜ਼ੀ, ਜਰਮਨ ਤੇ ਸਵੀਡਿਸ਼ ਭਾਸ਼ਾਵਾਂ ਨਾਲ਼ੋਂ ਬਿਲਕੁਲ ਭਿੰਨ ਸਨ ਅਤੇ ਜਦੋਂ ਕਾਰਾਵਾਈ ਅਰੰਭ ਹੋਈ ਤਾਂ ਉੱਥੇ ਕੋਈ ਅਜਿਹੀ ਸਾਂਝੀ ਸਲਾਵੋਨਿਕ ਭਾਸ਼ਾ ਨਹੀਂ ਸੀ ਜਿਸ ਰਾਹੀਂ ਬੁਲਾਰੇ ਆਪਣੀ ਗੱਲ ਸਮਝਾ ਸਕਦੇ। ਫ਼ਰਾਂਸੀਸੀ ਭਾਸ਼ਾ ਦੀ ਵਰਤੋਂ ਕੀਤੀ ਗਈ, ਪਰ ਉਹ ਵੀ ਉਸੇ ਤਰ੍ਹਾਂ ਬਹੁਗਿਣਤੀ ਨੂੰ ਸਮਝ ਨਾ ਆਈ ਅਤੇ ਵਿਚਾਰੇ ਸਲਾਵੋਨਿਕ ਉਤਸ਼ਾਹੀਆਂ ਨੂੰ, ਜਿਨ੍ਹਾਂ ਦੀ ਇੱਕੋ ਇੱਕ ਸਾਂਝੀ ਭਾਵਨਾ ਜਰਮਨਾਂ ਦੇ ਵਿਰੁੱਧ ਘ੍ਰਿਣਾ ਸੀ, ਅਖ਼ੀਰ ਆਪਣੇ ਵਿਚਾਰ ਘ੍ਰਿਣਤ ਜਰਮਨ ਭਾਸ਼ਾ ਵਿੱਚ ਪ੍ਰਗਟ ਕਰਨੇ ਪਏ, ਇਹੋ ਇੱਕ ਭਾਸ਼ਾ ਸੀ ਜੋ ਆਮ ਤੌਰ 'ਤੇ ਸਮਝੀ ਗਈ! ਪਰ ਉਸੇ ਸਮੇਂ ਪਰਾਗ ਵਿੱਚ ਇੱਕ ਹੋਰ ਸਲਾਵੋਨਿਕ ਕਾਂਗਰਸ ਜੁੜ ਰਹੀ ਸੀ, ਜਿਸ ਵਿੱਚ ਗਾਲੀਸ਼ੀਅਨ ਨੇਜ਼ਾਬਾਜ਼ ਕਰੋਨੀਆਈ ਤੇ ਸਲੋਵਾਕ ਹੱਥ ਗੋਲੇ ਸੁੱਟਣ ਵਾਲ਼ੇ ਫ਼ੌਜੀ ਅਤੇ ਬੋਹੇਮੀਅਨ ਤੋਪਚੀ ਤੇ ਘੁੜ ਸਵਾਰ ਫ਼ੌਜੀ ਸ਼ਾਮਲ ਸਨ ਅਤੇ ਅਸਲੀ ਹਥਿਆਰਬੰਦ ਸਲਾਵੋਨਿਕ ਕਾਂਗਰਸ ਨੇ, Windischgratz ਦੀ ਕਮਾਂਡ ਹੇਠ 24 ਘੰਟਿਆਂ ਤੋਂ ਘੱਟ ਸਮੇਂ ਵਿੱਚ ਇੱਕ ਖ਼ਿਆਲੀ ਸਲਾਵੋਨਿਆਈ ਉੱਚਤਮਤਾ ਦੇ ਬਾਨੀਆਂ ਨੂੰ ਸ਼ਹਿਰ ਤੋਂ ਬਾਹਰ ਭਜਾ ਦਿੱਤਾ ਤੇ ਉਹ ਇੰਜ ਅਲੋਪ ਹੋ ਗਏ ਜਿਵੇਂ ਖੋਤੇ ਦੇ ਸਿਰ ਤੋਂ ਸਿੰਙ।

ਬੋਹੇਮਿਆਨੀਆਂ, ਮੋਰਾਵਿਆਈਆਂ, ਡਾਲਮੇਵਿਆਈਆਂ ਅਤੇ ਅਸਟਰੀਅਨ ਕਾਂਸਟੀਚਿਊਟ ਡੀਟ ਦੇ ਪੋਲਿਸ਼ ਡਿਪਟੀਆਂ (ਰਈਸਸ਼ਾਹੀ) ਨੇ ਜਰਮਨ ਅੰਸ਼ ਦੇ ਵਿਰੁੱਧ ਉਸ ਅਸੈਂਬਲੀ ਵਿੱਚ ਇੱਕ ਬਾਕਾਇਦਾ ਜੰਗ ਕੀਤੀ। ਇਸ ਅਸੈਂਬਲੀ ਵਿੱਚ ਜਰਮਨ ਅਤੇ ਪੋਲਾਂ ਦਾ ਇੱਕ ਭਾਗ (ਕੰਗਾਲ ਕਰ ਦਿੱਤਾ ਗਿਆ ਕੁਲੀਨ ਵਰਗ) ਇਨਕਲਾਬੀ ਤਰੱਕੀ ਦੇ ਮੁੱਖ ਹਿਮਾਇਤੀ ਸੀ, ਸਾਰੇ ਸਲਾਵੋਨਿਕ ਡਿਪਟੀ, ਉਹਨਾਂ ਦੀ ਵਿਰੋਧਤਾ ਕਰਦਿਆਂ ਤੇ ਇਸ ਤਰ੍ਹਾਂ ਆਪਣੀ ਸਮੁੱਚੀ ਲਹਿਰ ਦੀਆਂ ਪਿਛਾਂਹਖਿਚੂ ਰੁਚੀਆਂ ਸਪੱਸ਼ਟ ਰੂਪ ਵਿੱਚ ਵਿਖਾ ਕੇ

ਸੰਤੁਸ਼ਟ ਨਹੀਂ ਸਨ, ਸਗੋਂ ਉਹ ਅਸਟਰੀਆ ਦੀ ਉਸੇ ਸਰਕਾਰ ਨਾਲ਼ ਸਾਜ਼ਬਾਜ਼ ਕਰਨ ਦੀ ਹੱਦ ਤੱਕ ਵੀ ਡਿੱਗ ਗਏ ਜਿਸ ਨੇ ਪਰਾਗ ਵਿੱਚ ਉਹਨਾਂ ਦੀ ਮੀਟਿੰਗ ਨੂੰ ਤਿੱਤਰ ਬਿੱਤਰ ਕੀਤਾ ਸੀ। ਉਹਨਾਂ ਨੂੰ ਵੀ ਇਸ ਬਦਨਾਮ ਕਰਤੂਤ ਦੀ ਸਜ਼ਾ ਭੁਗਤਣੀ ਪਈ ਸੀ; ਅਕਤੂਬਰ 1848 ਦੀ ਬਗ਼ਾਵਤ ਦੇ ਦੌਰਾਨ ਸਰਕਾਰ ਦੀ ਹਿਮਾਇਤ ਕਰਨ ਮਗਰੋਂ ਇੱਕ ਘਟਨਾ ਜਿਸ ਦੇ ਕਾਰਨ ਅਖ਼ੀਰ ਉਹਨਾਂ ਨੂੰ ਡੀਟ ਵਿੱਚ ਬਹੁਗਿਣਤੀ ਪ੍ਰਾਪਤ ਹੋ ਗਈ, ਇਹ ਲਗਭਗ ਸਾਰੀ ਸਲਾਵੋਨਿਕ ਡੀਟ ਅਸਟਰੀਆ ਦੇ ਸਿਪਾਹੀਆਂ ਨੇ ਉਸੇ ਤਰ੍ਹਾਂ ਤਿੱਤਰ ਬਿਤਰ ਕਰ ਦਿੱਤੀ, ਜਿਵੇਂ ਪਰਾਗ ਦੀ ਕਾਂਗਰਸ ਕੀਤੀ ਸੀ ਅਤੇ ਪਾਨਸਲਾਵਵਾਦੀਆਂ ਨੂੰ, ਜੇ ਉਹਨਾਂ ਨੇ ਮੁੜ ਕੇ ਗੜਬੜ ਕੀਤੀ ਤਾਂ, ਕੈਦ ਕਰਨ ਦੀ ਧਮਕੀ ਦਿੱਤੀ ਗਈ ਅਤੇ ਉਹਨਾਂ ਨੇ ਇਹ ਪ੍ਰਾਪਤ ਕਰ ਹੀ ਲਿਆ ਹੈ, ਉਹ ਸਲਾਵੋਨਿਕ ਕੌਮੀਅਤ ਅਸਟਰੀਆ ਦੇ ਕੇਂਦਰੀਕਰਨ ਰਾਹੀਂ ਹੁਣ ਹਰ ਥਾਂ ’ਤੇ ਤਬਾਹ ਕੀਤੀ ਜਾ ਰਹੀ ਹੈ, ਇਸ ਨਤੀਜੇ ਲਈ ਉਹਨਾਂ ਨੂੰ ਆਪਣੀ ਧੜੇਬੰਦੀ ਤੇ ਬੇਸਮਝੀ ਦਾ ਧੰਨਵਾਦ ਕਰਨਾ ਚਾਹੀਦਾ ਹੈ।

ਜੇ ਹੰਗਰੀ ਤੇ ਜਰਮਨੀ ਦੇ ਸਰਹੱਦੀ ਪ੍ਰਾਂਤਾਂ ਨੂੰ ਕਿਸੇ ਕਿਸਮ ਦਾ ਸ਼ੰਕਾ ਹੁੰਦਾ ਤਾਂ ਅਵੱਸ਼ ਹੀ ਉੱਥੇ ਇੱਕ ਹੋਰ ਝਗੜਾ ਖੜ੍ਹਾ ਹੋ ਗਿਆ ਹੁੰਦਾ। ਪਰ ਚੰਗੇ ਭਾਗਾਂ ਨੂੰ ਅਜਿਹਾ ਕੋਈ ਬਹਾਨਾ ਨਹੀਂ ਸੀ ਅਤੇ ਦੋਹਾਂ ਕੌਮਾਂ ਦੇ ਹਿੱਤ ਡੂੰਘੀ ਤਰ੍ਹਾਂ ਸਾਂਝੇ ਹੋਣ ਕਾਰਨ ਉਹਨਾਂ ਨੇ ਉਸੇ ਦੁਸ਼ਮਣ ਦੇ ਵਿਰੁੱਧ, ਭਾਵ ਅਸਟਰੀਆ ਦੀ ਸਰਕਾਰ ਅਤੇ ਪਾਨਸਲਾਵਵਾਦੀ ਧੜੇਬੰਦੀ ਦੇ ਵਿਰੁੱਧ ਜੱਦੋਜਹਿਦ ਕੀਤੀ। ਚੰਗੀ ਸੂਝਬੂਝ ਵਿੱਚ ਇੱਕ ਘੜੀ ਲਈ ਵੀ ਵਿਗਾੜ ਨਾ ਪਿਆ। ਪਰ ਇਟਲੀ ਦੇ ਇਨਕਲਾਬ ਨੇ ਜਰਮਨੀ ਦੇ ਘੱਟੋ ਘੱਟ ਇੱਕ ਭਾਗ ਨੂੰ ਇੱਕ ਭਿਆਨਕ ਜੰਗ ਵਿੱਚ ਉਲਝਾ ਲਿਆ ਅਤੇ ਸਬੂਤ ਵਜੋਂ ਇਹ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਮੇਟਰਨਿਚ ਦਾ ਪ੍ਰਬੰਧ ਜਨਤਕ ਸੋਚ ਦੇ ਵਿਕਾਸ ਨੂੰ ਠੱਲ੍ਹ ਪਾਉਣ ਵਿੱਚ ਕਿੱਥੋਂ ਤੱਕ ਸਫ਼ਲ ਹੋਇਆ ਸੀ, ਕਿ 1848 ਦੇ ਪਹਿਲੇ ਛੇਆਂ ਮਹੀਨਿਆਂ ਦੇ ਦੌਰਾਨ, ਉਹੋ ਬੰਦੇ ਜਿਨ੍ਹਾਂ ਨੇ ਵੀਆਨਾ ਵਿੱਚ ਮੋਰਚਾ ਬੰਦੀਆਂ ਖੜ੍ਹੀਆਂ ਕੀਤੀਆਂ ਸੀ ਉਸ ਫ਼ੌਜ ਵਿੱਚ ਸ਼ਾਮਲ ਹੋਣ ਲਈ ਬੜੇ ਉਤਸ਼ਾਹ ਨਾਲ਼ ਗਏ ਜੋ ਇਟਲੀ ਦੇ ਦੇਸਭਗਤਾਂ ਦੇ ਵਿਰੁੱਧ ਲੜੀ ਸੀ। ਪਰ ਵਿਚਾਰਾਂ ਦੀ ਇਹ ਅਫ਼ਸੋਸਨਾਕ ਉਲਝਣ ਬਹੁਤਾ ਚਿਰ ਨਾ ਰਹੀ।

ਆਖ਼ਰੀ ਗੱਲ, ਉੱਥੇ ਸਚਲੇਸਵਿਗ ਤੇ ਹੋਲਸਟੀਨ ਬਾਰੇ ਡੈਨਮਾਰਕ ਨਾਲ਼ ਜੰਗ ਸੀ। ਇਹ ਦੇਸ, ਬਿਨਾਂ ਕਿਸੇ ਵਿਵਾਦ ਦੇ ਕੌਮੀਅਤ, ਭਾਸ਼ਾ ਤੇ ਵਿਸ਼ੇਸ਼ ਰੁਚੀ ਅਨੁਸਾਰ ਅਤੇ ਫ਼ੌਜੀ ਸਮੁੰਦਰੀ ਤੇ ਵਪਾਰਕ ਪੱਖ ਤੋਂ ਵੀ ਜਰਮਨ ਹੋਣ ਕਾਰਨ, ਜਰਮਨੀ ਲਈ ਜ਼ਰੂਰੀ ਹਨ। ਇਹਨਾਂ ਦੇ ਵਸਨੀਕਾਂ ਨੇ ਪਿਛਲੇ ਤਿੰਨ ਸਾਲਾਂ ਤੋਂ ਡੈਨਮਾਰਕ ਦੀ ਘੁਸਪੈਠ ਦੇ ਵਿਰੁੱਧ ਸਖ਼ਤ ਜੱਦੋਜਹਿਦ ਕੀਤੀ ਹੈ। ਇਸ ਤੋਂ ਉਪਰੰਤ ਸੰਧੀਆਂ ਦਾ ਅਧਿਕਾਰ ਉਹਨਾਂ ਦੇ ਹੱਕ ਵਿੱਚ ਸੀ। ਮਾਰਚ ਦੇ ਇਨਕਲਾਬ ਨੇ ਉਹਨਾਂ ਨੂੰ ਡੈਨਮਾਰਕੀਆਂ ਨਾਲ਼ ਖੁੱਲ੍ਹੀ ਟੱਕਰ ਵਿੱਚ ਲੈ ਆਂਦਾ ਅਤੇ ਜਰਮਨੀ ਨੇ ਉਹਨਾਂ ਦੀ ਮਦਦ ਕੀਤੀ। ਪਰ ਜਦ ਕਿ ਪੋਲੈਂਡ ਵਿੱਚ, ਇਟਲੀ ਵਿੱਚ, ਬੋਹੇਮੀਆ ਵਿੱਚ ਤੇ ਮਗਰੋਂ ਹੰਗਰੀ ਵਿੱਚ ਫ਼ੌਜੀ ਕਾਰਵਾਈਆਂ ਇਸ, ਇੱਕੋ ਇੱਕ ਜਨਤਕ, ਇੱਕੋ ਇੱਕ ਘੱਟੋ ਘੱਟ ਅੰਸ਼ਕ ਤੌਰ ’ਤੇ ਇਨਕਲਾਬੀ, ਜੰਗ ਵਿੱਚ ਪੂਰੇ ਜੋਸ਼ ਨਾਲ਼ ਕੀਤੀਆਂ

ਗਈਆਂ ਬੇਨਤੀਆਂ, ਮਾਰਚਾਂ ਤੇ ਵਿਰੋਧੀ ਮਾਰਚਾਂ ਦੀ ਪ੍ਰਣਾਲੀ ਅਪਣਾਈ ਗਈ ਅਤੇ ਬਦੇਸੀ ਡਿਪਲੋਮੇਸੀ ਦੀ ਮੁਦਾਲਖ਼ਤ ਨੂੰ ਵੀ ਸਵੀਕਾਰ ਕੀਤਾ ਗਿਆ, ਜਿਸ ਦੇ ਫਲਸਰੂਪ, ਕਈ ਸੂਰਮਾ ਟੱਕਰਾਂ ਦੇ ਮਗਰੋਂ ਇੱਕ ਬਹੁਤ ਹੀ ਦੁਖਦਾਈ ਅੰਤ ਪ੍ਰਾਪਤ ਹੋਇਆ। ਜਰਮਨ ਸਰਕਾਰਾਂ ਨੇ, ਇੱਕ ਜੰਗ ਦੌਰਾਨ, ਸਚਲੇਸਵਿਗ—ਹੋਲਸਟੀਨ ਇਨਕਲਾਬੀ ਫ਼ੌਜ ਨਾਲ਼ ਪੈਰ ਪੈਰ 'ਤੇ ਗ਼ੱਦਾਰੀ ਕੀਤੀ ਅਤੇ ਜਦੋਂ ਡੈਨਮਾਰਕੀਆਂ ਨੇ ਇਸ ਨੂੰ ਖਦੇੜ ਦਿੱਤਾ ਜਾਂ ਵੰਡ ਦਿੱਤਾ ਤਾਂ ਜਾਣਬੁੱਝ ਕੇ ਇਸ ਨੂੰ ਵੱਢਿਆ ਟੁੱਕਿਆ ਜਾਣ ਦਿੱਤਾ। ਵਲੰਟੀਅਰਾਂ ਦੀਆਂ ਜਰਮਨ ਕੋਰਾਂ ਨਾਲ਼ ਵੀ ਇਹੋ ਸਲੂਕ ਕੀਤਾ ਗਿਆ।

ਪਰ ਜਦ ਕਿ ਜਰਮਨ ਨਾਂ ਨੇ ਹਰ ਪਾਸੇ ਘ੍ਰਿਣਾ ਤੋਂ ਬਿਨਾਂ ਕੁੱਝ ਨਾ ਖੱਟਿਆ, ਜਰਮਨ ਵਿਧਾਨਕ ਤੇ ਲਿਬਰਲ ਸਰਕਾਰਾਂ ਨੇ ਖ਼ੁਸ਼ੀ ਮਨਾਈ। ਉਹ ਪੋਲਿਸ਼ ਤੇ ਬੋਹੇਮਿਆਈ ਲਹਿਰਾਂ ਕੁਚਲਣ ਵਿੱਚ ਸਫ਼ਲ ਹੋ ਗਈਆਂ ਸਨ। ਉਹਨਾਂ ਨੇ ਹਰ ਥਾਂ 'ਤੇ ਪੁਰਾਣੀਆਂ ਦੁਸ਼ਮਣੀਆਂ ਨੂੰ ਸੁਰਜੀਤ ਕਰ ਦਿੱਤਾ ਸੀ, ਜਿਨ੍ਹਾਂ ਨੇ ਜਰਮਨਾਂ, ਪੋਲਾਂ ਤੇ ਇਤਾਲਵੀਆਂ ਵਿਚਾਲੇ ਸਾਂਝੀ ਸੂਝਬੂਝ ਤੇ ਅਮਲ ਨੂੰ ਰੋਕ ਦਿੱਤਾ। ਉਹਨਾਂ ਨੇ ਲੋਕਾਂ ਨੂੰ ਗ੍ਰਹਿ ਯੁੱਧ ਤੇ ਫ਼ੌਜ ਰਾਹੀਂ ਜਬਰ ਵੇਖਣ ਦਾ ਆਦੀ ਬਣਾ ਦਿੱਤਾ। ਪ੍ਰਸ਼ੀਆ ਦੀ ਫ਼ੌਜ ਨੇ ਪੋਲੈਂਡ ਵਿੱਚ, ਅਸਟਰੀਆ ਦੀ ਫ਼ੌਜ ਨੇ ਪਰਾਗ ਵਿੱਚ ਆਪੋ ਆਪਣਾ ਵੱਕਾਰ ਤੇ ਵਿਸ਼ਵਾਸ਼ ਮੁੜ ਪ੍ਰਾਪਤ ਕਰ ਲਿਆ ਸੀ; ਅਤੇ ਜਦ ਕਿ ਇਨਕਲਾਬੀ ਪਰ ਘੱਟ-ਦ੍ਰਿਸ਼ਟੀ ਵਾਲ਼ੇ ਨੌਜਵਾਨਾਂ ਦੀ ਅਥਾਹ ਭਾਰੀ ਦੇਸ਼ਭਗਤੀ ਨੂੰ ਸਚਲੇਸਵਿਗ ਅਤੇ ਲਮਬਾਰਡੀ ਵਿੱਚ, ਦੁਸ਼ਮਣ ਦੀਆਂ ਗੋਲ਼ੀਆਂ ਦੇ ਛਰਿਆਂ ਰਾਹੀਂ ਕੁਚਲ ਦਿੱਤਾ ਗਿਆ, ਬਾਕਾਇਦਾ ਫ਼ੌਜ, ਪ੍ਰਸ਼ੀਆ ਤੇ ਅਸਟਰੀਆ ਦੋਹਾਂ ਦੇ ਅਮਲ ਦਾ ਅਸਲੀ ਹਥਿਆਰ ਅਜਿਹੀ ਪੁਜ਼ੀਸ਼ਨ ਵਿੱਚ ਰੱਖਿਆ ਗਿਆ ਕਿ ਉਹ ਵਿਦੇਸ਼ੀ ਦੇ ਉੱਪਰ ਜਿੱਤਾਂ ਰਾਹੀਂ ਜਨਤਕ ਹਿਮਾਇਤ ਮੁੜ ਪ੍ਰਾਪਤ ਕਰ ਲਵੇ। ਪਰ ਅਸੀਂ ਦੁਹਰਾਉਂਦੇ ਹਾਂ! ਇਹਨਾਂ ਫ਼ੌਜਾਂ ਨੇ, ਜੋ ਲਿਬਰਲਾਂ ਵੱਲੋਂ ਵਧੇਰੇ ਅਗਾਂਹਵਧੂ ਪਾਰਟੀ ਦੇ ਵਿਰੁੱਧ ਕਾਰਵਾਈ ਦੇ ਸਾਧਨ ਵਜੋਂ ਮਜ਼ਬੂਤ ਕੀਤੀਆਂ ਗਈਆਂ ਸਨ, ਜਿਵੇਂ ਹੀ ਆਪਣਾ ਸਵੈ-ਵਿਸ਼ਵਾਸ਼ ਤੇ ਕਿਸੇ ਹੱਦ ਤੱਕ ਆਪਣਾ ਬੰਧੇਜ ਪ੍ਰਾਪਤ ਕਰ ਲਿਆ ਸੀ ਤਾਂ ਉਹਨਾਂ ਨੇ ਆਪਣਾ ਹਮਲਾ ਲਿਬਰਲਾਂ ਵੱਲ ਮੋੜ ਲਿਆ ਅਤੇ ਪ੍ਰਬੰਧ ਦੇ ਬੰਦਿਆਂ ਨੂੰ ਸੱਤ੍ਹਾ ਉੱਤੇ ਬਿਠਾਲ ਦਿੱਤਾ। ਜਦੋਂ ਰਾਦਤੇਜ਼ਕੀ ਨੇ, ਐਡਿਜ਼ ਦੇ ਪਿੱਛੇ ਆਪਣੇ ਕੈਂਪ ਵਿੱਚ ਵੀਆਨਾ ਦੇ "ਜ਼ਿੰਮੇਵਾਰ ਮੰਤਰੀਆਂ" ਵੱਲੋਂ ਪਹਿਲੇ ਹੁਕਮ ਪ੍ਰਾਪਤ ਕੀਤੇ ਉਸ ਨੇ ਚੀਕ ਕੇ ਆਖਿਆ : "ਕੌਣ ਹਨ ਇਹ ਮੰਤਰੀ ? ਇਹ ਅਸਟਰੀਆ ਦੀ ਸਰਕਾਰ ਨਹੀਂ ਹਨ! ਹੁਣ, ਅਸਟਰੀਆ ਕਿਧਰੇ ਵੀ ਨਹੀਂ, ਸਗੋਂ ਮੇਰੇ ਕੈਂਪ ਵਿੱਚ ਹੈ; ਮੈਂ ਤੇ ਮੇਰੀ ਫ਼ੌਜ, ਅਸੀਂ ਅਸਟਰੀਆ ਹਾਂ ਅਤੇ ਜਦੋਂ ਅਸਾਂ ਇਤਾਲਵੀਆਂ ਨੂੰ ਹਰਾ ਦਿੱਤਾ, ਅਸੀਂ ਸ਼ਹਿਨਸ਼ਾਹ ਲਈ ਸਲਤਨਤ ਜਿੱਤ ਲਵਾਂਗੇ!" ਅਤੇ ਬੁੱਢਾ ਰਾਟੇਤਜ਼ਕੀ ਸਹੀ ਸੀ— ਪਰ ਵੀਆਨਾ ਵਿਚਾਲੇ ਮੂਰਖ਼, "ਜ਼ਿੰਮੇਵਾਰ" ਮੰਤਰੀਆਂ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ।

ਲੰਡਨ, ਫ਼ਰਵਰੀ 1852.

# X

## ਪੈਰਿਸ ਦੀ ਬਗ਼ਾਵਤ। ਫ਼ਰੈਂਕਫ਼ੋਰਟ ਅਸੈਂਬਲੀ

ਅਪ੍ਰੈਲ 1848 ਦੇ ਅਰੰਭ ਵਿੱਚ ਹੀ, ਉਸ ਗੱਠਜੋੜ ਰਾਹੀਂ, ਜੋ, ਸਮਾਜ ਦੀਆਂ ਉਹਨਾਂ ਜਮਾਤਾਂ ਨੇ, ਜਿਨ੍ਹਾਂ ਪਹਿਲੀ ਜਿੱਤ ਤੋਂ ਲਾਭ ਉਠਾਇਆ ਸੀ, ਤੁਰੰਤ ਹੀ ਹਾਰਿਆਂ ਨਾਲ਼ ਬਣਾ ਲਿਆ ਸੀ, ਯੂਰਪ ਦੇ ਸਾਰੇ ਮਹਾਂਦੀਪ ਉੱਤੇ ਇੱਕ ਇਨਕਲਾਬੀ ਹੜ੍ਹ ਪਸਰ ਗਿਆ। ਫ਼ਰਾਂਸ ਵਿੱਚ, ਛੋਟੀ ਤਜਾਰਤੀ ਜਮਾਤ ਅਤੇ ਬੁਰਜੂਆਜ਼ੀ ਦਾ ਰੀਪਬਲਿਕਨ ਹਿੱਸਾ ਪ੍ਰੋਲੇਤਾਰੀਆ ਦੇ ਵਿਰੁੱਧ ਸਮਰਾਟਵਾਦੀ ਬੁਰਜੂਆਜ਼ੀ ਨਾਲ਼ ਮਿਲ਼ ਗਿਆ; ਜਰਮਨੀ ਤੇ ਇਟਲੀ ਵਿੱਚ ਜੇਤੂ ਬੁਰਜੂਆਜ਼ੀ ਨੇ ਬੜੇ ਚਾਅ ਨਾਲ਼ ਸਮੂਹ ਲੋਕਾਂ ਤੇ ਛੋਟੇ ਵਪਾਰੀਆਂ ਦੇ ਵਿਰੁੱਧ ਜਾਗੀਰਦਾਰ ਕੁਲੀਨ ਵਰਗ, ਦਫ਼ਤਰੀ ਨੌਕਰਸ਼ਾਹੀ ਤੇ ਫ਼ੌਜ ਦੀ ਹਿਮਾਇਤ ਪ੍ਰਾਪਤ ਕਰ ਲਈ। ਬਹੁਤ ਛੇਤੀ ਸੰਗਠਤ ਕਨਜ਼ਰਵੇਟਿਵ ਤੇ ਉਲਟ–ਇਨਕਲਾਬੀ ਪਾਰਟੀਆਂ ਨੇ ਮੁੜ ਕੇ ਪ੍ਰਬਲਤਾ ਪ੍ਰਾਪਤ ਕਰ ਲਈ। ਇੰਗਲੈਂਡ ਵਿੱਚ ਬੇਵਕਤ ਤੇ ਭੈੜੀ ਤਰ੍ਹਾਂ ਤਿਆਰ ਕੀਤਾ ਗਿਆ ਮੁਜ਼ਾਹਰਾ (10, ਅਪ੍ਰੈਲ) **ਮੂਵਮੈਂਟ ਪਾਰਟੀ** ਦੀ ਪੂਰਨ ਤੇ ਨਿਰਣਾਇਕ ਹਾਰ ਸਿੱਧ ਹੋਇਆ। ਫ਼ਰਾਂਸ ਵਿੱਚ ਦੋ ਇਸੇ ਤਰ੍ਹਾਂ ਦੀਆਂ ਲਹਿਰਾਂ (**16, ਅਪ੍ਰੈਲ, ਅਤੇ 15 ਮਈ**) ਇਸੇ ਤਰ੍ਹਾਂ ਹਾਰ ਗਈਆਂ ਸਨ। ਇਟਲੀ ਵਿੱਚ ਬਾਦਸ਼ਾਹ ਬੋਮਬਾ* ਨੇ **15 ਮਈ ਦੀ ਲਹਿਰ** ਦੇ ਇੱਕੋ ਵਾਰ ਨਾਲ਼ ਆਪਣੀ ਅਧਿਕਾਰ ਸੱਤ੍ਹਾ ਮੁੜ ਪ੍ਰਾਪਤ ਕਰ ਲਈ। ਜਰਮਨੀ ਵਿੱਚ ਵੱਖਰੀਆਂ ਨਵੀਂਆਂ ਬੁਰਜੂਆ ਸਰਕਾਰਾਂ ਤੇ ਉਹਨਾਂ ਦੀਆਂ ਪ੍ਰਤੀਨਿਧ ਅਸੈਂਬਲੀਆਂ ਨੇ ਆਪਣੇ ਆਪ ਨੂੰ ਮਜ਼ਬੂਤ ਕਰ ਲਿਆ ਅਤੇ ਜੇ ਘਟਨਾ ਭਰਪੂਰ 15 ਮਈ ਨੇ ਵੀਆਨਾ ਵਿੱਚ ਇੱਕ ਜਨਤਕ ਫ਼ਤਿਹ ਨੂੰ ਜਨਮ ਦਿੱਤਾ ਸੀ, ਤਾਂ ਇਹ ਦੂਜੇ ਦਰਜੇ ਦੀ ਮਹੱਤਤਾ ਵਾਲ਼ੀ ਘਟਨਾ ਸੀ ਅਤੇ ਇਸ ਨੂੰ ਜਨਤਕ ਸ਼ਕਤੀ ਦਾ ਆਖ਼ਰੀ ਸਫ਼ਲਤਾਪੂਰਨ ਲਿਸ਼ਕਾਰਾ ਸਮਝਿਆ ਜਾ ਸਕਦਾ ਹੈ। ਹੰਗਰੀ ਵਿੱਚ, ਲਹਿਰਾਂ ਪੂਰਨ ਕਾਨੂੰਨੀਅਤ ਦੀ ਖ਼ਾਮੋਸ਼ ਧਾਰਾ ਵਿੱਚ ਬਦਲ ਗਈਆਂ ਜਾਪਦੀਆਂ ਸਨ ਅਤੇ ਪੋਲਿਸ਼ ਲਹਿਰ ਨੂੰ ਜਿਵੇਂ ਅਸੀਂ ਆਪਣੇ ਪਿਛਲੇ ਭਾਗ ਵਿੱਚ ਵੇਖ ਚੁੱਕੇ ਹਾਂ, ਪ੍ਰਸ਼ੀਆ ਦੀਆਂ ਸੰਗੀਨਾਂ ਨੇ ਜੰਮਦਿਆਂ ਹੀ ਦਬਾ ਦਿੱਤਾ ਸੀ। ਪਰ ਜਿਵੇਂ ਕਿ ਇਸ ਬਾਰੇ ਕੋਈ ਨਿਰਣਾ ਨਹੀਂ ਸੀ ਕੀਤਾ ਗਿਆ ਕਿ ਕਿਹੜੀਆਂ ਗੱਲਾਂ ਘਟਨਾਪੂਰਨ ਮੋੜ ਲੈਣਗੀਆਂ ਅਤੇ ਵੱਖ ਵੱਖ ਦੇਸ਼ਾਂ ਵਿੱਚ ਇਨਕਲਾਬੀ ਪਾਰਟੀਆਂ ਨੂੰ ਹੋਇਆ ਛੋਟੇ ਤੋਂ ਛੋਟਾ ਨੁਕਸਾਨ ਇੱਕ ਨਿਰਣਾਇਕ ਕਾਰਵਾਈ ਲਈ ਆਪਣੀਆਂ ਸਫ਼ਾਂ ਨੂੰ ਵਧੇਰੇ ਤੋਂ ਵਧੇਰੇ ਮਜ਼ਬੂਤ ਕਰਨ ਦੀ ਕੇਵਲ ਮੰਗ ਕਰਦਾ ਸੀ।

ਨਿਰਣਾਇਕ ਕਾਰਵਾਈ ਨੇੜੇ ਆ ਗਈ। ਇਹ ਕੇਵਲ ਫ਼ਰਾਂਸ ਵਿੱਚ ਹੀ ਲੜੀ ਜਾ ਸਕਦੀ ਸੀ : ਕਿਉਂਜੋ ਫ਼ਰਾਂਸ, ਜਦੋਂ ਤੱਕ ਇੰਗਲੈਂਡ ਇਨਕਲਾਬੀ ਲੜਾਈ ਵਿੱਚ ਭਾਗ ਨਹੀਂ ਸੀ ਲੈਂਦਾ ਜਾਂ ਜਦੋਂ ਤੱਕ ਜਰਮਨੀ ਵੰਡਿਆ ਹੋਇਆ ਰਹਿੰਦਾ ਸੀ, ਆਪਣੀ ਕੌਮੀ

* ਫ਼ੈਰਡੀਨੰਡ ਦੂਜਾ–ਸੰਪਾਦਕ।

ਸੁਤੰਤਰਤਾ, ਸੱਭਿਅਤਾ ਤੇ ਕੇਂਦਰੀਕਰਣ ਸਦਕਾ ਇੱਕੋ ਇੱਕ ਦੇਸ਼ ਸੀ ਜੋ ਆਲ਼ੇ ਦੁਆਲ਼ੇ ਦੇ ਦੇਸ਼ਾਂ ਵਿੱਚ ਇੱਕ ਸ਼ਕਤੀਸ਼ਾਲੀ ਹਲਚਲ ਦਾ ਉਤਸ਼ਾਹ ਪ੍ਰਦਾਨ ਕਰ ਸਕਦਾ ਸੀ। ਸੋ, ਇਸ ਅਨੁਸਾਰ, ਜਦੋਂ 23 ਜੂਨ, 1848 ਨੂੰ ਪੈਰਿਸ ਵਿੱਚ ਖ਼ੂਨੀ ਜੱਦੋ ਜਹਿਦ ਅਰੰਭ ਹੋਈ, ਜਦੋਂ ਇਸ ਦੇ ਮਗਰੋਂ ਮਿਲ਼ਦੀ ਹਰ ਤਾਰ ਤੇ ਡਾਕ ਨੇ ਯੂਰਪ ਦੀਆਂ ਅੱਖਾਂ ਦੇ ਸਾਹਮਣੇ ਇਸ ਹਕੀਕਤ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਪੇਸ਼ ਕਰ ਦਿੱਤਾ ਕਿ ਉਹ ਜਦੋਜਹਿਦ ਇੱਕ ਪਾਸੇ ਕਿਰਤੀ ਲੋਕਾਂ ਦੇ ਸਮੂਹ ਅਤੇ ਦੂਜੇ ਪਾਸੇ ਪ੍ਰਸ਼ੀਆ ਦੀ ਵਸੋਂ ਦੀਆਂ ਬਾਕੀ ਦੀਆਂ ਸਾਰੀਆਂ ਜਮਾਤਾਂ, ਜਿਨ੍ਹਾਂ ਦੀ ਮਦਦ ਫ਼ੌਜ ਕਰ ਰਹੀ ਸੀ, ਵਿਚਾਲੇ ਚੱਲ ਰਹੀ ਸੀ; ਜਦੋਂ ਇਹ ਲੜਾਈ ਆਧੁਨਿਕ ਗ੍ਰਹਿ ਯੁੱਧ ਦੇ ਇਤਿਹਾਸ ਵਿੱਚ ਬੇਮਿਸਾਲ ਜੋਸ਼ ਤੇ ਰੋਹ ਨਾਲ਼, ਪਰ ਕਿਸੇ ਵੀ ਧਿਰ ਨੂੰ ਪ੍ਰਾਪਤ ਲਾਭ ਤੋਂ ਬਿਨਾਂ ਕਈ ਦਿਨਾਂ ਤੱਕ ਚੱਲਦੀ ਰਹੀ– ਤਾਂ ਇਹ ਗੱਲ ਹਰ ਇੱਕ ਨੂੰ ਸਪੱਸ਼ਟ ਹੋ ਗਈ ਕਿ ਇਹ ਇੱਕ ਮਹਾਨ ਨਿਰਣਾਇਕ ਲੜਾਈ ਸੀ, ਜੇ ਇਹ ਬਗ਼ਾਵਤ ਸਫ਼ਲ ਹੋ ਗਈ ਤਾਂ ਇਹ ਲੜਾਈ ਸਾਰੇ ਮਹਾਂਦੀਪ ਵਿੱਚ ਨਵੇਂ ਸਿਰਿਉਂ ਅਰੰਭ ਹੋਏ ਇਨਕਲਾਬ ਦਾ ਹੜ੍ਹ ਲਿਆ ਦੇਵੇਗੀ ਜਾਂ ਜੇ ਇਸ ਨੂੰ ਦਬਾ ਦਿੱਤਾ ਗਿਆ ਤਾਂ ਇਹ ਘੱਟੋ ਘੱਟ ਆਰਜ਼ੀ ਤੌਰ 'ਤੇ ਉਲਟ-ਇਨਕਲਾਬੀ ਰਾਜ ਦੀ ਲਗਭਗ ਬਹਾਲੀ ਲੈ ਆਵੇਗੀ।

ਪੈਰਿਸ ਦੇ ਪ੍ਰੋਲਤਾਰੀਏ ਹਾਰ ਗਏ ਸਨ, ਉਹਨਾਂ ਦੇ ਇਤਨੇ ਆਹੂ ਲਾਹੇ ਗਏ ਸਨ, ਇਤਨੇ ਦਰੜ ਦਿੱਤੇ ਗਏ ਸਨ ਕਿ ਉਹ ਅਜੇ ਤੱਕ ਉਸ ਸੱਟ ਤੋਂ ਰਾਜ਼ੀ ਨਹੀਂ ਹੋ ਸਕੇ ਅਤੇ ਝੱਟ ਹੀ, ਸਾਰੇ ਯੂਰਪ ਵਿੱਚ, ਨਵੇਂ ਤੇ ਪੁਰਾਣੇ ਕਨਜ਼ਰਵੇਟਿਵਾਂ ਤੇ ਉਲਟ-ਇਨਕਲਾਬੀਆਂ ਨੇ ਇਤਨੀ ਫੁਰਤੀ ਨਾਲ਼ ਆਪਣੇ ਸਿਰ ਉਠਾਏ ਜੋ ਇਹ ਦਰਸਾਉਂਦੀ ਸੀ ਕਿ ਉਹਨਾਂ ਨੇ ਇਸ ਘਟਨਾ ਦੀ ਮਹੱਤਤਾ ਨੂੰ ਕਿੰਨੀ ਚੰਗੀ ਤਰ੍ਹਾਂ ਸਮਝਿਆ ਸੀ। ਹਰ ਥਾਂ 'ਤੇ ਪ੍ਰੈੱਸ ਦੀ ਆਜ਼ਾਦੀ ਉੱਤੇ ਹਮਲੇ ਕੀਤੇ ਗਏ, ਮੀਟਿੰਗਾਂ ਕਰਨ ਤੇ ਮਿਲ ਬੈਠਣ ਦੇ ਅਧਿਕਾਰਾਂ ਵਿੱਚ ਦਖ਼ਲ ਦਿੱਤਾ ਜਾਣ ਲੱਗਾ, ਹਰ ਛੋਟੇ ਤੋਂ ਛੋਟੇ ਪ੍ਰਾਂਤਕ ਸ਼ਹਿਰ ਵਿੱਚ ਛੋਟੀ ਤੋਂ ਛੋਟੀ ਘਟਨਾ ਤੋਂ ਲੋਕਾਂ ਨੂੰ ਬੇਹਥਿਆਰੇ ਕਰਨ ਲਈ, ਨਾਕਾਬੰਦੀ ਦਾ ਐਲਾਨ ਕਰਨ ਲਈ, ਫ਼ੌਜਾਂ ਨੂੰ ਨਵੀਆਂ ਚਾਲਾਂ ਤੇ ਤਰੀਕਿਆਂ ਅਨੁਸਾਰ ਜੋ ਕੈਵੇਗਨਾਕ ਨੇ ਉਹਨਾਂ ਨੂੰ ਸਿਖਾਏ ਸਨ, ਵਰਤਣ ਲਈ ਲਾਭ ਉਠਾਇਆ। ਇਸ ਤੋਂ ਉਪਰੰਤ, ਫ਼ਰਵਰੀ ਦੇ ਮਗਰੋਂ ਪਹਿਲੀ ਵਾਰ, ਇਸ ਵੱਡੇ ਸ਼ਹਿਰ ਵਿੱਚ ਜਨਤਕ ਬਗ਼ਾਵਤ ਦੀ ਅਜਿੱਤਤਾ ਇੱਕ ਭਰਮ ਸਿੱਧ ਹੋ ਗਈ ਸੀ; ਫ਼ੌਜਾਂ ਦੀ ਸ਼ਾਖ਼ ਬਹਾਲ ਹੋ ਗਈ ਸੀ; ਫ਼ੌਜੀ ਦਸਤਿਆਂ ਨੇ, ਜਿਨ੍ਹਾਂ ਨੂੰ ਹੁਣ ਤੱਕ ਗਲੀਆਂ ਬਜ਼ਾਰਾਂ ਦੀਆਂ ਲੜਾਈਆਂ ਵਿੱਚ ਹਮੇਸ਼ਾ ਹਾਰ ਹੁੰਦੀ ਆਈ ਸੀ, ਇਸ ਪ੍ਰਕਾਰ ਦੀ ਜੱਦੋਜਹਿਦ ਵਿੱਚ ਵੀ ਆਪਣੀ ਯੋਗਤਾ ਬਾਰੇ ਵਿਸ਼ਵਾਸ਼ ਮੁੜ ਪ੍ਰਾਪਤ ਕਰ ਲਿਆ।

ਪੈਰਿਸ ਦੇ Ouvriers ਦੀ ਇਸ ਹਾਰ ਤੋਂ, ਜਰਮਨੀ ਵਿੱਚ ਪੁਰਾਣੀ ਜਾਗੀਰੂ-ਨੌਕਰਸ਼ਾਹ ਪਾਰਟੀ ਦੇ ਉਹਨਾਂ ਹਾਂ-ਪੱਖੀ ਕਦਮਾਂ ਤੇ ਨਿਸ਼ਚਿਤ ਵਿਉਂਤਾਂ ਦਾ ਅਰੰਭ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਰਾਹੀਂ ਉਹ ਆਪਣੇ ਇਤਿਹਾਦੀਆਂ, ਮੱਧ ਸ਼੍ਰੇਣੀਆਂ ਤੋਂ ਭਾਵੇਂ ਬਹੁਤ ਥੋੜ੍ਹੇ ਸਮੇਂ ਲਈ ਛੁਟਕਾਰਾ ਪਾਉਣਾ ਚਾਹੁੰਦੀ ਸੀ ਅਤੇ ਜਰਮਨੀ ਨੂੰ ਉਸ ਹਾਲਤ ਵਿੱਚ ਬਹਾਲ ਕਰਨਾ ਚਾਹੁੰਦੀ ਸੀ ਜਿਸ ਵਿੱਚ ਉਹ ਮਾਰਚ ਦੀਆਂ ਘਟਨਾਵਾਂ ਤੋਂ ਪਹਿਲਾਂ ਸੀ। ਫ਼ੌਜ

ਮੁੜ ਕੇ ਰਾਜ ਵਿੱਚ ਨਿਰਣਾਇਕ ਤਾਕਤ ਸੀ ਅਤੇ ਫ਼ੌਜ ਮੱਧ-ਸ਼੍ਰੇਣੀਆਂ ਦੀ ਨਹੀਂ ਸੀ ਸਗੋਂ ਆਪਣੇ ਆਪ ਉੱਤੇ ਨਿਰਭਰ ਸੀ। ਪ੍ਰਸ਼ੀਆ ਵਿੱਚ ਵੀ, ਜਿੱਥੋਂ 1848 ਤੋਂ ਪਹਿਲਾਂ ਇੱਕ ਵਿਧਾਨਕ ਸਰਕਾਰ ਵੱਲ ਝੁਕਾਅ ਰੱਖਣ ਵਾਲਾ ਨਿਚਲੇ ਦਰਜੇ ਦਾ ਅਧਿਕਾਰੀਆਂ ਦਾ ਇੱਕ ਚੋਖਾ ਭਾਗ ਵੇਖਿਆ ਗਿਆ ਸੀ, ਇਨਕਲਾਬ ਰਾਹੀਂ ਫ਼ੌਜ ਵਿੱਚ ਪੈਦਾ ਹੋਈ ਬਦਇੰਤਜ਼ਾਮੀ ਨੇ ਉਹਨਾਂ ਸਿਆਣੇ ਨੌਜਵਾਨਾਂ ਨੂੰ ਉਹਨਾਂ ਦੀ ਤਾਬੇਦਾਰੀ ਵਿੱਚ ਲੈ ਆਂਦਾ ਸੀ; ਜਿਵੇਂ ਹੀ ਇੱਕ ਨਿੰਜੀ ਸਿਪਾਹੀ ਨੇ ਅਫ਼ਸਰਾਂ ਪ੍ਰਤੀ ਕੁੱਝ ਕੁ ਖੁੱਲ੍ਹਾਂ ਲਈਆਂ, ਬੰਧੇਜ ਅਤੇ ਸਿਥਿਲ ਆਗਿਆਕਾਰੀ ਦੀ ਜ਼ਰੂਰਤ ਉਹਨਾਂ ਨੂੰ ਤੁਰੰਤ ਹੀ ਉੱਘੜਵੇਂ ਰੂਪ ਵਿੱਚ ਪ੍ਰਤੱਖ ਹੋ ਗਈ। ਹਾਰੇ ਹੋਏ ਕੁਲੀਨ ਵਰਗੀਆਂ ਤੇ ਨੌਕਰਸ਼ਾਹਾਂ ਨੂੰ ਆਪਣੇ ਸਾਹਮਣੇ ਰਾਹ ਵਿਖਾਈ ਦੇਣ ਲੱਗ ਪਿਆ; ਪਹਿਲਾਂ ਤੋਂ ਵਧੇਰੇ ਸੰਗਠਤ, ਛੋਟੀਆਂ ਮੋਟੀਆਂ ਬਗ਼ਾਵਤਾਂ ਵਿੱਚ ਤੇ ਵਿਦੇਸ਼ੀ ਜੰਗੀ ਕਾਰਵਾਈ ਵਿੱਚ ਜਿੱਤ ਨਾਲ਼ ਉਤਸ਼ਾਹਤ, ਫ਼ਰਾਂਸੀਸੀ ਸਿਪਾਹੀਆਂ ਵੱਲੋਂ ਪ੍ਰਾਪਤ ਕੀਤੀ ਗਈ ਬਹੁਤ ਭਾਰੀ ਸਫ਼ਲਤਾ ਨਾਲ਼ ਈਰਖਾ ਖਾਂਦੀ ਫ਼ੌਜ-ਇਸ ਫ਼ੌਜ ਨੂੰ ਲੋਕਾਂ ਨਾਲ਼ ਨਿਰੰਤਰ ਛੋਟੇ ਮੋਟੇ ਝਗੜਿਆਂ ਵਿੱਚ ਕੇਵਲ ਉਲਝਾਈ ਰੱਖਣਾ ਸੀ ਅਤੇ ਜਿਵੇਂ ਹੀ ਨਿਰਣਾਇਕ ਘੜੀ ਪੁਜਣੀ ਸੀ, ਇਸ ਨੇ ਇੱਕ ਬਹੁਤ ਕਰੜੇ ਵਾਰ ਨਾਲ਼ ਇਨਕਲਾਬਵਾਦੀਆਂ ਨੂੰ ਕੁਚਲ ਦੇਣਾ ਸੀ ਅਤੇ ਮੱਧ ਸ਼੍ਰੇਣੀ ਦੇ ਲੋਕ-ਸਭਾਈਆਂ ਦੇ ਮਨਸੂਬਿਆਂ ਨੂੰ ਲਾਂਭੇ ਸੁੱਟ ਦੇਣਾ ਸੀ ਅਤੇ ਅਜਿਹੇ ਨਿਰਣਾਇਕ ਵਾਰ ਲਈ ਯੋਗ ਘੜੀ ਬਹੁਤ ਜਲਦੀ ਪੁੱਜ ਗਈ।

ਅਸੀਂ ਉਹਨਾਂ ਅਨੋਖੀਆਂ, ਪਰ ਅਕਾਊ ਲੋਕਸਭਾਈ ਕਾਰਾਵਾਈਆਂ ਤੇ ਸਥਾਨਕ ਜੱਦੋਜਹਿਦਾਂ ਨੂੰ ਅੱਖੋਂ ਉਹਲੇ ਕਰ ਗਏ ਹਾਂ, ਜੋ ਜਰਮਨੀ ਵਿੱਚ, ਗਰਮੀਆਂ ਦੇ ਦੌਰਾਨ ਵੱਖ ਵੱਖ ਪਾਰਟੀਆਂ ਕਰਦੀਆਂ ਰਹੀਆਂ। ਇਤਨਾ ਦੱਸਣਾ ਹੀ ਕਾਫ਼ੀ ਹੈ ਕਿ ਮੱਧ ਸ਼੍ਰੇਣੀ ਦੇ ਹਿੱਤਾਂ ਦੇ ਹਿਮਾਇਤੀਆਂ ਨੇ ਅਣਗਿਣਤ ਲੋਕਸਭਾਈ ਜਿੱਤਾਂ ਦੇ ਬਾਵਜੂਦ, ਜਿਨ੍ਹਾਂ ਵਿੱਚੋਂ ਇੱਕ ਦਾ ਕੋਈ ਅਸਲੀ ਨਤੀਜਾ ਨਹੀਂ ਸੀ ਨਿਕਲ਼ਿਆ, ਆਮ ਤੌਰ 'ਤੇ ਮਹਿਸੂਸ ਕੀਤਾ ਕਿ ਅਤਿ ਦੀਆਂ ਪਾਰਟੀਆਂ ਵਿਚਾਲੇ ਉਹਨਾਂ ਦੀ ਪੁਜ਼ੀਸ਼ਨ ਦਿਨੋਂ ਦਿਨ ਵਧੇਰੇ ਕਮਜ਼ੋਰ ਹੋ ਗਈ ਸੀ, ਅਤੇ ਕਿ ਇਸ ਲਈ, ਉਹਨਾਂ ਨੂੰ ਹੁਣ ਪਿਛਾਂਹ-ਖਿੱਚੂਆਂ ਨਾਲ਼ ਗੱਠਜੋੜ ਕਰਨਾ ਪਿਆ ਸੀ ਅਤੇ ਅਗਲੇ ਛਿਣ, ਵਧੇਰੇ ਪ੍ਰਸਿੱਧ ਧੜਿਆਂ ਲਈ ਮਿੰਨਤਾਂ ਕਰਨੀਆਂ ਪਈਆਂ ਸਨ। ਇਸ ਨਿਰੰਤਰ ਦੁਚਿੱਤੀ ਨੇ ਲੋਕ ਰਾਏ ਵਿੱਚ ਇਹਨਾਂ ਦੇ ਕਿਰਦਾਰ ਨੂੰ ਆਖ਼ਰੀ ਰੂਪ ਦੇ ਦਿੱਤਾ ਅਤੇ ਮੋੜ ਕੱਟ ਰਹੀਆਂ ਘਟਨਾਵਾਂ ਦੇ ਅਨੁਸਾਰ, ਓਸ ਘ੍ਰਿਣਾ ਤੋਂ ਜਿਸ ਵਿੱਚ ਉਹ ਡੁੱਬ ਚੁੱਕੇ ਸਨ, ਇੱਕ ਘੜੀ ਲਈ ਮੁੱਖ ਤੌਰ 'ਤੇ ਨੌਕਰਸ਼ਾਹਾਂ ਤੇ ਸਾਮੰਤਸ਼ਾਹਾਂ ਨੇ ਲਾਭ ਉਠਾਇਆ।

ਪੱਤਝੜ ਦੇ ਅਰੰਭ ਵਿੱਚ ਵੱਖ ਵੱਖ ਪਾਰਟੀਆਂ ਦੀ ਸਾਪੇਖਕ ਇੱਕ ਨਿਰਣਾਇਕ ਲੜਾਈ ਨੂੰ ਅਟੱਲ ਬਣਾਉਣ ਲਈ ਕਾਫ਼ੀ ਰੋਹਪੂਰਨ ਤੇ ਗੰਭੀਰ ਹੋ ਗਈ ਸੀ। ਜਮਹੂਰੀ ਤੇ ਇਨਕਲਾਬੀ ਜਨਸਮੂਹਾਂ ਅਤੇ ਫ਼ੌਜ ਵਿਚਲੀ ਇਸ ਜੰਗ ਦੀਆਂ ਪਹਿਲੀਆਂ ਝੜਪਾਂ ਫ਼ਰੈਂਕਫ਼ੋਰਟ ਵਿੱਚ ਹੋਈਆਂ। ਭਾਵੇਂ ਇਹ ਮਹਿਜ਼ ਦੂਜੇ ਦਰਜੇ ਦੀ ਝੜਪ ਸੀ, ਇਹ ਬਗ਼ਾਵਤ ਉੱਤੇ ਫ਼ੌਜ ਵੱਲੋਂ ਪ੍ਰਾਪਤ ਕੀਤੀ ਬਰਤਰੀ ਦਾ ਚਿੰਨ੍ਹ ਸੀ ਅਤੇ ਇਸ ਦਾ ਬਹੁਤ ਭਾਰੀ ਸਦਾਚਾਰਕ ਅਸਰ ਪਿਆ। ਫ਼ਰੈਂਕਫ਼ੋਰਟ ਕੌਮੀ ਅਸੈਂਬਲੀ ਵੱਲੋਂ ਸਥਾਪਤ ਕੀਤੀ ਗਈ ਫੈਂਸੀ ਸਰਕਾਰ ਨੂੰ, ਬਹੁਤ

ਹੀ ਪ੍ਰਤੱਖ ਕਾਰਨਾਂ ਕਰਕੇ, ਪ੍ਰਸ਼ੀਆ ਨੇ ਡੈਨਮਾਰਕ ਨਾਲ਼ ਇੱਕ ਆਰਜ਼ੀ ਜੰਗਬੰਦੀ ਕਰਨ ਦੀ ਆਗਿਆ ਦੇ ਦਿੱਤੀ ਜਿਸ ਨੇ ਨਾ ਕੇਵਲ ਡੈਨਮਾਰਕ ਦੇ ਬਦਲੇ ਦੇ ਅੱਗੇ ਸਲੇਸਵਿਗ ਦੇ ਜਰਮਨਾਂ ਨੂੰ ਅਧੀਨ ਬਣਾ ਦਿੱਤਾ, ਸਗੋਂ ਜਿਸ ਨੇ ਉਹਨਾਂ ਵੱਧ ਜਾਂ ਘੱਟ ਇਨਕਲਾਬੀ ਅਸੂਲਾਂ ਤੋਂ ਵੀ ਇਨਕਾਰ ਕਰ ਦਿੱਤਾ ਜਿਨ੍ਹਾਂ ਨੂੰ ਡੈਨਮਾਰਕ ਦੀ ਜੰਗ ਵਿੱਚ ਆਮ ਤੌਰ ’ਤੇ ਮੰਨਿਆ ਜਾਂਦਾ ਸੀ। ਇਹ ਆਰਜ਼ੀ ਜੰਗਬੰਦੀ ਫ਼ਰੈਂਕਫ਼ੋਰਟ ਅਸੈਂਬਲੀ ਵਿੱਚ ਦੋ ਜਾਂ ਤਿੰਨ ਦੀ ਬਹੁਗਿਣਤੀ ਨਾਲ਼ ਰੱਦ ਹੋ ਗਈ। ਇਹਨਾਂ ਵੋਟਾਂ ਦੇ ਮਗਰੋਂ ਇੱਕ ਨਕਲੀ ਵਜ਼ਾਰਤੀ ਸੰਕਟ ਪੈਦਾ ਹੋਇਆ, ਪਰ ਤਿੰਨ ਦਿਨ ਮਗਰੋਂ ਅਸੈਂਬਲੀ ਨੇ ਮੁੜ ਕੇ ਆਪਣੀ ਵੋਟ ਉੱਤੇ ਵਿਚਾਰ ਕੀਤੀ ਅਤੇ ਉਸ ਨੂੰ ਰੱਦ ਕਰ ਦਿਤਾ ਅਤੇ ਜੰਗਬੰਦੀ ਨੂੰ ਪ੍ਰਵਾਨ ਕਰ ਲਿਆ। ਇਸ ਸ਼ਰਮਨਾਕ ਕਾਰਵਾਈ ਨੇ ਲੋਕਾਂ ਦੇ ਗ਼ੁੱਸੇ ਨੂੰ ਭੜਕਾਇਆ। ਮੋਰਚੇ ਉਸਾਰੇ ਗਏ, ਪਰ ਇਸ ਤੋਂ ਪਹਿਲਾਂ ਚੋਖੀ ਮਾਤਰਾ ਵਿੱਚ ਫ਼ੌਜਾਂ ਫ਼ਰੈਂਕਫ਼ੋਰਟ ਵਿੱਚ ਲੈ ਆਂਦੀਆਂ ਗਈਆਂ ਸਨ ਅਤੇ ਛੇ ਘੰਟਿਆਂ ਦੀ ਲੜਾਈ ਦੇ ਮਗਰੋਂ ਬਗ਼ਾਵਤ ਦਬਾ ਦਿੱਤੀ ਗਈ। ਇਸ ਤਰ੍ਹਾਂ ਦੀਆਂ, ਪਰ ਘੱਟ ਮਹੱਤਤਾ ਵਾਲ਼ੀਆਂ ਇਸ ਘਟਨਾ ਨਾਲ਼ ਸਬੰਧਤ ਲਹਿਰਾਂ ਜਰਮਨੀ ਦੇ ਦੂਜੇ ਭਾਗ (ਬਾਦੇਨ, ਕੋਲੋਨ) ਵਿੱਚ ਉੱਠੀਆਂ ਪਰ ਇਸੇ ਤਰ੍ਹਾਂ ਅਸਫ਼ਲ ਬਣਾ ਦਿੱਤੀਆਂ ਗਈਆਂ।

ਇਸ ਮੁੱਢਲੀ ਝੜਪ ਨੇ ਉਲਟ-ਇਨਕਲਾਬੀ ਪਾਰਟੀ ਨੂੰ ਬਹੁਤ ਭਾਰੀ ਲਾਭ ਪਹੁੰਚਾਇਆ, ਕਿ ਹੁਣ ਇੱਕੋ ਇੱਕ ਸਰਕਾਰ, ਜੋ ਸਮੁੱਚੇ ਤੌਰ ’ਤੇ—ਘੱਟੋ ਘੱਟ ਬਾਹਰੀ ਰੂਪ ਵਿੱਚ— ਜਨਤਕ ਚੋਣਾਂ ਰਾਹੀਂ ਹੋਂਦ ਵਿੱਚ ਆਈ ਸੀ, ਫ਼ਰੈਂਕਫ਼ੋਰਟ ਦੀ ਸ਼ਹਿਨਸ਼ਾਹੀ ਸਰਕਾਰ ਤੇ ਇਸ ਦੇ ਨਾਲ਼ ਕੌਮੀ ਅਸੈਂਬਲੀ ਵੀ ਲੋਕਾਂ ਦੀਆਂ ਨਜ਼ਰਾਂ ਵਿੱਚ ਤਬਾਹ ਹੋ ਗਈ ਸੀ। ਇਸ ਸਰਕਾਰ ਤੇ ਇਸ ਅਸੈਂਬਲੀ ਨੂੰ ਜਨਤਕ ਇਰਾਦੇ ਦੇ ਪ੍ਰਗਟਾਅ ਦੇ ਵਿਰੁੱਧ ਫ਼ੌਜਾਂ ਦੀਆਂ ਸੰਗੀਨਾਂ ਨੂੰ ਅਪੀਲ ਕਰਨੀ ਪਈ। ਉਹਨਾਂ ਨਾਲ਼ ਸਮਝੌਤਾ ਕੀਤਾ ਅਤੇ ਜਿਹੜੇ ਵੀ ਥੋੜ੍ਹੇ ਬਹੁਤ ਸਹਿਕਾਰ ਦਾ ਉਹ ਦਾਅਵਾ ਕਰਨ ਦੇ ਯੋਗ ਬਣਾਏ ਗਏ ਹੋਣਗੇ ਉਹਨਾਂ ਵੱਲੋਂ ਆਪਣੇ ਮੂਲ ਤੋਂ ਇਸ ਤਿਆਗ ਨੇ, ਬਦਨਾਮ ਸਰਕਾਰਾਂ ਤੇ ਉਹਨਾਂ ਦੀਆਂ ਫ਼ੌਜਾਂ ਉੱਤੇ ਨਿਰਭਰਤਾ ਨੇ, ਸਲਤਨਤ ਦੇ ਲੈਫ਼ਟੀਨੈਂਟ, ਉਸ ਦੇ ਵਜ਼ੀਰਾਂ ਤੇ ਡਿਪਟੀਆਂ, ਦੋਹਾਂ, ਨੂੰ ਪੂਰਨ ਤੌਰ ’ਤੇ ਨਖਿੱਧ ਬਣਾ ਦਿੱਤਾ। ਅਸੀਂ ਛੇਤੀ ਹੀ ਵੇਖਾਂਗੇ ਕਿ ਕਿਵੇਂ ਪਹਿਲਾਂ ਅਸਟਰੀਆ, ਪ੍ਰਸ਼ੀਆ ਤੇ ਮਗਰੋਂ ਛੋਟੇ ਰਾਜਾਂ ਨੇ ਵੀ, ਨਿਪੁੰਸਕ ਸੁਪਨਕਾਰਾਂ ਦੇ ਇਸ ਅਦਾਰੇ ਵੱਲੋਂ ਪ੍ਰਾਪਤ ਹੋਏ ਹਰ ਹੁਕਮ, ਹਰ ਬੇਨਤੀ, ਹਰ ਪ੍ਰਤੀਨਿਧ ਮੰਡਲ ਨਾਲ਼ ਘ੍ਰਿਣਾਮਈ ਸਲੂਕ ਕੀਤਾ।

ਹੁਣ ਅਸੀਂ ਜਰਮਨੀ ਵਿੱਚ, ਜੂਨ ਦੀ ਫ਼ਰਾਂਸੀਸੀ ਲੜਾਈ ਦੇ ਬਹੁਤ ਵੱਡੇ ਉਲਟ-ਵਾਰ ਵੱਲ ਆਉਂਦੇ ਹਾਂ, ਉਸ ਘਟਨਾ ਵੱਲ ਜੋ ਜਰਮਨੀ ਲਈ ਇਤਨੀ ਹੀ ਨਿਰਣਾਇਕ ਸੀ ਜਿਤਨੀ ਫ਼ਰਾਂਸ ਲਈ ਪੈਰਿਸ ਦੀ ਪ੍ਰੋਲੇਤਾਰੀ ਜੱਦੋਜਹਿਦ ਨਿਰਣਾਇਕ ਸੀ। ਸਾਡਾ ਭਾਵ ਇਨਕਲਾਬ ਤੋਂ ਅਤੇ ਉਸ ਦੇ ਫ਼ਲਸਰੂਪ ਅਕਤੂਬਰ 1848 ਵਿੱਚ ਵੀਆਨਾ ਉੱਤੇ ਚੜ੍ਹਾਈ ਕਰ ਕੇ ਕਬਜ਼ੇ ਤੋਂ ਹੈ। ਪਰ ਇਸ ਲੜਾਈ ਦੀ ਮਹੱਤਤਾ ਅਜਿਹੀ ਹੈ ਅਤੇ ਵੱਖ ਵੱਖ ਹਾਲਤਾਂ ਦੀ ਵਿਆਖਿਆ ਇਤਨੀ ਹੈ ਕਿ ਉਹ **ਦੀ ਟਰਿਬਿਊਨ** ਦੇ ਕਾਲਮਾਂ ਵਿੱਚ ਇਤਨੀ ਜ਼ਿਆਦਾ ਥਾਂ ਲੈ ਲਵੇਗੀ ਕਿ ਉਸ ਦਾ ਵਰਨਣ ਇੱਕ ਵੱਖਰੀ ਚਿੱਠੀ ਵਿੱਚ ਕਰਨਾ ਪਵੇਗਾ।

ਲੰਡਨ, ਫ਼ਰਵਰੀ 1852.

## XI

## ਵੀਆਨਾ ਦੀ ਬਗ਼ਾਵਤ

ਹੁਣ ਅਸੀਂ ਉਸ ਨਿਰਣਾਇਕ ਘਟਨਾ ਵੱਲ ਜਿਸ ਨੇ ਜਰਮਨੀ ਵਿੱਚ ਉਲਟ-ਇਨਕਲਾਬੀ ਭਾਗ ਨੂੰ ਸਿਰਜਿਆ, ਜੂਨ ਦੀ ਪੈਰਿਸ ਦੀ ਬਗ਼ਾਵਤ ਵੱਲ ਆਉਂਦੇ ਹਾਂ ਅਤੇ ਜਿਸ ਨੇ ਇੱਕੋ ਵਾਰ ਨਾਲ਼ ਉਲਟ-ਇਨਕਲਾਬੀ ਪਾਰਟੀ ਦੇ ਹੱਕ ਵਿੱਚ ਪਾਸਾ ਪਲਟ ਦਿੱਤਾ—ਵੀਆਨਾ ਵਿੱਚ, ਅਕਤੂਬਰ 1848 ਦੀ ਬਗ਼ਾਵਤ।

ਅਸੀਂ ਵੇਖ ਚੁੱਕੇ ਹਾਂ ਕਿ 13 ਮਾਰਚ ਦੀ ਜਿੱਤ ਦੇ ਮਗਰੋਂ ਵੀਆਨਾ ਵਿੱਚ ਵੱਖ ਵੱਖ ਜਮਾਤਾਂ ਦੀ ਕੀ ਪੁਜ਼ੀਸ਼ਨ ਸੀ। ਅਸੀਂ ਇਹ ਵੀ ਵੇਖ ਚੁੱਕੇ ਹਾਂ ਕਿ ਜਰਮਨ ਅਸਟਰੀਆ ਦੀ ਲਹਿਰ ਕਿਸ ਤਰ੍ਹਾਂ ਅਸਟਰੀਆ ਦੇ ਗ਼ੈਰ-ਜਰਮਨ ਪ੍ਰਾਂਤਾਂ ਵਿਚਲੀਆਂ ਘਟਨਾਵਾਂ ਨਾਲ਼ ਉਲਝ ਗਈ ਸੀ ਤੇ ਉਹਨਾਂ ਘਟਨਾਵਾਂ ਨੇ ਉਸ ਦੇ ਰਾਹ ਵਿੱਚ ਰੋੜੇ ਅਟਕਾਏ ਸਨ। ਇਸ ਲਈ ਹੁਣ ਸਾਡੇ ਕੰਮ ਕੇਵਲ ਇਹ ਰਹਿ ਜਾਂਦਾ ਹੈ ਕਿ ਉਹਨਾਂ ਕਾਰਨਾਂ ਦੀ ਸੰਖੇਪ ਜਿਹੜਾ ਨਿਰੀਖਣ ਕਰੀਏ ਜਿਨ੍ਹਾਂ ਨੇ ਜਰਮਨ ਅਸਟਰੀਆ ਦੀ ਇਸ ਆਖ਼ਰੀ ਤੇ ਬਹੁਤ ਹੀ ਪ੍ਰਬਲ ਬਗ਼ਾਵਤ ਨੂੰ ਪੈਦਾ ਕੀਤਾ।

ਉੱਚੀ ਰਈਸਸ਼ਾਹੀ ਤੇ ਜ਼ਖ਼ੀਰੇਬਾਜ਼ ਬੁਰਜੂਆਜ਼ੀ ਜੋ ਮੇਟਰਨਿਚ ਦੀ ਸਰਕਾਰ ਦੀਆਂ ਮੁੱਖ ਗ਼ੈਰ-ਸਰਕਾਰੀ ਹਿਮਾਇਤੀ ਸਨ, ਮਾਰਚ ਦੀਆਂ ਘਟਨਾਵਾਂ ਦੇ ਮਗਰੋਂ ਵੀ, ਨਾ ਕੇਵਲ ਦਰਬਾਰ, ਫ਼ੌਜ ਤੇ ਨੌਕਰਸ਼ਾਹੀ ਵੱਲ ਸਗੋਂ ਇਸ ਤੋਂ ਵੀ ਵੱਧ ਉਸ "ਅਰਾਜਕਤਾ" ਦੇ ਡਰ ਰਾਹੀਂ ਸਰਕਾਰ ਦੇ ਨਾਲ਼ ਭਾਰੂ ਅਸਰ ਰਸੂਖ਼ ਕਾਇਮ ਰੱਖਣ ਦੇ ਯੋਗ ਬਣਾਈਆਂ ਗਈਆਂ ਜੋ ਮੱਧ ਸ਼੍ਰੇਣੀਆਂ ਵਿਚਾਲੇ ਤੇਜ਼ੀ ਨਾਲ਼ ਫ਼ੈਲ ਗਈ ਸੀ। ਉਹਨਾਂ ਨੇ ਛੇਤੀ ਨਾਲ਼ ਇੱਕ **ਪ੍ਰੈੱਸ ਲਾਅ**, ਇੱਕ ਅਸਪੱਸ਼ਟ **ਆਰਿਸਟਰੋਕਰੈਟਿਕ ਕਨਸਟੀਚਿਊਸ਼ਨ** ਅਤੇ "**ਏਸਟੇਟਸ**" ਦੀ ਪੁਰਾਣੀ ਵੰਡ ਉੱਤੇ ਆਧਾਰਤ ਈਲੈਕਟਰੋਲ ਲਾਅ ਦੇ ਰੂਪ ਵਿੱਚ ਕੁੱਝ ਅਸਥਾਈ ਸੁਝਾਅ ਦਿੱਤੇ। ਅਖੌਤੀ ਵਿਆਪਕ ਵਜ਼ਾਰਤ ਨੇ, ਜੋ ਅੱਧ ਲਿਬਰਲ, ਬੁਜ਼ਦਿਲ ਅਯੋਗ ਨੌਕਰਸ਼ਾਹਾਂ ਉੱਤੇ ਆਧਾਰਤ ਸੀ, 14 ਮਈ ਨੂੰ ਜਨਸਮੂਹਾਂ ਦੀਆਂ ਇਨਕਲਾਬੀ ਜੱਥੇਬੰਦੀਆਂ ਉੱਤੇ ਸਿੱਧਾ ਹਮਲਾ ਕਰਨ ਦਾ ਵੀ ਖ਼ਤਰਾ ਮੁੱਲ ਲੈ ਲਿਆ, ਉਸ ਨੇ ਨੈਸ਼ਨਲ ਗਾਰਡ ਤੇ **ਐਕਾਦਮਿਕ ਲੇਜਨ** ਦੇ ਡੈਲੀਗੇਟਾਂ ਦੀ ਕੇਂਦਰੀ ਕਮੇਟੀ ਨੂੰ ਭੰਗ ਕਰ ਦਿੱਤਾ, ਇਹ ਅਦਾਰਾ ਸਰਕਾਰ ਨੂੰ ਕੰਟਰੋਲ ਕਰਨ ਦੇ ਫੌਰੀ ਉਦੇਸ਼ ਲਈ ਅਤੇ ਜ਼ਰੂਰਤ ਪੈਣ 'ਤੇ ਜਨਤਕ ਸ਼ਕਤੀਆਂ ਨੂੰ ਇਸ ਦੇ ਵਿਰੁੱਧ ਨਿੱਤਰਨ ਦਾ ਸੱਦਾ ਦੇਣ ਲਈ ਬਣਾਇਆ ਗਿਆ ਸੀ। ਪਰ ਇਸ ਕਾਰਵਾਈ ਨੇ 15 ਮਈ ਦੀ ਬਗ਼ਾਵਤ ਨੂੰ ਹੀ ਉਕਸਾਇਆ, ਜਿਸ ਕਾਰਨ ਸਰਕਾਰ ਕਮੇਟੀ ਨੂੰ ਪ੍ਰਵਾਨ ਕਰਨ, ਵਿਧਾਨ ਤੇ ਈਲੈਕਟਰੋਲ ਲਾਅ ਨੂੰ ਰੱਦ ਕਰਨ ਅਤੇ ਆਮ ਵੋਟ-ਅਧਿਕਾਰ ਰਾਹੀਂ ਚੁਣੀ ਹੋਈ ਸੰਵਿਧਾਨਕ ਡੀਟ ਲਈ ਇੱਕ ਨਵਾਂ ਬੁਨਿਆਦੀ ਕਾਨੂੰਨ ਬਣਾਉਣ ਦਾ ਅਧਿਕਾਰ ਦੇਣ 'ਤੇ ਮਜ਼ਬੂਰ ਹੋ ਗਈ। ਅਗਲੇ ਦਿਨ ਇਸ ਸਭ ਕੁੱਝ ਦੀ ਤਸਦੀਕ ਇੱਕ ਸ਼ਹਿਨਸ਼ਾਹੀ

ਐਲਾਨ ਰਾਹੀਂ ਕਰ ਦਿੱਤੀ ਗਈ। ਪਰ ਪਿਛਾਂਹਖਿਚੂ ਪਾਰਟੀ ਨੇ, ਵਜ਼ਾਰਤ ਵਿੱਚ ਜਿਸ ਦੇ ਵੀ ਪ੍ਰਤੀਨਿਧ ਸਨ, ਛੇਤੀ ਹੀ ਆਪਣੇ "ਲਿਬਰਲ" ਸਾਥੀਆਂ ਰਾਹੀਂ ਜਨਤਕ ਜਿੱਤਾਂ ਉੱਤੇ ਇੱਕ ਨਵਾਂ ਹਮਲਾ ਕਰਵਾ ਦਿੱਤਾ। ਐਕਾਦਮਿਕ ਲੀਜਨ, ਜੋ ਲਹਿਰ ਚਲਾਉਣ ਵਾਲ਼ੀ ਪਾਰਟੀ ਦਾ ਗੜ੍ਹ ਸੀ, ਲਗਾਤਾਰ ਐਜੀਟੇਸ਼ਨ ਦਾ ਕੇਂਦਰ ਸੀ, ਇਸ ਕਾਰਨ ਵੀਆਨਾ ਦੇ ਵਧੇਰੇ ਉਦਾਰ ਵਿਚਾਰ ਸ਼ਹਿਰੀਆਂ ਲਈ ਘ੍ਰਿਣਤ ਬਣ ਗਿਆ ਸੀ।" 26 ਤਾਰੀਕ ਨੂੰ ਇੱਕ ਵਜ਼ਾਰਤੀ ਹੁਕਮ ਰਾਹੀਂ ਇਸ ਨੂੰ ਭੰਗ ਕਰ ਦਿੱਤਾ। ਸ਼ਾਇਦ ਇਹ ਵਾਰ ਸਫ਼ਲ ਹੋ ਜਾਂਦਾ, ਜੇ ਇਸ ਨੂੰ ਕੇਵਲ ਨੈਸ਼ਨਲ ਗਾਰਡ ਰਾਹੀਂ ਨੇਪਰੇ ਚਾੜ੍ਹਿਆ ਗਿਆ ਹੁੰਦਾ; ਪਰ ਸਰਕਾਰ ਨੇ, ਉਨ੍ਹਾਂ ਉੱਤੇ ਵੀ ਵਿਸ਼ਵਾਸ ਨਾ ਕਰਦਿਆਂ ਫੌਜ ਨੂੰ ਅਗਾਂਹ ਲੈ ਆਂਦਾ ਅਤੇ ਝਟ ਹੀ ਨੈਸ਼ਨਲ ਗਾਰਡ ਨੇ ਉਸ ਵੱਲੋਂ ਮੂੰਹ ਫੇਰ ਲਿਆ ਤੇ ਐਕਾਦਮਿਕ ਲੀਜਨ ਨਾਲ਼ ਰਲ਼ ਗਿਆ ਅਤੇ ਵਜ਼ਾਰਤੀ ਯੋਜਨਾ ਨੂੰ ਅਸਫ਼ਲ ਬਣਾ ਦਿੱਤਾ ਗਿਆ।

ਪਰ ਇਸੇ ਸਮੇਂ ਦੌਰਾਨ ਸ਼ਹਿਨਸ਼ਾਹ* ਤੇ ਉਸ ਦੇ ਦਰਬਾਰੀ 16 ਮਈ ਨੂੰ ਵੀਆਨਾ ਨੂੰ ਛੱਡ ਗਏ ਅਤੇ ਇਨਸਪਰੂਕ ਦੌੜ ਗਏ। ਇੱਥੇ ਤੁਅੱਸਬੀ ਟਾਈਰੋਲੀਅਨਾਂ ਨਾਲ਼ ਘਿਰੀ ਹੋਈ, ਜਿਨ੍ਹਾਂ ਦੀ ਵਫ਼ਾਦਾਰੀ ਸਾਡੋਲੋਮਬਾਰਡੀਅਨ ਫ਼ੌਜ ਵੱਲੋਂ ਉਹਨਾਂ ਦੇ ਦੇਸ਼ ਉੱਤੇ ਹਮਲੇ ਦੇ ਖ਼ਤਰੇ ਕਾਰਨ ਮੁੜ ਕੇ ਜਾਗ ਪਈ ਸੀ, ਜਿਸ ਫ਼ੌਜ ਨੂੰ ਗਦੇਤਜ਼ਕੀ ਦੀਆਂ ਫ਼ੌਜਾਂ ਦੇ ਨੇੜੇ ਤੇੜੇ ਦੇ ਇਲਾਕੇ ਦੀ ਹਿਮਾਇਤ ਪ੍ਰਾਪਤ ਸੀ, ਜਿਨ੍ਹਾਂ ਦੀ ਗੋਲ਼ਾਬਾਰੀ ਦੀ ਮਾਰ ਵਿੱਚ ਇਨਸਪਰੂਕ ਆਉਂਦਾ ਸੀ। ਇੱਥੇ ਉਲਟ-ਇਨਕਲਾਬੀ ਪਾਰਟੀ ਨੇ ਪਨਾਹ ਲੱਭ ਲਈ, ਜਿੱਥੋਂ ਉਹ ਕਿਸੇ ਦੇ ਕੰਟਰੋਲ ਤੋਂ ਮੁਕਤ, ਅਣਗੌਲ਼ਿਆ ਤੇ ਸੁਰੱਖਿਅਤ ਰਹਿ ਕੇ ਹੋ ਸਕਦਾ ਹੈ, ਆਪਣੀਆਂ ਖਿੱਲਰੀਆਂ ਪੁਲਰੀਆਂ ਸ਼ਕਤੀਆਂ ਨੂੰ ਇਕੱਠਾ ਕਰੇ, ਉਹਨੂੰ ਸੰਵਾਰੇ ਅਤੇ ਮੁੜ ਕੇ ਸਾਰੇ ਦੇਸ਼ ਉੱਤੇ ਆਪਣੀਆਂ ਸਾਜ਼ਸ਼ਾਂ ਦੇ ਜਾਲ ਨੂੰ ਫੈਲਾ ਦੇਵੇ। ਰਾਦੇਤਜ਼ਕੀ ਨਾਲ਼, ਜੇਲਾਚਿਚ ਨਾਲ਼, ਅਤੇ ਵਿਨਡਿਸਸ਼ਗਰਾਤਜ਼ ਨਾਲ਼ ਅਤੇ ਵੱਖ ਵੱਖ ਪ੍ਰਾਂਤਾਂ ਦੀ ਮਜ਼ਹਬੀ ਪ੍ਰਬੰਧਸ਼ਾਹੀ ਵਿਚਲੇ ਭਰੋਸੇਯੋਗ ਬੰਦਿਆਂ ਦੇ ਨਾਲ਼ ਵੀ ਸੰਚਾਰ ਸਾਧਨ ਮੁੜ ਕੇ ਚਾਲੂ ਹੋ ਗਏ ਸਨ; ਸਲਾਵੋਨਿਕ ਮੁਖੀਆਂ ਨਾਲ਼ ਸਾਜ਼ਸ਼ਾਂ ਘੜੀਆਂ ਗਈਆਂ ਅਤੇ ਇਸ ਤਰ੍ਹਾਂ ਉਲਟ-ਇਨਕਲਾਬੀ ਜੁੰਡਲੀ ਦੇ ਅਧੀਨ ਇੱਕ ਅਸਲੀ ਸ਼ਕਤੀ ਦੀ ਸਿਰਜਣਾ ਹੋ ਗਈ, ਜਦ ਕਿ ਵੀਆਨਾ ਵਿੱਚ ਨਿਪੁੰਸਕ ਵਜ਼ੀਰ ਇਨਕਲਾਬੀ ਜਨਸਮੂਹਾਂ ਨਾਲ਼ ਲਗਾਤਾਰ ਬਹਿਸ ਤੇ ਝਗੜੇ ਵਿੱਚ ਅਤੇ ਆਉਣ ਵਾਲ਼ੀ ਵਿਧਾਨ ਸਭਾ ਦੀਆਂ ਬਹਿਸਾਂ ਵਿੱਚ ਆਪਣੀ ਥੁੜ੍ਹਚਿਰੀ ਤੇ ਕਮਜ਼ੋਰ ਪ੍ਰਸਿੱਧੀ ਨੂੰ ਅਜ਼ਾਈਂ ਗਵਾ ਰਹੀ ਸੀ। ਸੋ, ਰਾਜਧਾਨੀ ਦੀ ਲਹਿਰ ਨੂੰ ਕੁੱਝ ਸਮੇਂ ਲਈ ਆਪਣੇ ਆਪ ਉੱਤੇ ਛੱਡਣ ਦੀ ਨੀਤੀ, ਨੀਤੀ ਜੋ ਲਹਿਰ ਚਲਾਉਣ ਵਾਲ਼ੀ ਪਾਰਟੀ ਨੂੰ ਫ਼ਰਾਂਸ ਵਰਗੇ ਇੱਕ ਕੇਂਦਰਿਤ ਤੇ ਸਜਾਤੀ ਦੇਸ਼ ਵਿੱਚ ਸਰਬ-ਸ਼ਕਤੀਮਾਨਤਾ ਵੱਲ, ਇੱਥੇ ਅਸਟਰੀਆ ਵਿੱਚ, ਇੱਕ ਵੰਨਸੁਵੰਨੇ ਰਾਜਨੀਤਕ ਢੇਰ ਵਿੱਚ ਲੈ ਜਾਂਦੀ, ਪਿਛਾਂਹਖਿਚੂਆਂ ਦੀ ਤਾਕਤ ਨੂੰ ਮੁੜ ਜੱਥੇਬੰਦ ਕਰਨ ਦਾ ਇੱਕ ਸਭ ਤੋਂ ਵੱਧ ਸੁਰੱਖਿਅਤ ਸਾਧਨ ਸੀ।

---

* ਫ਼ੈਰਡੀਨੰਡ ਪਹਿਲਾ-ਸੰਪਾਦਕ।

ਵੀਆਨਾ ਵਿੱਚ, ਮੱਧ ਸ਼੍ਰੇਣੀ, ਇਹ ਮੰਨਦਿਆਂ ਕਿ ਤਿੰਨ ਲਗਾਤਾਰ ਹਾਰਾਂ ਦੇ ਮਗਰੋਂ ਅਤੇ ਸਰਬਵਿਆਪੀ ਚੋਣ ਅਧਿਕਾਰ ਉੱਤੇ ਅਧਾਰਤ ਇੱਕ ਸੰਵਿਧਾਨ ਸਭਾ ਦੇ ਸਨਮੁੱਖ ਦਰਬਾਰੀ ਪਾਰਟੀ ਇੱਕ ਅਜਿਹੀ ਵਿਰੋਧੀ ਪਾਰਟੀ ਨਹੀਂ ਰਹੀ ਜਿਸ ਤੋਂ ਡਰਿਆ ਜਾਵੇ, ਉਸ ਥਕੇਵੇਂ ਤੇ ਬੇਦਿਲੀ ਵਿੱਚ ਅਤੇ ਅਮਨ ਚੈਨ ਤੇ ਸ਼ਾਂਤੀ ਲਈ ਉਸ ਸਦੀਵੀ ਚੀਕ ਚਿਹਾੜੇ ਵਿੱਚ ਵਧੇਰੇ ਤੋਂ ਵਧੇਰੇ ਡਿੱਗ ਪਈ ਜਿਸ ਨੇ ਘੋਰ ਹਫ਼ੜਾ ਦਫ਼ੜੀ ਤੇ ਫਿਰ ਵਪਾਰ ਦੀ ਬੇਤਰਤੀਬੀ ਦੇ ਮਗਰੋਂ ਇਸ ਜਮਾਤ ਨੂੰ ਹਰ ਥਾਂ ’ਤੇ ਜਕੜ ਲਿਆ ਹੈ। ਅਸਟਰੀਆ ਦੀ ਰਾਜਧਾਨੀ ਦੇ ਉਤਪਾਦਕਾਂ ਦਾ ਉਤਪਾਦਨ ਵਿਸ਼ੇਸ਼ ਤੌਰ ’ਤੇ ਐਸ਼ ਇਸ਼ਰਤ ਦੀਆਂ ਵਸਤਾਂ ਤੱਕ ਸੀਮਤ ਹੈ, ਜਿਨ੍ਹਾਂ ਵਸਤਾਂ ਦੀ ਮੰਗ, ਇਨਕਲਾਬ ਤੋਂ ਅਤੇ ਦਰਬਾਰ ਦੇ ਨਸ ਜਾਣ ਦੇ ਮਗਰੋਂ ਬਹੁਤ ਹੀ ਥੋੜ੍ਹੀ ਰਹਿ ਗਈ ਸੀ। ਸਰਕਾਰ ਦੇ ਇੱਕ ਬਾਕਾਇਦਾ ਪ੍ਰਬੰਧ ਦੀ ਵਾਪਸੀ ਲਈ ਚੀਕ ਚਿਹਾੜਾ, ਦੋਹਾਂ ਦੀ ਵਾਪਸੀ ਤੋਂ ਵਪਾਰਕ ਖ਼ੁਸ਼ਹਾਲੀ ਦੀ ਪੁਨਰ ਸੁਰਜੀਤੀ ਹੋਣ ਦੀ ਆਸ ਕੀਤੀ ਜਾਂਦੀ ਸੀ— ਇਹ ਚੀਕ ਚਿਹਾੜਾ ਹੁਣ ਮੱਧ ਸ਼੍ਰੇਣੀਆਂ ਵਿਚਾਲੇ ਆਮ ਗੱਲ ਹੋ ਗਈ ਸੀ। ਜੁਲਾਈ ਵਿੱਚ ਸੰਵਿਧਾਨ ਸਭਾ ਦੇ ਮਿਲਣ ਦਾ ਇਨਕਲਾਬੀ ਯੁੱਗ ਦੇ ਖ਼ਾਤਮੇ ਵਜੋਂ ਖ਼ੁਸ਼ੀ ਨਾਲ਼ ਸੁਆਗਤ ਕੀਤਾ ਗਿਆ, ਇਸ ਤਰ੍ਹਾਂ ਦਰਬਾਰ ਦੀ ਵਾਪਸੀ ਦਾ ਸੁਆਗਤ ਕੀਤਾ ਗਿਆ, ਜੋ ਇਟਲੀ ਵਿੱਚ ਰਾਟੇਤਜ਼ਕੀ ਦੀਆਂ ਜਿੱਤਾਂ ਮਗਰੋਂ ਅਤੇ ਡੋਬਲਹੋਫ਼ ਦੀ ਪਿਛਾਂਹਖਿਚੂ ਵਜ਼ਾਰਤ ਦੇ ਆਗਮਨ ਦੇ ਮਗਰੋਂ ਜਨਤਕ ਤੂਫ਼ਾਨ ਦਾ ਮੂੰਹ ਭੰਨਣ ਲਈ ਕਾਫ਼ੀ ਤਾਕਤਵਰ ਸਮਝਦੀ ਸੀ ਅਤੇ ਉਸੇ ਸਮੇਂ, ਜਿਸ ਦੀ, ਡੀਟ ਦੀ ਸਲਾਵੋਨਿਕ ਬਹੁਗਿਣਤੀ ਨਾਲ਼ ਸਾਜ਼ਸ਼ਾਂ ਪੂਰੀਆਂ ਕਰਨ ਲਈ ਵੀਆਨਾ ਵਿੱਚ ਜ਼ਰੂਰਤ ਸੀ। ਜਦ ਕਿ ਸੰਵਿਧਾਨਕ ਡੀਟ ਨੇ ਭੂਪਸ਼ਾਹੀ ਜਕੜ ਤੋਂ ਕਿਰਸਾਣੀ ਨੂੰ ਅਤੇ ਕੁਲੀਨ ਵਰਗ ਲਈ ਜਬਰੀ ਮਜ਼ਦੂਰੀ ਨੂੰ ਮੁਕਤ ਕਰਾਉਣ ਦੇ ਕਾਨੂੰਨ ਨੂੰ ਵਿਚਾਰਿਆ, ਦਰਬਾਰ ਨੇ ਭਰਪੂਰ ਵਾਰ ਪੂਰਾ ਕਰ ਲਿਆ। 19 ਅਗਸਤ ਨੂੰ ਸ਼ਹਿਨਸ਼ਾਹ ਨੇ ਕੌਮੀ ਗਾਰਡ ਦਾ ਨਿਰੀਖਣ ਕੀਤਾ; ਸ਼ਹਿਨਸ਼ਾਹੀ ਪਰਿਵਾਰ, ਦਰਬਾਰੀ, ਜਨਰਲ ਅਫ਼ਸਰ, ਹਥਿਆਰਬੰਦ ਸ਼ਹਿਰੀਆਂ ਦੀ ਚਾਪਲੂਸੀ ਕਰਨ ਵਿੱਚ ਇੱਕ ਦੂਜੇ ਨੂੰ ਪਿਛਾਂਹ ਛੱਡ ਗਏ, ਜਿਹੜੇ ਸ਼ਹਿਰੀ ਪਹਿਲਾਂ ਹੀ ਆਪਣੇ ਆਪ ਨੂੰ ਰਾਜ ਦੇ ਇੱਕ ਮਹੱਤਵਪੂਰਨ ਅਦਾਰੇ ਵਜੋਂ ਖੁੱਲ੍ਹੇ ਤੌਰ ’ਤੇ ਪ੍ਰਵਾਨ ਕੀਤੇ ਜਾ ਰਹੇ ਵੇਖ ਕੇ ਹੰਕਾਰ ਦੇ ਨਸ਼ੇ ਵਿੱਚ ਚੂਰ ਸਨ ਅਤੇ ਤੁਰੰਤ ਮਗਰੋਂ ਇੱਕ ਫ਼ਰਮਾਨ, ਜਿਸ ਉੱਤੇ ਵਜ਼ਾਰਤ ਦੇ ਇੱਕੋ ਇੱਕ ਪ੍ਰਸਿੱਧ ਵਜ਼ੀਰ ਐੱਮ. ਸ਼ਵਾਰਜ਼ੇਰ ਨੇ ਦਸਤਖ਼ਤ ਕੀਤੇ, ਪ੍ਰਕਾਸ਼ਤ ਕੀਤਾ ਗਿਆ, ਜਿਸ ਅਨੁਸਾਰ ਬੇਕਾਰ ਕਿਰਤੀਆਂ ਨੂੰ ਦਿੱਤੀ ਜਾ ਰਹੀ ਸਰਕਾਰੀ ਸਹਾਇਤਾ ਵਾਪਸ ਲੈ ਲਈ ਗਈ ਸੀ। ਇਹ ਦਾਅ ਸਫ਼ਲ ਹੋ ਗਿਆ; ਕਿਰਤੀ ਜਮਾਤਾਂ ਮੁਜ਼ਾਹਰੇ ਲਈ ਉੱਠ ਖਲ੍ਹੋਤੀਆਂ, ਮੱਧ-ਵਰਗੀ ਕੌਮੀ ਗਾਰਡਾਂ ਨੇ ਆਪਣੇ ਵਜ਼ੀਰ ਦੇ ਫ਼ਰਮਾਨ ਦੇ ਹੱਕ ਵਿੱਚ ਐਲਾਨ ਕੀਤਾ; ਉਹਨਾਂ ਨੇ “ਅਰਾਜਕਤਾਵਾਦੀਆਂ” ਉੱਤੇ ਹੱਲਾ ਬੋਲ ਦਿੱਤਾ, ਬੇਹਥਿਆਰੇ ਤੇ ਬੇਸਹਾਰੇ ਕਿਰਤੀ ਲੋਕ ਸ਼ੇਰਾਂ ਵਾਂਗ ਟੁੱਟ ਪਏ ਅਤੇ 23 ਅਗਸਤ ਨੂੰ ਉਹਨਾਂ ਦੀ ਵੱਡੀ ਗਿਣਤੀ ਨੂੰ ਤਹਿ ਤੇਗ਼ ਕਰ ਦਿੱਤਾ ਗਿਆ। ਸੋ ਇਨਕਲਾਬੀ ਸ਼ਕਤੀ ਦੀ ਏਕਤਾ ਤੇ ਤਾਕਤ ਟੁੱਟ ਗਈ; ਵੀਆਨਾ ਵਿੱਚ ਵੀ, ਬੁਰਜੂਆਜ਼ੀ ਤੇ ਪ੍ਰੋਲੇਤਾਰੀਆ ਵਿਚਾਲੇ ਜਮਾਤੀ ਜੱਦੋਜਹਿਦ ਨੇ ਇੱਕ ਖ਼ੂਨੀ ਲੜਾਈ ਦਾ ਰੂਪ ਧਾਰ ਲਿਆ

ਅਤੇ ਉਲਟ ਇਨਕਲਾਬੀ ਜੁੰਡਲੀ ਨੇ ਉਹ ਦਿਨ ਨੇੜੇ ਆਉਂਦਾ ਵੇਖ ਲਿਆ ਜਿਸ ਦਿਨ ਹੋ ਸਕਦਾ ਹੈ ਉਹ ਆਪਣਾ ਅਤਿ ਭਰਪੂਰ ਵਾਰ ਕਰੇ।

ਹੰਗਰੀ ਦੇ ਮਾਮਲਿਆਂ ਨੇ ਉਹਨਾਂ ਅਸੂਲਾਂ ਨੂੰ ਖੁੱਲ੍ਹੇ ਤੌਰ 'ਤੇ ਐਲਾਨਣ ਦਾ ਮੌਕਾ ਤੁਰੰਤ ਹੀ ਪ੍ਰਵਾਨ ਕਰ ਦਿੱਤਾ ਜਿਨ੍ਹਾਂ ਅਨੁਸਾਰ ਉਹ ਕਾਰਵਾਈ ਕਰਨਾ ਚਾਹੁੰਦੀ ਸੀ। 5, ਅਕਤੂਬਰ ਨੂੰ ਵੀਆਨਾ ਦੇ **ਸਰਕਾਰੀ ਗ਼ਜ਼ਟ** ਵਿੱਚ ਇੱਕ ਸ਼ਾਹੀ ਫ਼ਰਮਾਨ—ਜਿਸ ਉੱਤੇ ਹੰਗਰੀ ਦੇ ਜ਼ਿੰਮੇਵਾਰ ਮੰਤਰੀਆਂ ਨੇ ਦਸਤਖ਼ਤ ਕੀਤੇ ਸਨ— ਨੇ ਹੰਗਰੀ ਦੀ ਡੀਟ ਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ ਅਤੇ ਕਰੋਸ਼ੀਆ ਦੇ ਬੈਨ ਜੇਲਚਿਚ ਨੂੰ ਉਸ ਦੇਸ਼ ਦਾ ਸ਼ਹਿਰੀ ਤੇ ਫ਼ੌਜੀ ਗਵਰਨਰ ਨਿਯੁਕਤ ਕਰ ਦਿੱਤਾ—ਜੇਲਾਚਿਚ, ਦੱਖਣੀ ਸਲਾਵੋਨਿਅਮ ਪਿਛਾਖੜ ਦਾ ਆਗੂ ਸੀ, ਉਹ ਬੰਦਾ ਜਿਸ ਨੇ ਹੰਗਰੀ ਦੇ ਕਾਨੂੰਨੀ ਅਧਿਕਾਰੀਆਂ ਨਾਲ਼ ਸਿਰ ਧੜ ਦੀ ਬਾਜ਼ੀ ਲਾਈ ਹੋਈ ਸੀ। ਉਸੇ ਸਮੇਂ ਵੀਆਨਾ ਵਿੱਚ ਫ਼ੌਜੀ ਦਸਤਿਆਂ ਨੂੰ ਬਾਹਰ ਨਿਕਲ ਆਉਣ ਤੇ ਇੱਕ ਫ਼ੌਜਾਂ ਦਾ ਇੱਕ ਭਾਗ ਬਣਾਉਣ ਦਾ ਹੁਕਮ ਦਿੱਤਾ ਗਿਆ, ਜਿਸ ਨੇ ਜੇਲਾਚਿਚ ਦੀ ਅਧਿਕਾਰ-ਸੱਤ੍ਹਾ ਨੂੰ ਮਜ਼ਬੂਤ ਬਣਾਉਣਾ ਸੀ। ਪਰ ਇਹ ਕਾਰਵਾਈ ਉਹਨਾਂ ਦੀ ਭੈੜੀ ਨੀਤ ਨੂੰ ਕਾਫ਼ੀ ਨੰਗਾ ਕਰਨ ਵਾਲੀ ਸੀ; ਵੀਆਨਾ ਵਿਚਲੇ ਹਰ ਬੰਦੇ ਨੇ ਮਹਿਸੂਸ ਕੀਤਾ ਕਿ ਹੰਗਰੀ ਨਾਲ਼ ਲੜਾਈ ਸੰਵਿਧਾਨਕ ਸਰਕਾਰ ਦੇ ਅਸੂਲ ਨਾਲ਼ ਲੜਾਈ ਸੀ, ਜਿਸ ਅਸੂਲ ਨੂੰ ਸ਼ਹਿਨਸ਼ਾਹ ਵੱਲੋਂ ਇੱਕ ਜ਼ਿੰਮੇਵਾਰ ਮੰਤਰੀ ਦੇ ਦਸਤਖ਼ਤਾਂ ਤੋਂ ਬਿਨਾਂ ਕਾਨੂੰਨੀ ਸ਼ਕਤੀ ਨਾਲ਼ ਹੁਕਮ ਤਿਆਰ ਕਰਨ ਦੇ ਯਤਨ ਰਾਹੀਂ ਉਸੇ ਹੁਕਮ ਵਿੱਚ ਹੀ ਪੈਰਾਂ ਹੇਠ ਲਿਤਾੜਿਆ ਗਿਆ ਸੀ। ਲੋਕ, ਐਕਾਦਮਿਕ ਲੀਜਨ, ਵੀਆਨਾ ਦੀ ਕੌਮੀ ਗਾਰਡ, 6, ਅਕਤੂਬਰ ਨੂੰ ਇਕੱਠੇ ਉੱਠ ਖਲੋਤੇ ਅਤੇ ਫ਼ੌਜਾਂ ਦੀ ਰਵਾਨਗੀ ਨੂੰ ਰੋਕਿਆ; ਕੁੱਝ ਹੱਥ ਗੋਲ਼ੇ ਸੁੱਟਣ ਵਾਲ਼ੇ ਫ਼ੌਜੀ ਲੋਕਾਂ ਵੱਲ ਆ ਗਏ : ਜਨਤਕ ਸ਼ਕਤੀਆਂ ਤੇ ਫ਼ੌਜਾਂ ਵਿਚਾਲੇ ਸੰਖੇਪ ਜਿਹੀ ਲੜਾਈ ਹੋਈ; ਲੋਕਾਂ ਨੇ ਜੰਗ ਦੇ ਵਜ਼ੀਰ, ਲੇਟੋਰ, ਨੂੰ ਕਤਲ ਕਰ ਦਿੱਤਾ ਅਤੇ ਸ਼ਾਮ ਤੱਕ ਲੋਕਾਂ ਨੇ ਜਿੱਤ ਪ੍ਰਾਪਤ ਕਰਨ ਲਈ। ਇਸ ਸਮੇਂ ਦੌਰਾਨ ਬੈਨ ਜੇਲਾਚਿਚ ਨੇ, ਜਿਸ ਨੂੰ ਸਤੂਹਲਵੀਈਸਨਬਰਗ* ਵਿੱਚ ਹਾਰ ਹੋਈ ਸੀ, ਵੀਆਨਾ ਦੇ ਨੇੜੇ ਜਰਮਨ-ਅਸਟਰਿਆਈ ਇਲਾਕੇ ਵਿੱਚ ਪਨਾਹ ਲੈ ਲਈ ਸੀ; ਵੀਆਨਾ ਦੇ ਜਿਹੜੇ ਫ਼ੌਜੀ ਦਸਤਿਆਂ ਨੇ ਉਸ ਦੀ ਹਿਮਾਇਤ ਲਈ ਕੂਚ ਕਰਨਾ ਸੀ, ਉਹਨਾਂ ਨੇ ਵਿਖਾਵੇ ਵਜੋਂ ਉਸ ਦੇ ਵਿਰੋਧੀ ਦੋਖੀ ਤੇ ਸਵੈ ਰੱਖਿਆ ਵਾਲ਼ੀ ਪੁਜ਼ੀਸ਼ਨ ਲੈ ਲਈ ਅਤੇ ਬਾਦਸ਼ਾਹ ਤੇ ਦਰਬਾਰ ਮੁੜ ਕੇ ਅੱਧ-ਸਲਾਵੋਨਿਕ ਇਲਾਕੇ ਉੱਤੇ, ਓਲਮੂਟਜ਼ ਵੱਲ ਦੌੜ ਗਏ।

ਪਰ ਓਲਮੂਟਜ਼ ਵਿੱਚ ਦਰਬਾਰ ਨੇ ਆਪਣੇ ਆਪ ਨੂੰ ਇਨਸਪਰੁਕ ਵਿਚਲੇ ਹਾਲਾਤ ਤੋਂ ਬਹੁਤ ਹੀ ਵੱਖਰੇ ਹਾਲਾਤ ਵਿੱਚ ਵੇਖਿਆ। ਹੁਣ ਉਹ ਇਨਕਲਾਬ ਦੇ ਵਿਰੁੱਧ ਮੁਹਿੰਮ ਚਲਾਉਣ ਦੀ ਸਥਿਤੀ ਵਿੱਚ ਸੀ। ਉਹ ਸੰਵਿਧਾਨ ਸਭਾ ਦੇ ਸਲਾਵੋਨਿਆਈ ਡਿਪਟੀਆਂ ਨਾਲ਼ ਜਿਹੜੇ ਓਲਮੂਟਜ਼ ਵਿੱਚ ਭਾਰੀ ਗਿਣਤੀ ਵਿੱਚ ਇਕੱਠੇ ਹੋ ਗਏ ਸਨ ਅਤੇ ਬਾਦਸ਼ਾਹੀ

* ਹੰਗੇਰਿਆਈ ਨਾਂਅ : SzÈkesfehÈrvar-ਸੰਪਾਦਕ।

ਦੇ ਸਾਰੇ ਭਾਗਾਂ ਵਿੱਚੋਂ ਆਏ ਸਲਾਵੋਨਿਆਈ ਉਤਸ਼ਾਹੀ ਲੋਕਾਂ ਨਾਲ਼ ਘਿਰਿਆ ਹੋਇਆ ਸੀ। ਉਹਨਾਂ ਦੀਆਂ ਨਜ਼ਰਾਂ ਵਿੱਚ ਮੁਹਿੰਮ ਸਲਾਵੋਨਿਆਈ ਬਹਾਲੀ ਦੀ ਅਤੇ ਉਸ ਧਰਤੀ ਉੱਤੇ ਜਿਸ ਨੂੰ ਸਲਾਵੋਨਿਆਈ ਸਮਝਿਆ ਜਾਂਦਾ ਸੀ, ਘੁਸਪੈਠੀਆਂ ਦੇ, ਜਰਮਨ ਦੇ ਮਾਗਯਾਰ ਦੇ ਵਿਰੁੱਧ ਖ਼ਾਤਮੇ ਦੀ ਜੰਗ ਸੀ। ਵਿਨਡਿਸਚਗਰਾਟਜ਼, ਪਰਾਗ ਦੇ ਜੇਤੂ, ਜੋ ਹੁਣ ਉਸ ਫ਼ੌਜ ਦੀ ਕਮਾਂਡਰ ਸੀ ਜੋ ਵੀਆਨਾ ਦੇ ਆਲ਼ੇ ਦੁਆਲ਼ੇ ਇਕੱਤਰ ਸੀ, ਝੱਟ ਹੀ ਸਲਾਵੋਨਿਆਈ ਕੌਮੀਅਤ ਦਾ ਹੀਰੋ ਬਣ ਗਿਆ ਅਤੇ ਉਸ ਦੀ ਫ਼ੌਜ ਤੇਜ਼ੀ ਨਾਲ਼ ਸਾਰੇ ਪਾਸਿਆਂ ਤੋਂ ਇੱਕ ਥਾਂ ਇਕੱਤਰ ਹੋ ਗਈ। ਬੋਹੇਮੀਆ, ਮੋਰਾਵੀਆ, ਸਟੀਰੀਆ, ਅਪਰ ਅਸਟਰੀਆ ਅਤੇ ਇਟਲੀ ਤੋਂ, ਰੈਜਮੈਂਟਾਂ ਦੀਆਂ ਰੈਜਮੈਂਟਾਂ ਉਹਨਾਂ ਰਾਹਾਂ ਤੋਂ ਜੋ ਵੀਆਨਾ ਵੱਲ ਆਉਂਦੇ ਸਨ, ਜੇਲਾਚਿਚ ਦੀਆਂ ਫ਼ੌਜਾਂ ਨਾਲ਼ ਅਤੇ ਰਾਜਧਾਨੀ ਦੀ ਸਾਬਕ ਰੱਖਿਆ ਸੈਨਾ ਨਾਲ਼ ਮਿਲਣ ਲਈ ਕੂਚ ਕਰ ਕੇ ਆ ਗਈਆਂ। ਅਕਤੂਬਰ ਦੇ ਅਖ਼ੀਰ ਤੱਕ ਕੋਈ ਦਸ ਹਜ਼ਾਰ ਜਵਾਨ ਇਕੱਤਰ ਹੋ ਗਏ ਅਤੇ ਛੇਤੀ ਹੀ ਉਹਨਾਂ ਨੇ ਸ਼ਾਹੀ ਸ਼ਹਿਰ ਦੇ ਹਰ ਪਾਸੇ ਘੇਰਾ ਪਾ ਲਿਆ, ਅਖ਼ੀਰ 30 ਅਕਤੂਬਰ ਨੂੰ ਉਹ ਨਿਰਣਾਇਕ ਹੱਲਾ ਬੋਲਣ ਲਈ ਕਾਫ਼ੀ ਅਗਾਂਹ ਵੱਧ ਆਏ।

ਇਸੇ ਸਮੇਂ ਦੌਰਾਨ ਵੀਆਨਾ ਵਿੱਚ ਘਬਰਾਹਟ ਤੇ ਨਿਰਾਸਤਾ ਪਸਰੀ ਹੋਈ ਸੀ। ਜਿਵੇਂ ਹੀ ਜਿੱਤ ਪ੍ਰਾਪਤ ਹੋਈ, ਮੱਧ ਸ਼੍ਰੇਣੀ ਨੇ "ਅਰਾਜਕ" ਕਿਰਤੀ ਜਮਾਤਾਂ ਦੇ ਵਿਰੁੱਧ ਮੁੜ ਕੇ ਆਪਣੀ ਪੁਰਾਣੀ ਬੇਭਰੋਸਗੀ ਗ੍ਰਹਿਣ ਕਰ ਲਈ, ਕਿਰਤੀ ਜਿਨ੍ਹਾਂ ਨੂੰ ਛੇ ਹਫ਼ਤੇ ਪਹਿਲਾਂ ਹਥਿਆਰਬੰਦ ਵਪਾਰੀਆਂ ਅਤੇ ਬਹੁਤ ਕਰਕੇ ਮੱਧ ਸ਼੍ਰੇਣੀ ਦੀ ਅਸਥਿਰ ਤੇ ਡਾਵਾਂਡੋਲ ਨੀਤੀ ਹੱਥੋਂ ਹੋਇਆ ਸਲੂਕ ਅਜੇ ਚੇਤੇ ਸੀ, ਸ਼ਹਿਰ ਦੀ ਹਿਫ਼ਾਜ਼ਤ ਬਾਰੇ ਉਹਨਾਂ ਉੱਤੇ ਭਰੋਸਾ ਕਰਨ ਨੂੰ ਤਿਆਰ ਨਹੀਂ ਸਨ ਅਤੇ ਉਹਨਾਂ ਨੇ ਆਪਣੇ ਲਈ ਹਥਿਆਰ ਅਤੇ ਫ਼ੌਜੀ ਜੱਥੇਬੰਦੀ ਦੀ ਮੰਗ ਕੀਤੀ। ਅਕਾਦਮਿਕ ਲੀਜਨ, ਜੋ ਸ਼ਾਹੀ ਆਪਹੁਦਰਾਸ਼ਾਹੀ ਦੇ ਵਿਰੁੱਧ ਜਦੋਜਹਿਦ ਲਈ ਉਤਸ਼ਾਹ ਭਰਪੂਰ ਸੀ, ਦੋ ਜਮਾਤਾਂ ਦੀ ਖਿੱਚੋਤਾਣ ਦੇ ਖ਼ਾਸੇ ਨੂੰ ਸਮਝਣ ਦੇ ਜਾਂ ਫਿਰ ਹਾਲਤ ਦੀਆਂ ਜ਼ਰੂਰਤਾਂ ਨੂੰ ਜਾਣਨ ਦੇ ਬਿਲਕੁਲ ਯੋਗ ਨਹੀਂ ਸੀ। ਲੋਕ ਮਨਾਂ ਵਿੱਚ ਘਬਰਾਹਟ ਸੀ, ਹਾਕਮ ਕੌਂਸਲਾਂ ਵਿੱਚ ਪ੍ਰੇਸ਼ਾਨੀ ਸੀ। ਡੀਟ ਦੀ ਰਹਿੰਦ ਖੂੰਹਦ, ਜਰਮਨ ਡਿਪਟੀ ਅਤੇ ਕੁੱਝ ਕੁ ਸਲਾਵੋਨਿਆਈ, ਜੋ ਲਿਮੂਟਜ਼ ਵਿੱਚ ਆਪਣੇ ਦੋਸਤਾਂ ਲਈ ਜਾਸੂਸੀ ਕਰ ਰਹੇ ਸਨ, ਇਹਨਾਂ ਤੋਂ ਉਪਰੰਤ ਕੁਝ ਕੁ ਵਧੇਰੇ ਇਨਕਲਾਬੀ ਪੋਲਿਸ਼ ਡਿਪਟੀ, ਦ੍ਰਿੜਤਾ ਨਾਲ਼ ਭਾਗ ਲੈਣ ਦੀ ਥਾਂ ਅਟੰਕ ਤੌਰ 'ਤੇ ਬੈਠੇ ਹੋਏ ਸਨ, ਉਹ ਵਿਧਾਨਕ ਰਵਾਇਤਾਂ ਦੀਆਂ ਹੱਦਾਂ ਨੂੰ ਉਲੰਘੇ ਬਿਨਾਂ ਸ਼ਾਹੀ ਫ਼ੌਜ ਦਾ ਟਾਕਰਾ ਕਰਨ ਦੀ ਸੰਭਾਵਨਾ ਬਾਰੇ ਫ਼ਜ਼ੂਲ ਬਹਿਸਾਂ ਵਿੱਚ ਸਮਾਂ ਨਸ਼ਟ ਕਰ ਰਹੇ ਸਨ। ਵੀਆਨਾ ਦੇ ਲਗਭਗ ਸਾਰੇ ਹੀ ਜਨਤਕ ਅਦਾਰਿਆਂ ਦੇ ਡਿਪਟੀਆਂ 'ਤੇ ਅਧਾਰਤ ਰੱਖਿਆ ਦੀ ਕਮੇਟੀ ਨੇ ਭਾਵੇਂ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ, ਪਰ ਅਜੇ ਵੀ ਇਸ ਵਿੱਚ ਸ਼ਹਿਰੀਆਂ ਤੇ ਛੋਟੇ ਵਪਾਰੀਆਂ ਦੀ ਬਹੁਗਿਣਤੀ ਭਾਰੂ ਸੀ ਜੋ ਉਸ ਨੂੰ ਕਾਰਵਾਈ ਦੀ ਕੋਈ ਵੀ ਨਿਸ਼ਚਿਤ ਤੇ ਸ਼ਕਤੀਸ਼ਾਲੀ ਨੀਤੀ ਅਪਣਾਉਣ ਦੀ ਆਗਿਆ ਕਦੇ ਨਹੀਂ ਦੇਂਦੇ। ਐਕਾਦਮਿਕ ਲੀਜਨ ਦੀ ਕੌਂਸਲ ਨੇ ਬੜੇ ਜੁਝਾਰ ਮਤੇ ਪਾਸ ਕੀਤੇ, ਪਰ ਉਹ ਅਗਵਾਈ ਕਰਨ ਦੇ ਕਿਸੇ ਵੀ ਤਰ੍ਹਾਂ ਯੋਗ ਨਾ ਸੀ। ਕਿਰਤੀ ਜਮਾਤਾਂ, ਜੋ ਬੇਹਥਿਆਰ, ਗ਼ੈਰਜੱਥੇਬੰਦ ਤੇ

ਬੇਵਿਸ਼ਵਾਸ਼ ਸਨ, ਜੋ ਪੁਰਾਣੇ ਪ੍ਰਬੰਧ ਦੀ ਬੌਧਿਕ ਜਕੜ ਤੋਂ ਅਜੇ ਪੂਰੀ ਤਰ੍ਹਾਂ ਮੁਕਤ ਨਹੀਂ ਸਨ ਹੋਈਆਂ, ਪੂਰੀ ਤਰ੍ਹਾਂ ਗਿਆਨਵਾਨ ਨਹੀਂ ਸਨ ਹੋਈਆਂ, ਸਗੋਂ ਉਹਨਾਂ ਨੂੰ ਸਮਾਜਕ ਸਥਿਤੀ ਤੇ ਸਹੀ ਰਾਜਨੀਤਕ ਲਾਈਨ ਬਾਰੇ ਮਹਿਜ਼ ਸੋਘ ਹੀ ਸੀ, ਆਪਣੀ ਹੋਂਦ ਨੂੰ ਕੇਵਲ ਮੁਜ਼ਾਹਰਿਆਂ ਰਾਹੀਂ ਹੀ ਜਤਾ ਸਕੀਆਂ ਸਨ ਅਤੇ ਉਹਨਾਂ ਤੋਂ ਉਸ ਘੜੀ ਦੀਆਂ ਔਕੜਾਂ ਨਾਲ਼ ਸਿੱਝਣ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਪਰ ਉਹ, ਜਿਵੇਂ ਹੀ ਉਹਨਾਂ ਨੂੰ ਹਥਿਆਰ ਪ੍ਰਾਪਤ ਹੁੰਦੇ, ਉਸੇ ਤਰ੍ਹਾਂ ਆਖ਼ਰੀ ਦਮ ਤੱਕ ਲੜਨ ਲਈ ਤਿਆਰ ਸਨ ਜਿਵੇਂ ਜਰਮਨੀ ਵਿੱਚ ਇਨਕਲਾਬ ਦੇ ਦੌਰਾਨ।

ਵੀਆਨਾ ਵਿੱਚ ਸਥਿਤੀ ਇਹੋ ਜਿਹੀ ਸੀ। ਬਾਹਰ, ਮੁੜ ਕੇ ਜੱਥੇਬੰਦ ਹੋਈ ਅਸਟਰੀਆ ਦੀ ਫ਼ੌਜ, ਇਟਲੀ ਵਿੱਚ ਰਾਟੇਤਜ਼ਕੀ ਦੀਆਂ ਜਿੱਤਾਂ ਨਾਲ਼ ਬਾਗੋ ਬਾਗ ਸੀ; ਇਸ ਵਿੱਚ ਸੱਠ ਜਾਂ ਸੱਤਰ ਹਜ਼ਾਰ ਜਵਾਨ ਸਨ ਜੋ ਚੰਗੀ ਤਰ੍ਹਾਂ ਹਥਿਆਰਬੰਦ, ਚੰਗੀ ਤਰ੍ਹਾਂ ਜੱਥੇਬੰਦ ਸਨ, ਭਾਵੇਂ ਉਹਨਾਂ ਦੀ ਕਮਾਨ ਚੰਗੀ ਨਹੀਂ ਸੀ, ਪਰ ਘੱਟੋ ਘੱਟ ਉਹਨਾਂ ਦੇ ਕਮਾਂਡਰ ਜ਼ਰੂਰ ਸਨ। ਅੰਦਰ, ਘਬਰਾਹਟ, ਜਮਾਤੀ ਵੰਡ ਤੇ ਗੜਬੜ ਸੀ; ਇੱਕ ਕੌਮੀ ਗਾਰਡ ਸੀ ਜਿਸ ਦੇ ਇੱਕ ਭਾਗ ਨੇ ਉੱਕਾ ਨਾ ਲੜਨ ਦਾ ਫ਼ੈਸਲਾ ਕਰ ਲਿਆ ਸੀ; ਇੱਕ ਹਿੱਸਾ ਜੱਕੋਤਕੀ ਵਿੱਚ ਸੀ ਅਤੇ ਬਿਲਕੁਲ ਛੋਟਾ ਜਿਹਾ ਇੱਕ ਹਿੱਸਾ ਲੜਨ ਨੂੰ ਤਿਆਰ ਸੀ; ਇੱਕ ਪ੍ਰੋਲੇਤਾਰੀ ਸਮੂਹ, ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਸੀ, ਪਰ ਆਗੂ ਤੋਂ ਬਿਨਾਂ, ਕਿਸੇ ਰਾਜਨੀਤਕ ਸਿੱਖਿਆ ਤੋਂ ਬਗ਼ੈਰ, ਬਿਨਾਂ ਕਿਸੇ ਕਾਰਨ ਦੇ ਡਰ ਤੇ ਰੋਹ ਦੇ ਦੌਰਿਆਂ ਦੇ, ਫੈਲਾਈ ਜਾਂਦੀ ਹਰ ਝੂਠੀ ਅਫ਼ਵਾਹ ਦੇ ਸ਼ਿਕਾਰ, ਲੜਨ ਲਈ ਤਿਆਰ ਸਨ, ਘੱਟੋ ਘੱਟ ਅਰੰਭ ਵਿੱਚ ਬੇਹਥਿਆਰੇ ਸਨ ਅਤੇ ਜਦੋਂ ਉਹ ਲੜਨ ਲਈ ਨਿੱਤਰੇ ਤਾਂ ਉਹ ਅਧੂਰੇ ਹਥਿਆਰਬੰਦ ਤੇ ਨਾਂ ਦੇ ਜੱਥੇਬੰਦ ਸਨ; ਇੱਕ ਨਿਆਸਰੀ ਡੀਟ ਸੀ, ਜਦੋਂ ਛੱਤ ਉਸ ਦੇ ਸਿਰ ਉੱਤੇ ਸੜ ਰਹੀ ਸੀ, ਉਹ ਸਿਧਾਂਤਕ ਚੁੰਝ ਚਰਚਾ ਵਿੱਚ ਗ਼ਲਤਾਨ ਸੀ; ਇੱਕ ਆਗੂ ਕਮੇਟੀ ਸੀ ਜਿਸ ਵਿੱਚ ਕੋਈ ਉਤਸ਼ਾਹ ਤੇ ਜਾਨ ਨਹੀਂ ਸੀ। ਮਾਰਚ ਤੇ ਮਈ ਦੇ ਦਿਨਾਂ ਤੋਂ ਹਰ ਸ਼ੈਅ ਬਦਲ ਗਈ ਸੀ, ਜਦੋਂ ਉਲਟ ਇਨਕਲਾਬੀ ਧੜੇ ਵਿੱਚ ਹਰ ਪਾਸੇ ਘਬਰਾਹਟ ਪਸਰੀ ਹੋਈ ਸੀ ਅਤੇ ਜਦੋਂ ਇਨਕਲਾਬ ਰਾਹੀਂ ਪੈਦਾ ਹੋਈ ਸ਼ਕਤੀ ਹੀ ਜੱਥੇਬੰਦ ਸੀ। ਅਜਿਹੀ ਜੱਦੋਜਹਿਦ ਦੇ ਮਸਲੇ ਬਾਰੇ ਮੁਸ਼ਕਲ ਨਾਲ਼ ਹੀ ਸ਼ੱਕ ਕੀਤਾ ਜਾ ਸਕਦਾ ਸੀ ਅਤੇ ਜੇ ਥੋੜ੍ਹਾ ਬਹੁਤ ਸ਼ੱਕ ਹੋ ਵੀ ਸਕਦਾ ਸੀ ਤਾਂ ਉਸ ਦਾ ਨਿਰਣਾ 30 ਤੋਂ 31 ਅਕਤੂਬਰ ਤੇ ਪਹਿਲੀ ਨਵੰਬਰ ਦੀਆਂ ਘਟਨਾਵਾਂ ਨੇ ਕਰ ਦਿੱਤਾ ਸੀ।

ਲੰਡਨ, ਮਾਰਚ 1852.

# XII

## ਵੀਆਨਾ ਉੱਤੇ ਚੜ੍ਹਾਈ। ਵੀਆਨਾ ਦੀ ਗ਼ੱਦਾਰੀ

ਜਦੋਂ ਅਖ਼ੀਰ ਵਿਨਡਿਸਚਗਰਾਟਜ਼ ਦੀਆਂ ਇਕੱਤਰ ਹੋਈਆਂ ਫ਼ੌਜਾਂ ਨੇ ਵੀਆਨਾ ਉੱਤੇ ਹਮਲਾ ਸ਼ੁਰੂ ਕੀਤਾ ਤਾਂ ਉਸ ਦੇ ਟਾਕਰੇ ਲਈ ਜਿਹੜੀਆਂ ਫ਼ੌਜਾਂ ਲਿਆਂਦੀਆਂ ਜਾ ਸਕਦੀਆਂ ਸਨ, ਉਹ ਇਸ ਮੰਤਵ ਲਈ ਬਹੁਤ ਹੀ ਨਾ ਕਾਫ਼ੀ ਸਨ। ਕੌਮੀ ਗਾਰਡ ਦਾ ਕੇਵਲ ਇੱਕ ਭਾਗ ਹੀ ਮੋਰਚਾਬੰਦੀ 'ਤੇ ਲਿਆਂਦਾ ਜਾਣਾ ਸੀ। ਇਹ ਸਹੀ ਹੈ ਕਿ ਇੱਕ ਪ੍ਰੋਲੇਤਾਰੀ ਗਾਰਡ ਅਖ਼ੀਰ ਕਾਹਲੀ ਵਿੱਚ ਤਿਆਰ ਕੀਤੀ ਗਈ, ਪਰ ਵਸੋਂ ਦੇ ਵੱਡੀ ਗਿਣਤੀ ਵਿੱਚ, ਅਤਿ ਦਲੇਰ, ਬਹੁਤ ਹੀ ਸ਼ਕਤੀਸ਼ਾਲੀ ਭਾਗ ਦੀ ਪ੍ਰਾਪਤੀ ਲਈ ਯਤਨ ਵਿੱਚ ਦੇਰੀ ਹੋਣ ਦੇ ਕਾਰਨ, ਉਹ ਹਥਿਆਰਾਂ ਦੀ ਵਰਤੋਂ ਬਹੁਤ ਹੀ ਘੱਟ ਜਾਣਦਾ ਸੀ ਅਤੇ ਬੰਧੇਜ ਦੀਆਂ ਮੁੱਢਲੀਆਂ ਗੱਲਾਂ ਤੋਂ ਅਤੇ ਸਫ਼ਲਤਾ-ਪੂਰਨ ਮੁਕਾਬਲਾ ਕਰਨ ਤੋਂ ਅਣਜਾਣ ਸੀ। ਸੋ ਐਕਾਦਮਿਕ ਲੀਜ਼ਨ ਦੇ ਹੀ ਤਿੰਨ ਤੋਂ ਚਾਰ ਹਜ਼ਾਰ ਤਾਕਤਵਰ ਜਵਾਨ ਸਨ ਜੋ, ਫ਼ੌਜੀ ਤੌਰ 'ਤੇ ਕਿਸੇ ਹੱਦ ਤੱਕ ਚੰਗੀ ਤਰ੍ਹਾਂ ਸੁਸਿੱਖਿਅਤ ਤੇ ਬੰਧੇਜ ਵਾਲ਼ੇ, ਦਲੇਰ ਤੇ ਉਤਸ਼ਾਹੀ ਸਨ, ਕੇਵਲ ਇਹੋ ਸ਼ਕਤੀ ਸੀ ਜੋ ਆਪਣਾ ਕੰਮ ਸਫ਼ਲਤਾਪੂਰਨ ਢੰਗ ਨਾਲ਼ ਕਰਨ ਦੀ ਹਾਲਤ ਵਿੱਚ ਸੀ। ਪਰ ਕੁੱਝ ਕੁ ਭਰੋਸੇਯੋਗ ਕੌਮੀ ਗਾਰਡਾਂ ਸਮੇਤ ਅਤੇ ਹਥਿਆਰਬੰਦ ਪ੍ਰੋਲੇਤਾਰੀਆਂ ਦੇ ਬੌਂਦਲਾਏ ਹੋਏ ਸਮੂਹ ਸਮੇਤ ਉਹ ਵੀ ਕੀ ਸਨ, ਜਦ ਕਿ ਇਹਨਾਂ ਦੇ ਮੁਕਾਬਲੇ ਤੇ ਵਿਨਡਿਸਚਗਰਾਟਜ਼ ਦੀਆਂ ਬਾਕਾਇਦਾ ਫ਼ੌਜਾਂ ਕਿਤੇ ਬਹੁਤ ਵੱਡੀ ਗਿਣਤੀ ਵਿੱਚ ਸਨ ਤੇ ਇਹਨਾਂ ਦੇ ਨਾਲ਼ ਜੇਲਾਚਿਚ ਦੀਆਂ ਧਾੜਵੀ ਧਾੜਾਂ ਵੀ ਸਨ, ਇਹ ਧਾੜਾਂ ਆਪਣੀ ਆਦਤ ਅਨੁਸਾਰ ਘਰਾਂ ਤੇ ਗਲੀਆਂ ਬਾਜ਼ਾਰਾਂ ਵਿੱਚ ਲੜਾਈ ਲਈ ਬਹੁਤ ਹੀ ਲਾਹੇਵੰਦ ਸਨ ? ਅਤੇ ਬਾਗ਼ੀਆਂ ਕੋਲ਼ ਤੋਪਖ਼ਾਨੇ ਦੀਆਂ ਕੁੱਝ ਕੁ ਪੁਰਾਣੀਆਂ ਟੁੱਟੀਆਂ ਭੱਜੀਆਂ ਤੋਪਾਂ ਦਾ ਅਣਗਿਣਤ ਤੇ ਪਰੀਪੂਰਨ ਤੋਪਖ਼ਾਨੇ ਦੇ ਟਾਕਰੇ ਵਿੱਚ ਭਲਾ ਕੀ ਵੱਟਤ ਸੀ, ਜਿਸ ਤੋਪਖ਼ਾਨੇ ਦੀ ਵਿਨਡਿਸਚਗਰਾਟਜ਼ ਨੇ ਪੂਰੀ ਨਿਰਲੱਜਤਾ ਨਾਲ਼ ਵਰਤੋਂ ਕੀਤੀ ਸੀ ?

ਜਿਉਂ ਜਿਉਂ ਖ਼ਤਰਾ ਨੇੜੇ ਆਉਂਦਾ ਗਿਆ, ਤਿਉਂ ਤਿਉਂ ਵੀਆਨਾ ਵਿੱਚ ਹਫੜਾ ਦਫੜੀ ਵੱਧਦੀ ਗਈ। ਅਖ਼ੀਰੀ ਘੜੀ ਤੱਕ, ਡੀਟ ਪਰਸਜ਼ੇਲ ਦੀ ਹੰਗਰਿਆਈ ਫ਼ੌਜ ਨੂੰ ਬੁਲਾਉਣ ਦੀ ਕਾਫ਼ੀ ਸ਼ਕਤੀ ਇਕੱਠੀ ਨਾ ਕਰ ਸਕੀ, ਜਿਹੜੀ ਫ਼ੌਜ ਰਾਜਧਾਨੀ ਤੋਂ ਕੁੱਝ ਮੀਲਾਂ ਦੀ ਦੂਰੀ 'ਤੇ ਕੈਂਪ ਲਾਈ ਬੈਠੀ ਸੀ। **ਕਮੇਟੀ** ਨੇ ਸਵੈਵਿਰੋਧੀ ਮਤੇ ਪਾਸ ਕੀਤੇ, ਕਮੇਟੀ ਦੇ ਮੈਂਬਰ, ਜੋ ਆਮ ਜਨਤਕ ਹਥਿਆਰਬੰਦ ਸਮੂਹਾਂ ਵਾਂਗ ਅਫ਼ਵਾਹਾਂ ਤੇ ਉਲਟ-ਅਫ਼ਵਾਹਾਂ ਦੇ ਉਤਰਾਅ ਚੜ੍ਹਾਅ ਦੇ ਨਾਲ਼ ਨਾਲ਼ ਹੇਠ ਉੱਪਰ ਥਪੇੜੇ ਖਾ ਰਹੇ ਸਨ। ਕੇਵਲ ਇੱਕ ਚੀਜ਼ ਸੀ ਜਿਸ ਉੱਤੇ ਸਾਰੇ ਸਹਿਮਤ ਸਨ— ਜਾਇਦਾਦ ਦਾ ਆਦਰ ਕਰਨਾ ਅਤੇ ਅਜਿਹੇ ਸਮਿਆਂ ਵਿੱਚ ਇਸ ਦੀ ਹਾਸੋਹੀਣੀ ਹੱਦ ਤੱਕ ਪਾਲਣਾ ਕੀਤੀ ਜਾਂਦੀ ਸੀ। ਜਿੱਥੋਂ ਤੱਕ ਸਵੈਰੱਖਿਆ ਦਾ ਆਖ਼ਰੀ ਪ੍ਰਬੰਧ ਵੀ ਸ਼ਾਮਲ ਸੀ, ਇਸ ਬਾਰੇ ਬਹੁਤ ਹੀ ਘੱਟ ਕੀਤਾ ਗਿਆ ਸੀ। ਜੇ ਕੋਈ

ਵੀਆਨਾ ਨੂੰ ਬਚਾ ਸਕਦਾ ਸੀ ਤਾਂ ਉੱਥੇ ਮੌਜੂਦ ਬੈਮ ਨਾਂ ਦਾ ਵਿਅਕਤੀ ਸੀ, ਜੋ ਜਨਮ ਦਾ ਸਲਾਵੋਨਿਆਈ ਸੀ ਤੇ ਵੀਆਨਾ ਵਿੱਚ ਲਗਭਗ ਅਣਜਾਣਿਆ ਵਿਦੇਸ਼ੀ ਸੀ, ਪਰ ਉਸ ਨੇ ਇਹ ਕਾਰਜ ਤਿਆਗ ਦਿੱਤਾ ਕਿਉਂ ਜੋ ਇਹ ਵਿਸ਼ਵਵਿਆਪੀ ਬੇਭਰੋਸਗੀ ਤੋਂ ਪ੍ਰਭਾਵਤ ਹੋ ਗਿਆ ਸੀ। ਜੇ ਉਹ ਇਸ ਗੱਲ ’ਤੇ ਡਟਿਆ ਰਹਿੰਦਾ ਤਾਂ ਉਸ ਨੂੰ ਇੱਕ ਗ਼ੱਦਾਰ ਵਜੋਂ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ। ਬਾਗ਼ੀ ਫ਼ੌਜਾਂ ਦਾ ਕਮਾਂਡਰ, ਮੇਸਨਹਾਸਰ, ਜੋ ਇੱਕ ਛੋਟੇ ਫ਼ੌਜੀ ਅਫ਼ਸਰ ਨਾਲ਼ੋਂ ਵਧੇਰੇ ਇੱਕ ਨਾਵਲਕਾਰ ਸੀ, ਇਸ ਕਾਰਜ ਲਈ ਬਿਲਕੁਲ ਅਯੋਗ ਸੀ ਅਤੇ ਫਿਰ ਵੀ, ਅੱਠਾਂ ਮਹੀਨਿਆਂ ਦੀ ਇਨਕਲਾਬੀ ਜੱਦੋਜਹਿਦ ਦੇ ਮਗਰੋਂ ਜਨਤਕ ਪਾਰਟੀ ਉਸ ਨਾਲ਼ੋਂ ਵਧੇਰੇ ਯੋਗ ਕੋਈ ਫ਼ੌਜੀ ਅਫ਼ਸਰ ਪੈਦਾ ਜਾਂ ਪ੍ਰਾਪਤ ਨਾ ਕਰ ਸਕੀ। ਇਸ ਤਰ੍ਹਾਂ ਟੱਕਰ ਅਰੰਭ ਹੋ ਗਈ। ਵੀਆਨਾ ਦੇ ਵਾਸੀਆਂ ਨੇ, ਆਪਣੀ ਰੱਖਿਆ ਦੇ ਸਾਧਨਾਂ ਨੂੰ ਬਿਲਕੁਲ ਨਾ-ਕਾਫ਼ੀ ਸਮਝਦਿਆਂ, ਸਫ਼ਾਂ ਵਿੱਚ ਫ਼ੌਜੀ ਯੋਗਤਾ ਤੇ ਜੱਥੇਬੰਦੀ ਦੀ ਨਿਪਟ ਅਣਹੋਂਦ ਨੂੰ ਸਮਝਦਿਆਂ ਬੜੀ ਦਲੇਰੀ ਨਾਲ਼ ਮੁਕਾਬਲਾ ਕੀਤਾ। ਕਈ ਥਾਵਾਂ ’ਤੇ ਬੈਨ ਵੱਲੋਂ, ਜਦੋਂ ਕਮਾਨ ਉਸ ਦੇ ਹੱਥ ਵਿੱਚ ਸੀ, “ਆਖ਼ਰੀ ਜੁਆਨ ਤੱਕ ਮੋਰਚੇ ਦੀ ਰਾਖੀ ਕਰਨ” ਬਾਰੇ ਦਿੱਤੇ ਹੁਕਮਾਂ ਦੀ ਅੱਖਰ ਅੱਖਰ ਪਾਲਣਾ ਕੀਤੀ ਗਈ। ਪਰ ਤਾਕਤ ਭਾਰੂ ਹੋ ਗਈ। ਮੋਰਚੇ ਦੇ ਮਗਰੋਂ ਮੋਰਚਾ ਸ਼ਾਹੀ ਤੋਪਖ਼ਾਨੇ ਦੀ ਮਾਰ ਅੱਗੇ ਹੂੰਝਿਆ ਗਿਆ, ਜੋ ਬਾਹਰ ਦੀਆਂ ਬਸਤੀਆਂ ਦੇ ਮੁੱਖ ਬਜ਼ਾਰਾਂ ਵਿੱਚ ਬਣਾਏ ਗਏ ਸਨ ਅਤੇ ਦੂਜੇ ਦਿਨ ਦੀ ਲੜਾਈ ਦੀ ਸ਼ਾਮ ਨੂੰ ਕਰੋਟਾਂ ਨੇ ਪੁਰਾਣੇ ਸ਼ਹਿਰ ਦੀ ਢਲਵਾਨ ਦੇ ਸਾਹਮਣੇ ਘਰਾਂ ਦੇ ਲੜੇ ਉੱਤੇ ਕਬਜ਼ਾ ਕਰ ਲਿਆ। ਹੰਗਰੀ ਦੀ ਫ਼ੌਜ ਦਾ ਕਮਜ਼ੋਰ ਤੇ ਉੱਗੜ ਦੁੱਗੜ ਹਮਲਾ ਉੱਕਾ ਹੀ ਅਸਫ਼ਲ ਹੋ ਗਿਆ ਅਤੇ ਇੱਕ ਆਰਜ਼ੀ ਜੰਗਬੰਦੀ ਦੇ ਦੌਰਾਨ ਜਦ ਕਿ ਪੁਰਾਣੇ ਸ਼ਹਿਰ ਦੀਆਂ ਕੁੱਝ ਪਾਰਟੀਆਂ ਨੇ ਹਥਿਆਰ ਸੁੱਟ ਦਿੱਤੇ, ਜਦ ਕਿ ਦੂਜੀਆਂ ਨੇ ਜੱਕੋ ਤੱਕ ਵਿਖਾਈ ਤੇ ਘਬਰਾਹਟ ਫੈਲਾਈ, ਜਦੋਂ ਐਕਾਦਮਿਕ ਲੀਜਨ ਦੇ ਰਹੇ ਖਹੇ ਹਿੱਸਿਆਂ ਨੇ ਨਵੇਂ ਮੋਰਚੇ ਬਣਾ ਲਏ ਤਾਂ ਸਾਮਰਾਜੀ ਅੰਦਰ ਦਾਖ਼ਲ ਹੋ ਗਏ ਅਤੇ ਇਸ ਗੜਬੜ ਦੇ ਦੌਰਾਨ ਪੁਰਾਣਾ ਸ਼ਹਿਰ ਸਰ ਹੋ ਗਿਆ।

ਇਸ ਜਿੱਤ ਦੇ ਫ਼ੌਰੀ ਸਿੱਟੇ, ਮਾਰਸ਼ਲ ਲਾਅ ਰਾਹੀਂ ਜਬਰ ਤੇ ਫ਼ਾਂਸੀਆਂ, ਸਲਾਵੋਨਿਆਈ ਧਾੜਾਂ ਵੱਲੋਂ ਵੀਆਨਾ ਉੱਤੇ ਢਾਹੇ ਗਏ ਅਣਸੁਣੇ ਜ਼ੁਲਮ ਤੇ ਵਧੀਕੀਆਂ ਦਾ ਵਿਸਥਾਰ ਦੇਣ ਦੀ ਲੋੜ ਨਹੀਂ, ਇਹ ਚੰਗੀ ਤਰ੍ਹਾਂ ਜਾਣੀਆਂ ਜਾਂਦੀਆਂ ਹਨ। ਅਪ੍ਰੱਤਖ ਨਤੀਜੇ, ਵੀਆਨਾ ਵਿੱਚ ਇਨਕਲਾਬ ਦੀ ਹਾਰ ਰਾਹੀਂ ਜਰਮਨ ਮਾਮਲਿਆਂ ਨੂੰ ਦਿੱਤਾ ਗਿਆ ਬਿਲਕੁਲ ਨਵਾਂ ਮੋੜ, ਇਸ ਦੇ ਮਗਰੋਂ ਅਸੀਂ ਚੰਗੀ ਤਰ੍ਹਾਂ ਵੇਖਾਂਗੇ। ਵੀਆਨਾ ਉੱਤੇ ਚੜ੍ਹਾਈ ਰਾਹੀਂ ਕਬਜ਼ੇ ਦੇ ਸਬੰਧ ਵਿੱਚ ਦੋ ਨੁਕਤੇ ਵਿਚਾਰ ਗੋਚਰੇ ਰਹਿੰਦੇ ਹਨ। ਉਸ ਰਾਜਧਾਨੀ ਦੇ ਲੋਕਾਂ ਦੇ ਦੋ ਇਤਿਹਾਦੀ ਸਨ : ਹੰਗਰਿਆਈ ਤੇ ਜਰਮਨ ਲੋਕ। ਉਹ ਇਸ ਅਜ਼ਮਾਇਸ਼ ਦੀ ਘੜੀ ਕਿੱਥੇ ਸਨ ?

ਅਸਾਂ ਵੇਖਿਆ ਹੈ ਕਿ ਵੀਆਨਾ ਦੇ ਵਸਨੀਕ, ਜਿਨ੍ਹਾਂ ਵਿੱਚ ਨਵੇਂ ਅਜ਼ਾਦ ਹੋਏ ਲੋਕਾਂ ਦੀ ਪੂਰਨ ਉਦਾਰਤਾ ਸੀ, ਉਸ ਉਦੇਸ਼ ਲਈ ਉੱਠੇ ਸਨ, ਜੋ ਭਾਵੇਂ ਅੰਤਮ ਰੂਪ ਵਿੱਚ ਉਹਨਾਂ ਦਾ ਆਪਣਾ ਸੀ, ਪਰ ਪਹਿਲੀ ਹਾਲਤ ਵਿੱਚ ਤੇ ਸਭ ਤੋਂ ਪਹਿਲਾਂ ਹੰਗਰਿਆਈਆਂ

ਦਾ ਸੀ। ਇਸ ਦੀ ਥਾਂ ਕਿ ਅਸਟਰੀਆ ਦੀਆਂ ਫ਼ੌਜਾਂ ਹੰਗਰੀ ਵੱਲ ਕੂਚ ਕਰਦੀਆਂ, ਉਹਨਾਂ ਨੇ ਉਹਨਾਂ ਦਾ ਪਹਿਲਾ ਤੇ ਅਤਿਅੰਤ ਭਿਆਨਕ ਵਾਰ ਆਪਣੇ ਉੱਪਰ ਲੈਣ ਦੀ ਕੀਤੀ ਅਤੇ ਜਦੋਂ ਉਹ ਆਪਣੇ ਇਤਿਹਾਦੀਆਂ ਹੰਗਰਿਆਈਆਂ ਦੀ ਮਦਦ ਲਈ ਅਤੇ ਜੇਲਾਚਿਚ ਦੇ ਵਿਰੁੱਧ ਸਫ਼ਲਤਾ ਸਹਿਤ ਸਾਹਮਣੇ ਆਏ, ਉਸ ਨੂੰ ਵੀਆਨਾ ਵੱਲ ਹਿੱਕ ਦਿੱਤਾ ਅਤੇ ਉਹਨਾਂ ਦੀ ਜਿੱਤ ਰਾਹੀਂ ਉਸ ਤਾਕਤ ਨੂੰ ਮਜ਼ਬੂਤ ਕੀਤਾ ਜਿਸ ਨੇ ਉਸ ਨਗਰ ਉੱਤੇ ਹਮਲਾ ਕਰਨਾ ਸੀ। ਇਹਨਾਂ ਹਾਲਤਾਂ ਅਧੀਨ ਹੰਗਰੀ ਦਾ ਇਹ ਸਪੱਸ਼ਟ ਫ਼ਰਜ਼ ਬਣਦਾ ਸੀ ਕਿ ਉਹ ਬਿਨਾਂ ਕਿਸੇ ਢਿੱਲ ਦੇ ਅਤੇ ਆਪਣੇ ਵੱਸ ਵਿਚਲੀ ਸਾਰੀ ਤਾਕਤ ਨਾਲ਼ ਨਾ ਡੀਟ ਦੀ, ਨਾ ਹਿਫ਼ਾਜ਼ਤ ਲਈ ਕਮੇਟੀ ਦੀ ਜਾਂ ਵੀਆਨਾ ਦੇ ਕਿਸੇ ਹੋਰ ਅਦਾਰੇ ਦੀ, ਸਗੋਂ **ਵੀਆਨਾ ਦੇ ਇਨਕਲਾਬ** ਦੀ ਮੱਦਦ ਕਰਦਾ ਅਤੇ ਜੇ ਹੰਗਰੀ ਇਹ ਭੁੱਲ ਵੀ ਗਿਆ ਹੁੰਦਾ ਕਿ ਵੀਆਨਾ ਨੇ ਹੰਗਰੀ ਦੀ ਪਹਿਲੀ ਲੜਾਈ ਲੜੀ ਸੀ ਤਾਂ ਵੀ ਉਸ ਨੂੰ ਆਪਣੀ ਹਿਫ਼ਾਜ਼ਤ ਲਈ ਹੀ ਨਹੀਂ ਸੀ ਭੁੱਲਣਾ ਚਾਹੀਦਾ ਕਿ ਵੀਆਨਾ ਹੰਗਰੀ ਦੀ ਸੁਤੰਤਰਤਾ ਦੀ ਇੱਕੋ ਇੱਕ ਚੌਕੀ ਸੀ ਅਤੇ ਕਿ ਵੀਆਨਾ ਫ਼ਤਿਹ ਹੋ ਜਾਣ ਮਗਰੋਂ ਕੋਈ ਉਸ ਦੇ ਵਿਰੁੱਧ ਸ਼ਾਹੀ ਫ਼ੌਜਾਂ ਦੀ ਚੜ੍ਹਤ ਨੂੰ ਨਹੀਂ ਸੀ ਰੋਕ ਸਕਦਾ। ਹੁਣ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਸਾਰੇ ਹੰਗਰਿਆਈ ਸੱਭਿਆ ਵੀਆਨਾ ਉੱਤੇ ਚੜ੍ਹਾਈ ਤੇ ਨਾਕਾਬੰਦੀ ਦੇ ਦੌਰਾਨ ਆਪਣੀ ਗੈਰ- ਸਰਗਰਮੀ ਦੇ ਹੱਕ ਵਿੱਚ ਕਹਿ ਸਕਦੇ ਹਨ ਤੇ ਇਹ ਉਨ੍ਹਾਂ ਆਖਿਆ ਹੈ: ਉਨ੍ਹਾਂ ਦੀ ਆਪਣੀ ਫੌਜ ਦੀ ਮੰਦੀ ਹਾਲਤ, ਡੀਟ ਜਾਂ ਵੀਆਨਾ ਦੇ ਕਿਸੇ ਹੋਰ ਅਦਾਰੇ ਵੱਲੋਂ ਉਨ੍ਹਾਂ ਨੂੰ ਬੁਲਾਉਣ ਤੋਂ ਇਨਕਾਰ, ਸੰਵਿਧਾਨਕ ਅਧਾਰ ਨੂੰ ਬਣਾਈ ਰੱਖਣ ਦੀ ਜ਼ਰੂਰਤ ਅਤੇ ਜਰਮਨ ਕੇਂਦਰੀ ਸੱਤ੍ਹਾ ਨਾਲ਼ ਵਿਗਾੜ ਤੋਂ ਬਚਣਾ। ਪਰ ਤੱਥ ਇਹ ਹੈ, ਜਿੱਥੋਂ ਤੱਕ ਹੰਗਰੀ ਦੀ ਫੌਜ ਦੀ ਮੰਦੀ ਹਾਲਤ ਦਾ ਸਬੰਧ ਹੈ, ਕਿ ਵੀਆਨਾ ਦੇ ਇਨਕਲਾਬ ਅਤੇ ਜੇਲਾਚਿਚ ਦੀ ਆਮਦ ਦੇ ਪਹਿਲੇ ਦਿਨਾਂ ਦੇ ਮਗਰੋਂ ਬਕਾਇਦਾ ਫੌਜਾਂ ਦੇ ਰੂਪ ਵਿੱਚ ਕੁਝ ਨਹੀਂ ਸੀ ਚਾਹੀਦਾ, ਕਿਉਂਜੋ ਅਸਟਰੀਆ ਦੀਆਂ ਬਾਕਾਇਦਾ ਫੌਜਾਂ ਕੇਂਦਰਤ ਹੋਣ ਤੋਂ ਬਹੁਤ ਦੂਰ ਸਨ ਅਤੇ ਕਿ ਜੇਲਾਚਿਚ ਦੇ ਉੱਪਰ ਪਹਿਲੀ ਬਿਹਤਰੀ ਲਈ ਦਲੇਰ ਤੇ ਅਝੱਕ ਪਹਿਲਕਦਮੀ ਸੀ, ਇੱਥੋਂ ਤੱਕ ਲੈਂਡ ਸਟੂਰਮ (Land sturm), ਜੋ ਸਟੂਹਲਵੀਸਨਬਰਗ ਵਿੱਚ ਲੜੀ ਸੀ, ਨਾਲ਼ ਹੀ ਵੀਅਨਾ ਦੇ ਵਸਨੀਕਾਂ ਨਾਲ਼ ਮਿਲਣ ਲਈ ਅਤੇ ਅਸਟਰੀਆ ਦੀ ਫੌਜ ਨੂੰ ਇੱਕ ਥਾਂ ’ਤੇ ਕੇਂਦਰਤ ਹੋਣ ਦੇ ਦਿਨ ਨੂੰ ਛੇ ਮਹੀਨੇ ਅੱਗੇ ਪਾਉਣ ਲਈ ਕਾਫੀ ਸੀ। ਜੰਗ ਵਿੱਚ ਅਤੇ ਵਿਸ਼ੇਸ਼ ਤੌਰ ’ਤੇ ਇਨਕਲਾਬੀ ਲੜਾਈ ਵਿੱਚ, ਜਦੋਂ ਤੱਕ ਇੱਕ ਨਿਰਣਾਇਕ ਲਾਭ ਨਾ ਉਠਾਇਆ ਜਾਵੇ, ਹਮਲੇ ਦੀ ਤੀਖਣਤਾ ਪਹਿਲ ਨੇਮ ਹੈ ਅਤੇ ਸਾਨੂੰ ਇਹ ਕਹਿਣ ਵਿੱਚ ਕੋਈ ਜੱਕੋਤੱਕੀ ਨਹੀਂ ਅਤੇ ਕਿ **ਮਹਿਜ਼ ਅਧਾਰ** ’ਤੇ ਪਰਸਜ਼ੇਲ ਨੂੰ ਉਦੋਂ ਤੱਕ ਰੁਕਣਾ ਨਹੀਂ ਸੀ ਚਾਹੀਦਾ ਜਦੋਂ ਤੱਕ ਉਹ ਵੀਆਨਾ ਦੇ ਵਸਨੀਕਾਂ ਨਾਲ਼ ਸਬੰਧ ਨਾ ਜੋੜ ਲੈਂਦਾ। ਨਿਰਸੰਦੇਹ ਇਸ ਵਿੱਚ ਕੁਝ ਖਤਰਾ ਸੀ ਇਹ ਅਤੇ ਉਹ ਕੌਣ ਹੈ ਜਿਸ ਨੇ ਖਤਰਾ ਮੁੱਲ ਲਏ ਬਿਨਾਂ ਕੋਈ ਲੜਾਈ ਜਿੱਤੀ ਹੋਵੇ ? ਅਤੇ ਕੀ ਵੀਆਨਾ ਦੇ ਲੋਕਾਂ ਨੇ ਕੁਝ ਨਹੀਂ ਸੀ ਖਤਰੇ ਵਿੱਚ ਪਾਇਆ ਜਦੋਂ ਉਨ੍ਹਾਂ ਨੇ, ਜਿਨ੍ਹਾਂ ਦੀ ਵਸੋਂ ਚਾਰ ਲੱਖ ਸੀ, ਉਨ੍ਹਾਂ ਫੌਜਾਂ ਦਾ ਹਮਲਾ ਆਪਣੇ ਉੱਤੇ ਲੈ ਲਿਆ ਸੀ ਜਿਨ੍ਹਾਂ ਦੀ ਵਸੋਂ ਚਾਰ ਲੱਖ ਸੀ, ਉਨ੍ਹਾਂ ਫ਼ੌਜਾਂ ਦਾ ਹਮਲਾ ਆਪਣੇ

ਉੱਤੇ ਲੈ ਲਿਆ ਸੀ ਜਿਨ੍ਹਾਂ ਨੇ ਇੱਕ ਕਰੋੜ 20 ਲੱਖ ਹੰਗਰਿਆਈਆਂ ਨੂੰ ਜਿੱਤਣ ਲਈ ਕੂਚ ਕਰਨਾ ਸੀ ? ਅਸਟਰੀਆ ਦੀਆਂ ਫੌਜਾਂ ਦੇ ਸੰਗਠਤ ਹੋਣ ਤੱਕ ਉਡੀਕ ਕਰਨ ਰਾਹੀਂ ਅਤੇ ਸ਼ਵੇਚਾਤ ਵਿੱਚ ਕੀਤੇ ਗਏ ਕਮਜ਼ੋਰ ਜਿਹੇ ਮੁਜ਼ਾਹਰੇ ਰਾਹੀਂ, ਜਿਸ ਦੇ ਉਹ ਯੋਗ ਸੀ, ਬੁਰੀ ਤਰ੍ਹਾਂ ਅਸਫਲ ਹੋਇਆ, ਕੀਤੀ ਗਈ ਫੌਜੀ ਗ਼ਲਤੀ ਨੇ ਉਸ ਤੋਂ ਕਿਤੇ ਵਧੇਰੇ ਨੁਕਸਾਨ ਪੁਚਾਇਆ ਜਿਹੜਾ ਨੁਕਸਾਨ ਜੇਲਾਚਿਚ ਦੇ ਭੰਗ ਕੀਤੇ ਗਏ ਧਾੜਵੀਆਂ ਦੇ ਵਿਰੁੱਧ ਵੀਆਨ ਵੱਲ ਕੀਤੇ ਜਾਂਦੇ ਦ੍ਰਿੜ ਮਾਰਚ ਸਦਕਾ ਹੋਣਾ ਸੀ।

ਪਰ, ਇਹ ਆਖਿਆ ਗਿਆ ਹੈ, ਕਿਸੇ ਸਰਕਾਰੀ ਅਦਾਰੇ ਵੱਲੋਂ ਮਿਲ਼ੇ ਅਧਿਕਾਰ ਤੋਂ ਬਿਨਾਂ ਹੰਗਰਿਆਈਆਂ ਦੀ ਅਜਿਹੀ ਚੜ੍ਹਾਈ ਜਰਮਨ ਇਲਾਕੇ ਦੀ ਉਲੰਘਣਾ ਬਣ ਜਾਂਦੀ, ਫਰੈਂਕਫੋਰਟ ਵਿਚਲੀ ਕੇਂਦਰੀ ਸੱਤ੍ਹਾ ਨਾਲ਼ ਵਿਗਾੜ ਪੈਦਾ ਕਰ ਦਿੰਦੀ ਅਤੇ ਸਭ ਤੋਂ ਪਹਿਲਾਂ ਇੱਕ ਕਾਨੂੰਨੀ ਤੇ ਵਿਧਾਨਕ ਨੀਤੀ ਦਾ ਤਿਆਗ ਹੋ ਜਾਂਦਾ ਜੋ ਹੰਗਰਿਆਈ ਉਦੇਸ਼ ਦੀ ਤਾਕਤ ਦੀ ਪ੍ਰਤੀਕ ਸੀ। ਵੀਆਨਾ ਦੇ ਵਿਚਲੇ ਸਰਕਾਰੀ ਅਦਾਰੇ ਤੁਛ ਤੇ ਨਾ- ਮਾਤਰ ਕਿਉਂ ਸਨ। ਕੀ ਉਹ ਡੀਟ ਸੀ, ਕੀ ਉਹ ਜਨਤਕ ਕਮੇਟੀਆਂ ਸਨ ਜੋ ਹੰਗਰੀ ਦੇ ਹੱਕ ਵਿੱਚ ਉੱਠੀਆਂ ਸਨ ਜਾਂ ਕੀ ਉਹ ਵੀਆਨਾ ਦੇ ਲੋਕ ਸਨ, ਜਿਨ੍ਹਾਂ ਇਕੱਲਿਆਂ ਹੀ ਪੁਰਾਣੇ ਜ਼ਮਾਨੇ ਦੀ ਬੰਦੂਕ ਨਾਲ਼ ਹੰਗਰੀ ਦੀ ਸੁਤੰਤਰਤਾ ਦੀ ਪਹਿਲੀ ਲੜਾਈ ਦਾ ਵਾਰ ਝੱਲਿਆ ? ਵੀਆਨਾ ਵਿੱਚ ਨਾ ਇਹ ਤੇ ਨਾ ਹੀ ਉਹ ਸਰਕਾਰੀ ਅਦਾਰਾ ਸੀ ਜੋ ਮਦਦ ਦੇਣ ਵਜੋਂ ਮਹੱਤਵਪੂਰਨ ਸੀ- ਹੋ ਸਕਦਾ ਹੈ, ਇਹ ਸਾਰੇ ਅਦਾਰੇ ਇਨਕਲਾਬੀ ਵਿਕਾਸ ਦੀ ਤਰੱਕੀ ਵਿੱਚ ਉੱਥਲ ਪੁਥਲ ਹੋ ਗਏ ਹੁੰਦੇ—ਇਹ ਇਨਕਲਾਬੀ ਲਹਿਰ ਦੀ ਚੜ੍ਹਤਲ ਸੀ, ਆਪਣੇ ਆਪ ਵਿੱਚ ਜਰਮਨ ਕਾਰਵਾਈ ਦੀ ਅਟੁੱਟ ਤਰੱਕੀ ਸੀ, ਜਿਹੜੀ ਕਿ ਹੰਗਰੀ ਨੂੰ ਹਮਲੇ ਤੋਂ ਬਚਾ ਸਕਦੀ ਸੀ। ਇਹ ਇਨਕਲਾਬੀ ਲਹਿਰ ਮਗਰੋਂ ਭਾਵੇਂ ਕਿਹੜੇ ਰੂਪ ਧਾਰਨ ਕਰਦੀ, ਇਹ ਕੰਮ ਹੰਗਰਿਆਈਆਂ ਦਾ ਨਹੀਂ, ਵੀਆਨਾ ਦੇ ਵਸਨੀਕਾਂ ਦਾ ਸੀ, ਜਦੋਂ ਤੱਕ ਵੀਆਨਾ ਅਤੇ ਜਰਮਨ ਅਸਟਰੀਆ ਨੇ ਸਾਂਝੇ ਦੁਸ਼ਮਣ ਦੇ ਵਿਰੁੱਧ ਆਪਣਾ ਇਤਿਹਾਦ ਜਾਰੀ ਰੱਖਿਆ। ਪਰ ਸੁਆਲ ਇਹ ਹੈ ਕਿ ਹੰਗਰੀ ਦੀ ਸਰਕਾਰ ਵੱਲੋਂ ਕੁਝ ਕੁ ਨੀਮ- ਕਾਨੂੰਨੀ ਅਧਿਕਾਰਾਂ ਨਾਲ਼ ਚੰਬੜੇ ਰਹਿਣ ਵਿੱਚ ਕੀ ਅਸੀਂ ਕਾਰਵਾਈ ਦੀ ਕੁਝ ਕੁਝ ਸ਼ੱਕ ਭਰਪੂਰ ਕਾਨੂੰਨੀਅਤ ਪ੍ਰਤੀ ਉਸ ਦੰਭ ਦੀ ਪਹਿਲੀ ਸਪੱਸ਼ਟ ਨਿਸ਼ਾਨੀ ਨਹੀਂ ਵੇਖਦੇ ਹਾਂ ਜਿਸ ਨੇ ਹੰਗਰੀ ਨੂੰ ਜੇ ਬਚਾਇਆ ਨਹੀਂ ਸੀ ਤਾਂ ਮਗਰਲੇ ਸਮੇਂ ਵਿੱਚ, ਅੰਗਰੇਜ਼ ਮੱਧ ਸ਼੍ਰੇਣੀ ਦੇ ਦਰਸ਼ਕਾਂ ਨੂੰ ਘੱਟੋ ਘੱਟ ਚੰਗੀ ਤਰ੍ਹਾਂ ਦੱਸ ਜ਼ਰੂਰ ਦਿੱਤਾ ਗਿਆ ਸੀ।

ਜਿੱਥੋਂ ਤੱਕ ਫਰੈਕਫੋਰਟ ਵਿੱਚ ਜਰਮਨੀ ਦੀ ਕੇਂਦਰੀ ਸੱਤ੍ਹਾ ਨਾਲ਼ ਸੰਭਵ ਝਗੜਿਆਂ ਦੇ ਵਿਖਾਵੇ ਦਾ ਸਬੰਧ ਹੈ ਇਹ ਬਿਲਕੁਲ ਅਕਾਰਥ ਹੈ। ਫਰੈਂਕਫੋਰਟ ਦੇ ਅਧਿਕਾਰੀ ਵੀਆਨਾ ਵਿੱਚ ਉਲਟ- ਇਨਕਲਾਬ ਦੀ ਜਿੱਤ ਤੋਂ ਅਸਲ ਵਿੱਚ ਘਬਰਾ ਗਏ ਸਨ; ਉਹ ਉਸ ਤਰ੍ਹਾਂ ਹੀ ਘਬਰਾ ਜਾਂਦੇ ਜੇ ਇਨਕਲਾਬ ਨੂੰ ਉੱਥੇ ਇਸ ਦੇ ਦੁਸ਼ਮਣਾਂ ਨੂੰ ਹਰਾਉਣ ਲਈ ਲੋੜੀਂਦੀ ਹਿਮਾਇਤ ਪ੍ਰਾਪਤ ਹੋ ਜਾਂਦੀ। ਅੰਤ ਆਖ਼ਰ ਵਿੱਚ, ਇਹ ਆਮ ਦਲੀਲ ਕਿ ਹੰਗਰੀ ਕਾਨੂੰਨੀ ਤੇ ਵਿਧਾਨਕ ਜ਼ਮੀਨ ਨਹੀਂ ਸੀ ਛੱਡ ਸਕਦਾ, **ਅੰਗਰੇਜ਼ ਸੁਤੰਤਰ** ਤਾਜ਼ਰਾਂ ਲਈ ਬਹੁਤ ਚੰਗੀ

ਹੋ ਸਕਦੀ ਹੈ, ਪਰ ਇਤਿਹਾਸ ਦੀਆਂ ਨਜ਼ਰਾਂ ਵਿੱਚ ਇਹ ਕਦੇ ਵੀ ਕਾਫ਼ੀ ਨਹੀਂ ਸਮਝੀ ਜਾਵੇਗੀ। ਫ਼ਰਜ਼ ਕਰੋ ਜੇ ਵੀਆਨਾ ਦੇ ਲੋਕ 13 ਮਾਰਚ ਅਤੇ 6 ਅਕਤੂਬਰ ਨੂੰ "ਕਾਨੂੰਨੀ ਤੇ ਵਿਧਾਨਕ" ਸਾਧਨਾਂ ਨਾਲ਼ ਚੰਬੜੇ ਰਹਿੰਦੇ ਤਾਂ "ਕਾਨੂੰਨੀ ਤੇ ਵਿਧਾਨਕ" ਲਹਿਰ ਦਾ ਕੀ ਬਣਦਾ ਅਤੇ ਉਨ੍ਹਾਂ ਸਾਰੀਆਂ ਸ਼ਾਨਦਾਰ ਲੜਾਈਆਂ ਦਾ ਕੀ ਬਣਦਾ ਜਿਨ੍ਹਾਂ ਨੇ, ਪਹਿਲੀ ਵਾਰ ਹੰਗਰੀ ਨੂੰ ਸੱਭਿਆ ਸੰਸਾਰ ਦੇ ਧਿਆਨ ਵਿੱਚ ਲਿਆਂਦਾ ? ਉਹੋ ਕਾਨੂੰਨੀ ਤੇ ਵਿਧਾਨਕ ਜ਼ਮੀਨ ਜਿਸ ਬਾਰੇ ਜ਼ੋਰ ਦਿੱਤਾ ਗਿਆ ਹੈ ਕਿ ਹੰਗਰਿਆਈ 1848 ਤੇ 1849 ਵਿੱਚ ਉਸ ਉੱਤੇ ਜਾ ਵਸੇ ਸਨ, ਵੀਆਨਾ ਦੇ ਲੋਕਾਂ ਵੱਲੋਂ, 13 ਮਾਰਚ ਨੂੰ ਬਹੁਤ ਹੀ ਗ਼ੈਰ-ਕਾਨੂੰਨੀ ਤੇ ਅਣਵਿਧਾਨਕ ਬਗ਼ਾਵਤ ਰਾਹੀਂ ਉਹਨਾਂ ਲਈ ਜਿੱਤੀ ਗਈ ਸੀ। ਸਾਡਾ ਇਹ ਕੋਈ ਉਦੇਸ਼ ਨਹੀਂ ਕਿ ਅਸੀਂ ਇੱਥੇ ਹੰਗਰੀ ਦੇ ਇਨਕਲਾਬੀ ਇਤਿਹਾਸ ਬਾਰੇ ਚਰਚਾ ਕਰੀਏ, ਪਰ ਇਹ ਯੋਗ ਜਾਪਦਾ ਹੈ ਜੇ ਅਸੀਂ ਇਹ ਵਾਚੀਏ ਕਿ ਇੱਕ ਅਜਿਹੇ ਦੁਸ਼ਮਣ ਦੇ ਵਿਰੁੱਧ ਮਜ਼ਾਹਮਤ ਦੇ ਮਹਿਜ਼ ਕਾਨੂੰਨੀ ਸਾਧਨਾਂ ਨੂੰ ਸਪੱਸ਼ਟ ਰੂਪ ਵਿੱਚ ਵਰਤਣਾ ਬਿਲਕੁਲ ਹੀ ਬੇਅਰਥ ਹੈ ਜੋ ਅਜਿਹੀਆਂ ਛੋਟੀਆਂ ਛੋਟੀਆਂ ਗੱਲਾਂ ਨੂੰ ਘ੍ਰਿਣਾ ਕਰਦਾ ਹੈ; ਪਰ ਜੇ ਅਸੀਂ ਇਹ ਵੀ ਆਖੀਏ, ਕਿ ਜੇ ਕਾਨੂੰਨੀਅਤ ਦੇ ਇਸ ਸਦੀਵੀ ਦੰਭ ਲਈ, ਜਿਸ ਨੂੰ ਗੂਰਗੇਅ ਨੇ ਗ੍ਰਹਿਣ ਕੀਤਾ ਸੀ ਤੇ ਸਰਕਾਰ ਦੇ ਵਿਰੁੱਧ ਵਰਤਿਆ ਸੀ, ਗੂਰਗੇਅ ਦੀ ਫ਼ੌਜ ਦੀ ਆਪਣੇ ਜਰਨੈਲ ਪ੍ਰਤੀ ਇਹ ਸ਼ਰਧਾ ਨਾ ਹੁੰਦੀ ਅਤੇ ਵਿਲਾਗੋਸ ਦੀ ਸ਼ਰਮਨਾਕ ਤਬਾਹੀ ਨਾ ਹੁੰਦੀ ਤਾਂ ਇਹ **ਬਿਲਕੁਲ ਅਸੰਭਵ ਹੋ ਜਾਣਾ ਸੀ।** ਅਤੇ ਜਦੋਂ, ਅਖ਼ੀਰ, ਆਪਣਾ ਵਕਾਰ ਬਚਾਉਣ ਲਈ ਹੰਗਰਿਆਈ ਅਕਤੂਬਰ 1848 ਦੇ ਮਗਰਲੇ ਅੰਤ ਵਿੱਚ ਲੀਥਾ ਨੂੰ ਲੰਘ ਕੇ ਆਏ ਸਨ ਤਾਂ ਉਹ ਉਤਨੀ ਹੀ ਗ਼ੈਰ-ਕਾਨੂੰਨੀ ਹਮਲਾਵਰੀ ਸੀ ਜਿਤਨੀ ਕਿ ਇੱਕ ਫ਼ੌਰੀ ਤੇ ਦ੍ਰਿੜ ਹਮਲਾ ਹੋਣਾ ਚਾਹੀਦਾ ਹੈ ?

ਅਸੀਂ ਹੰਗਰੀ ਵੱਲ ਗ਼ੈਰ-ਦੋਸਤਾਨਾ ਭਾਵਨਾਵਾਂ ਨਹੀਂ ਰੱਖਦੇ। ਜਦੋਜਹਿਦ ਦੇ ਦੌਰਾਨ ਅਸੀਂ ਉਸ ਨਾਲ਼ ਖਲੋਤੇ ਸਾਂ; ਸਾਨੂੰ ਇਹ ਕਹਿਣ ਦੀ ਆਗਿਆ ਦਿਓ ਕਿ ਸਾਡੇ ਅਖ਼ਬਾਰ Neue Rheinische Zeitung ਨੇ ਮਗਯਾਰ ਤੇ ਸਲਾਵੋਨਿਆਈ ਨਸਲਾਂ ਵਿਚਾਲੇ ਜੱਦੋਜਹਿਦ ਦੇ ਖ਼ਾਸੇ ਦੀ ਵਿਆਖਿਆ ਰਾਹੀਂ ਅਤੇ ਹੰਗਰੀ ਦੀ ਜੰਗ ਨੂੰ ਲੇਖਾਂ ਦੀ ਲੜੀ ਵਿੱਚ ਬਿਆਨ ਕਰਨ ਰਾਹੀਂ ਹੰਗਰੀ ਦੇ ਕਾਜ਼ ਨੂੰ ਜਰਮਨੀ ਵਿਚ ਪਰਸਾਰਨ ਲਈ ਕਿਸੇ ਵੀ ਹੋਰ ਨਾਲ਼ੋਂ ਵੱਧ ਕੰਮ ਕੀਤਾ ਹੈ, ਜਿਨ੍ਹਾਂ ਲੇਖਾਂ ਨੂੰ ਇਸ ਵਿਸ਼ੇ ਬਾਰੇ ਮਗਰੋਂ ਛਪੀ ਲਗਭਗ ਹਰ ਪੁਸਤਕ ਵਿੱਚ ਚੁੱਕ ਕੇ ਛਾਪਿਆ ਗਿਆ, ਸਥਾਨਕ ਹੰਗਰਿਆਈਆਂ ਅਤੇ "ਮੌਕੇ ਦੇ ਗਵਾਹਾਂ" ਦੀਆਂ ਕਿਰਤਾਂ ਵੀ ਇਸ ਤੋਂ ਨਾ ਬਚੀਆਂ। ਅਸੀਂ ਤਾਂ ਹੁਣ ਵੀ, ਕਿਸੇ ਵੀ ਭਵਿੱਖੀ ਮਹਾਂਦੀਪੀ ਹਿਲਜੁਲ ਵਿੱਚ ਹੰਗਰੀ ਨੂੰ ਜਰਮਨੀ ਦੇ ਜ਼ਰੂਰੀ ਤੇ ਕੁਦਰਤੀ ਇਤਿਹਾਦੀ ਵਜੋਂ ਸਮਝਦੇ ਹਾਂ। ਪਰ ਅਸੀਂ ਆਪਣੇ ਦੇਸ਼ਵਾਸੀਆਂ ਉੱਤੇ ਆਪਣੇ ਗਵਾਂਢੀਆਂ ਬਾਰੇ ਬੋਲਣ ਦੇ ਅਧਿਕਾਰ ਦੀ ਪ੍ਰਾਪਤੀ ਲਈ ਕਾਫ਼ੀ ਸਖ਼ਤੀ ਵਰਤਦੇ ਰਹੇ ਹਾਂ ਅਤੇ ਫਿਰ, ਸਾਨੂੰ ਇੱਥੇ ਤੱਥਾਂ ਨੂੰ ਇਤਿਹਾਸਕ ਨਿਰਪੱਖਤਾ ਨਾਲ਼ ਦਰਜ ਕਰਨਾ ਚਾਹੀਦਾ ਹੈ ਅਤੇ ਅਸੀਂ ਜ਼ਰੂਰ ਕਹਿੰਦੇ ਹਾਂ, ਕਿ ਇੱਕ ਵਿਸ਼ੇਸ਼ ਘਟਨਾ ਵਿੱਚ, ਵੀਆਨਾ ਦੇ ਲੋਕਾਂ ਦੀ ਉਦਾਰ ਬਹਾਦਰੀ ਨਾ ਕੇਵਲ ਵਧੇਰੇ ਸਾਊ ਸੀ

ਸਗੋਂ ਹੰਗਰੀ ਦੀ ਸਰਕਾਰ ਦੀ ਸੁਚੇਤ ਸਾਵਧਾਨੀ ਨਾਲ਼ੋਂ ਵਧੇਰੇ ਦੂਰ ਦ੍ਰਿਸ਼ਟੀ ਵਾਲ਼ੀ ਸੀ। ਪਰ ਜਿੱਥੋਂ ਤੱਕ ਜਰਮਨਾਂ ਦਾ ਸਬੰਧ ਹੈ ਸਾਨੂੰ ਫਿਰ ਕਹਿਣ ਦੀ ਆਗਿਆ ਦਿੱਤੀ ਜਾਵੇ, ਕਿ ਹੰਗਰੀ ਦੀ ਮੁਹਿੰਮ ਦੀਆਂ ਸਾਰੀਆਂ ਹੀ ਦਰਸ਼ਨੀ ਜਿੱਤਾਂ ਤੇ ਸ਼ਾਨਦਾਰ ਲੜਾਈਆਂ ਦੇ ਨਾਲ਼ ਅਸੀਂ ਵੀਆਨਾ ਦੇ ਲੋਕਾਂ, ਸਾਡੇ ਦੇਸ਼ਵਾਸੀਆਂ ਦੀ ਉਸ ਆਪ ਮੁਹਾਰੀ, ਇਕੱਲੇ-ਹੱਥੀਂ ਬਗ਼ਾਵਤ ਤੇ ਸੂਰਮਾ ਮੁਜ਼ਾਹਮਤ ਦਾ ਵਟਾਂਦਰਾ ਨਹੀਂ ਕਰਾਂਗੇ ਜਿਸ ਨੇ ਹੰਗਰੀ ਨੂੰ ਉਹ ਫ਼ੌਜ ਜੱਥੇਬੰਦ ਕਰਨ ਦਾ ਸਮਾਂ ਦਿੱਤਾ ਸੀ ਜੋ ਅਜਿਹੇ ਮਹਾਨ ਕੰਮ ਕਰ ਸਕੀ।

ਵੀਆਨਾ ਦਾ ਦੂਜਾ ਇਤਿਹਾਦੀ ਜਰਮਨ ਲੋਕ ਸਨ। ਪਰ ਉਹ ਹਰ ਥਾਂ ਉਸੇ ਜੱਦੋਜਹਿਦ ਵਿੱਚ ਰੁੱਝੇ ਹੋਏ ਸਨ ਜਿਵੇਂ ਵੀਆਨਾ ਦੇ ਲੋਕ। ਫ਼ਰੈਂਕਫ਼ੋਰਟ, ਬਾਦੇਸ, ਕੋਲੋਨ ਹਾਰ ਗਏ ਸਨ ਤੇ ਉਹਨਾਂ ਨੇ ਹਥਿਆਰ ਸੁੱਟ ਦਿੱਤੇ ਸਨ। ਬਰਲਿਨ ਤੇ ਬਰੇਸਲਾਅ* ਦੇ ਲੋਕਾਂ ਦਾ ਫ਼ੌਜ ਨਾਲ਼ ਘੜੇ ਵੱਟੇ ਦਾ ਵੈਰ ਸੀ, ਹਰ ਰੋਜ਼ ਉਹਨਾਂ ਦੇ ਆਪੋ ਵਿੱਚ ਲੜਨ ਦੀ ਆਸ ਕੀਤੀ ਜਾਂਦੀ ਸੀ। ਇਹੋ ਗੱਲ ਅਮਲ ਦੇ ਹਰ ਇੱਕ ਸਥਾਨਕ ਕੇਂਦਰ ਵਿੱਚ ਸੀ। ਹਰ ਥਾਂ ’ਤੇ ਸਮੱਸਿਆਵਾਂ ਹੱਲ ਹੋਣੀਆਂ ਰਹਿੰਦੀਆਂ ਸਨ ਜੋ ਹਥਿਆਰਾਂ ਦੀ ਤਾਕਤ ਨਾਲ਼ ਹੀ ਹੱਲ ਹੋ ਸਕਦੀਆਂ ਸਨ ਅਤੇ ਹੁਣ ਇਹ ਪਹਿਲਾ ਸਮਾਂ ਸੀ ਕਿ ਪੁਰਾਣੀ ਵੰਡ ਦੇ ਜਾਰੀ ਰਹਿਣ ਦੇ ਅਤੇ ਜਰਮਨੀ ਦੇ ਅਕੇਂਦਰੀਕਰਣ ਦੇ ਤਬਾਹਕਾਰ ਨਤੀਜਿਆਂ ਨੂੰ ਇਤਨੀ ਤੀਬਰਤਾ ਨਾਲ਼ ਮਹਿਸੂਸ ਕੀਤਾ ਗਿਆ। ਹਰ ਰਾਜ ਵਿੱਚ, ਹਰ ਪ੍ਰਾਂਤ ਵਿੱਚ, ਹਰ ਨਗਰ ਵਿੱਚ ਵੱਖ ਵੱਖ ਸਵਾਲ ਬੁਨਿਆਦੀ ਤੌਰ ’ਤੇ ਇੱਕੋ ਜਿਹੇ ਸਨ; ਪਰ ਉਹਨਾਂ ਨੂੰ ਹਰ ਥਾਂ ’ਤੇ ਵੱਖ ਵੱਖ ਰੂਪ ਤੇ ਬਹਾਨਿਆਂ ਹੇਠ ਸਾਹਮਣੇ ਲਿਆਂਦਾ ਗਿਆ ਤੇ ਉਹਨਾਂ ਨੇ ਹਰ ਥਾਂ ’ਤੇ ਵੱਖ ਵੱਖ ਪੱਧਰ ਦੀ ਪੂਰਤੀ ਪ੍ਰਾਪਤ ਕੀਤੀ। ਸੋ ਇੰਜ ਵਾਪਰਿਆ, ਕਿ ਜਦੋਂ ਹਰ ਇਲਾਕੇ ਵਿੱਚ ਵੀਆਨਾ ਦੀਆਂ ਘਟਨਾਵਾਂ ਦੀ ਨਿਰਣਾਇਕ ਮਹੱਤਤਾ ਨੂੰ ਮਹਿਸੂਸ ਕੀਤਾ ਗਿਆ, ਪਰ ਕਿਸੇ ਵੀ ਥਾਂ ’ਤੇ ਕੋਈ ਮਹੱਤਵਪੂਰਨ ਸੱਟ ਨਾ ਮਾਰੀ ਜਾ ਸਕੀ ਜਿਸ ਨਾਲ਼ ਵੀਆਨਾ ਵਾਸੀਆਂ ਨੂੰ ਘੱਟ ਪੁੱਜਣ ਦੀ ਜਾਂ ਉਹਨਾਂ ਦੇ ਹੱਕ ਵਿੱਚ ਮੋੜ ਕੱਟਣ ਦੀ ਕੋਈ ਆਸ ਹੁੰਦੀ ਅਤੇ ਪਾਰਲੀਮੈਂਟ ਤੇ ਫ਼ਰੈਂਕਫ਼ੋਰਟ ਦੀ ਕੇਂਦਰੀ ਸੱਤ੍ਹਾ ਵੱਲੋਂ ਘੱਟ ਤੋਂ ਬਿਨਾਂ ਕੋਈ ਵੀ ਨਹੀਂ ਸੀ ਰਹਿ ਗਿਆ; ਉਹਨਾਂ ਨੂੰ ਸਾਰੇ ਪਾਸਿਆਂ ਨੇ ਅਪੀਲ ਕੀਤੀ, ਪਰ ਉਹਨਾਂ ਦਾ ਲਾਭ ਕੀ ਹੋਇਆ ?

ਫ਼ਰੈਂਕਫ਼ੋਰਟ ਪਾਰਲੀਮੈਂਟ ਅਤੇ ਉਸ ਦੇ ਪੁਰਾਣੀ ਜਰਮਨ ਡੀਟ ਨਾਲ਼ ਵਰਜਿਤ ਸੰਭੋਗ ਰਾਹੀਂ ਪੈਦਾ ਹੋਇਆ ਹਰਾਮੀ ਬੱਚਾ, ਕਥਿਤ ਕੇਂਦਰੀ ਸੱਤ੍ਹਾ ਦੇ ਰਾਹੀਂ, ਉਹਨਾਂ ਦੀ ਨਿਪਟ ਤੁੱਛਤਾ ਨੂੰ ਸਾਹਮਣੇ ਲਿਆ ਕੇ ਲਾਭ ਉਠਾਇਆ। ਇਹ ਘ੍ਰਿਣਾ ਯੋਗ ਅਸੈਂਬਲੀ, ਜਿਵੇਂ ਕਿ ਅਸੀਂ ਵੇਖ ਚੁੱਕੇ ਹਾਂ, ਬੜੇ ਚਿਰ ਤੋਂ ਆਪਣਾ ਕਵਾਰ ਕੁਰਬਾਨ ਕਰ ਬੈਠੀ ਸੀ ਅਤੇ ਜਿਤਨੀ ਕੁ ਉਹ ਜੁਆਨ ਸੀ, ਉਸ ਦਾ ਸਿਰ ਪਹਿਲਾਂ ਹੀ ਚਿੱਟਾ ਹੁੰਦਾ ਜਾ ਰਿਹਾ ਸੀ ਅਤੇ ਇਸ ਨੂੰ ਲੁਤਰ ਲੁਤਰ ਦੀਆਂ ਸਭ ਜੁਗਤਾਂ ਅਤੇ ਨਕਲੀ-ਡਿਪਲੋਮੈਟਿਕ ਕੰਜਰਪੁਣੇ ਦਾ ਤਜ਼ਰਬਾ ਸੀ। ਸੱਤ੍ਹਾ ਦੇ, ਜਰਮਨ ਪੁਨਰ ਸੁਰਜੀਤੀ ਤੇ ਏਕਤਾ ਦੇ ਸੁਪਨਿਆਂ ਤੇ ਭੁਲੇਖਿਆਂ

* ਪੋਲਿਸ਼ ਨਾਂਅ : ਵਰੋਸਲਾਅ -ਸੰਪਾਦਕ।

ਦਾ, ਜੋ ਅਰੰਭ ਵਿੱਚ ਇਸ ਉੱਤੇ ਛਾ ਗਏ ਸਨ, ਟਿਉਟੋਨਿਕ ਵਿਖਾਵੇ ਦੀ ਸ਼ਬਦਾਵਲੀ ਦੇ ਸਿਲਸਿਲੇ ਤੋਂ ਬਿਨਾਂ ਜਿਹੜੀ ਸ਼ਬਦਾਵਲੀ ਹਰ ਮੌਕੇ 'ਤੇ ਦੁਹਰਾਈ ਜਾਂਦੀ ਸੀ ਅਤੇ ਹਰ ਇੱਕ ਮੈਂਬਰ ਦੇ ਉਸ ਦੀ ਆਪਣੀ ਮਹੱਤਤਾ ਵਿੱਚ ਤੇ ਜਨਤਾ ਦੇ ਭੋਲੇਪਣ ਵਿੱਚ ਵੀ ਦ੍ਰਿੜ ਵਿਸ਼ਵਾਸ ਤੋਂ ਬਿਨਾਂ ਕੁੱਝ ਵੀ ਬਾਕੀ ਨਾ ਰਿਹਾ। ਮੂਲਕ ਨਿਰਛੱਲਤਾ ਤੱਜ ਦਿੱਤੀ ਗਈ ਸੀ; ਜਰਮਨ ਲੋਕਾਂ ਦੇ ਪ੍ਰਤੀਨਿਧ ਵਿਹਾਰੀ ਬੰਦੇ ਬਣ ਗਏ ਸਨ, ਅਰਥਾਤ, ਉਹਨਾਂ ਇਹ ਗੱਲ ਸਮਝ ਲਈ ਸੀ, ਕਿ ਜਿਤਨਾ ਘੱਟ ਕੰਮ ਤੇ ਜਿਤਨੀ ਵੱਧ ਲੁਤਰ ਲੁਤਰ ਉਹ ਕਰਨਗੇ ਉਤਨੀ ਹੀ ਜਰਮਨੀ ਦੀ ਹੋਣੀ ਦੇ ਅੰਪਾਇਰਾਂ ਵਜੋਂ ਉਹਨਾਂ ਦੀ ਪੁਜ਼ੀਸ਼ਨ ਮਹਿਫ਼ੂਜ਼ ਹੋਵੇਗੀ। ਨਾ ਹੀ ਉਹਨਾਂ ਨੇ ਆਪਣੀਆਂ ਕਾਰਵਾਈਆਂ ਨੂੰ ਫ਼ਾਲਤੂ ਤੇ ਫ਼ਜ਼ੂਲ ਸਮਝਿਆ; ਸਗੋਂ ਐਨ ਇਸ ਦੇ ਉਲਟ, ਪਰ ਉਹਨਾਂ ਨੇ ਇਹ ਪਤਾ ਲਾ ਲਿਆ ਸੀ ਕਿ ਸਾਰੇ ਸਹੀ ਤੌਰ 'ਤੇ ਸਾਰੇ ਮਹਾਨ ਸਵਾਲਾਂ ਕੋਲ਼ ਆਧਾਰ ਨਹੀਂ ਸੀ ਅਤੇ, ਉਹਨਾਂ ਨੂੰ ਛੱਡ ਦੇਣਾ ਹੀ ਚੰਗਾ ਸੀ। ਹੇਠਲੀ ਸਲਤਨਤ ਦੇ ਬੀਜ਼ਨਟੀਨ ਡਾਕਟਰਾਂ ਦੇ ਸੈੱਟ ਵਾਂਗ, ਉਹਨਾਂ ਦੀ ਹੋਣੀ ਦਾ ਜਿਸ ਨੇ ਅਖ਼ੀਰ ਉਹਨਾਂ ਨੂੰ ਕਾਬੂ ਕਰ ਲਿਆ; ਯੋਗ ਮਹੱਤਤਾ ਤੇ ਨੀਝ ਨਾਲ਼, ਉਹਨਾਂ ਸਿਧਾਂਤਕ ਕੱਟੜ ਵਿਚਾਰਾਂ ਬਾਰੇ ਬਹਿਸ ਕੀਤੀ, ਸੱਭਿਆ ਸੰਸਾਰ ਦੇ ਹਰ ਭਾਗ ਵਿੱਚ ਚਿਰੋਕਣੇ ਨਜਿੱਠੇ ਜਾ ਚੁੱਕੇ ਸਨ ਜਾਂ ਉਹਨਾਂ ਅਤਿ ਨਿਕਚੂ ਸਵਾਲ ਨੂੰ ਵਿਚਾਰਿਆ ਜਿਨ੍ਹਾਂ ਦਾ ਕਦੇ ਵੀ ਕੋਈ ਅਮਲੀ ਸਿੱਟਾ ਨਹੀਂ ਨਿਕਲ਼ਿਆ। ਸੋ ਅਸੈਂਬਲੀ, ਮੈਂਬਰਾਂ ਦੀ ਪਰਸਾਰ ਸਿੱਖਿਆ ਲਈ **ਲੰਕਾਸਟਰੀਅਨ ਸਕੂਲ** ਵਰਗੀ ਸੀ ਅਤੇ ਇਸ ਲਈ, ਉਹਨਾਂ ਲਈ ਬਹੁਤ ਹੀ ਮਹੱਤਵਪੂਰਨ ਸੀ, ਉਹਨਾਂ ਨੂੰ ਇਹ ਮਨਾਇਆ ਗਿਆ ਕਿ ਇਹ ਉਸ ਤੋਂ ਵੀ ਵਧੇਰੇ ਕੰਮ ਕਰ ਰਹੀ ਸੀ ਜਿੰਨਾਂ ਕੁੱਝ ਜਰਮਨ ਲੋਕਾਂ ਨੂੰ ਆਮ ਕਰਨ ਦਾ ਅਧਿਕਾਰ ਸੀ ਅਤੇ ਹਰ ਉਸ ਨੂੰ ਦੇਸ਼ ਦਾ ਗ਼ੱਦਾਰ ਸਮਝਦੇ ਸਨ, ਜਿਹੜਾ ਉਹਨਾਂ ਨੂੰ ਕਿਸੇ ਸਿੱਟੇ 'ਤੇ ਪੁੱਜਣ ਬਾਰੇ ਕਹਿਣ ਦੀ ਗੁਸਤਾਖ਼ੀ ਕਰਦਾ ਸੀ।

ਜਦੋਂ ਵੀਆਨਾ ਦੇ ਲੋਕਾਂ ਦੀ ਬਗ਼ਾਵਤ ਅਸਫ਼ਲ ਹੋ ਗਈ, ਤਾਂ ਇਸ ਬਾਰੇ ਵੇਰਵੇ ਲਈ ਮੰਗਾਂ, ਬਹਿਸਾਂ, ਤਰਮੀਮਾਂ, ਮੋਸ਼ਨਾਂ ਦਾ ਗੜ੍ਹ ਪੈ ਗਿਆ, ਪਰ ਜਿਨ੍ਹਾਂ ਦਾ ਕੋਈ ਸਿੱਟਾ ਨਾ ਨਿਕਲਿਆ। ਕੇਂਦਰੀ ਸੱਤ੍ਹਾ ਨੂੰ ਮੁਦਾਲਖ਼ਤ ਕਰਨੀ ਪਈ। ਉਸ ਨੇ ਦੋ ਕਮਿਸ਼ਨਰ, ਮੈਂਬਰਜ਼ ਵੈਲਕਰ, ਸਾਬਕ ਲਿਬਰਲ ਅਤੇ ਮੋਸਲੇ ਨੂੰ ਵੀਆਨਾ ਭੇਜਿਆ। ਡੌਨ ਕਵਿਸੋਟ (Don Quixote) ਅਤੇ ਸਾਂਚੋ ਪਨਜ਼ਾ (Sancho Panza) ਦੇ ਸਫ਼ਰ ਜਰਮਨ ਯੂਨਿਟੀ ਦੇ ਇਹਨਾਂ ਦੋ ਪ੍ਰਤੀਨਿਧਾਂ ਦੇ ਜੁਝਾਰ ਕਾਰਨਾਮਿਆਂ ਤੇ ਅਚੰਭਾਜਨਕ ਦਲੇਰੀਆਂ ਦੇ ਟਾਕਰੇ ਵਿੱਚ ਇੱਕ ਯੂਨਾਨੀ ਵੀਰ ਗਾਥਾ ਦੀ ਸਮੱਗਰੀ ਬਣਦੇ ਹਨ। ਵੀਆਨਾ ਵਿੱਚ ਜਾਣ ਦੀ ਹਿੰਮਤ ਨਾ ਕਰਦਿਆਂ, ਵਿਨਡਿਸਚਗਰਾਟਜ਼ ਨੇ ਉਹਨਾਂ ਤੇ ਧੌਂਸ ਜਮਾਈ ਤੇ ਡਰਾਇਆ ਧਮਕਾਇਆ, ਮੂੜ ਸ਼ਹਿਨਸ਼ਾਹ* ਉਹਨਾਂ 'ਤੇ ਹੱਸਿਆ ਅਤੇ ਵਜ਼ੀਰ ਸਟੈਡੀਅਨ ਨੇ ਉਹਨਾਂ ਦਾ ਗੁਸਤਾਖ਼ੀ ਨਾਲ਼ ਮਖ਼ੌਲ ਉਡਾਇਆ। ਉਹਨਾਂ ਵੱਲੋਂ ਭੇਜੀ ਸਮੱਗਰੀ ਤੇ ਰਿਪੋਰਟਾਂ ਫ਼ਰੈਂਕਫ਼ੋਰਟ ਦੀਆਂ ਕਾਰਵਾਈਆਂ ਦਾ ਸ਼ਾਇਦ ਇੱਕੋ ਇੱਕ ਭਾਗ ਹਨ ਜਿਸ ਨੂੰ ਜਰਮਨ ਸਾਹਿਤ ਵਿੱਚ ਥਾਂ ਪ੍ਰਾਪਤ ਹੋਵੇਗੀ; ਇਹ ਇੱਕ ਪਰੀਪੂਰਨ ਵਿਅੰਗਾਤਮਕ ਰੋਮਾਂਸ ਹਨ, ਤਿਆਰ ਬਰ ਤਿਆਰ

---

* ਫ਼ਰਡੀਨਾਂਟ –ਸੰਪਾਦਕ।

ਤੇ ਠੋਸ ਅਤੇ ਫ਼ਰੈਂਕਫ਼ੋਰਟ ਅਸੈਂਬਲੀ ਤੇ ਇਸ ਦੀ ਸਰਕਾਰ ਲਈ ਬੇਸ਼ਰਮੀ ਦੀ ਇੱਕ ਸਦੀਵੀ ਯਾਦਗਾਰ ਹਨ।

**ਅਸੈਂਬਲੀ ਦੇ ਖੱਬੇ ਪਾਸੇ** ਨੇ ਵੀ, ਵੀਆਨਾ ਨੂੰ ਉੱਥੇ ਆਪਣਾ ਅਧਿਕਾਰ ਜਤਾਉਣ ਲਈ ਦੋ ਕਮਿਸ਼ਨਰ ਭੇਜੇ— ਮੈਂਬਰਜ਼ ਫਰੂਬਲ ਅਤੇ ਰੋਬਰਟ ਬਲੂਮ। ਬਲੂਮ ਨੇ ਜਦੋਂ ਖ਼ਤਰਾ ਨੇੜੇ ਆਇਆ, ਸਹੀ ਤੌਰ ’ਤੇ ਅਨੁਮਾਨ ਲਾ ਲਿਆ ਕਿ ਇੱਥੇ ਜਰਮਨ ਇਨਕਲਾਬ ਦੀ ਮਹਾਨ ਲੜਾਈ ਲੜੀ ਜਾਣ ਵਾਲ਼ੀ ਹੈ ਅਤੇ ਬਿਨਾਂ ਕਿਸੇ ਝਿਜਕ ਦੇ ਇਸ ਮਸਲੇ ਬਾਰੇ ਸੋਚਣ ਦਾ ਫ਼ੈਸਲਾ ਕਰ ਲਿਆ। ਇਸ ਦੇ ਉਲਟ ਫਰੂਬਲ ਦੀ ਇਹ ਰਾਏ ਸੀ ਕਿ ਇਹ ਉਸ ਦਾ ਫ਼ਰਜ਼ ਹੈ ਕਿ ਉਹ ਆਪਣੇ ਆਪ ਨੂੰ ਫ਼ਰੈਂਕਫ਼ੋਰਟ ਵਿੱਚ ਆਪਣੀ ਪਦਵੀ ਦੇ ਜ਼ਰੂਰੀ ਕੰਮਾਂ ਲਈ ਤਿਆਰ ਰੱਖੇ। ਬਲੂਮ ਨੂੰ ਫ਼ਰੈਂਕਫ਼ੋਰਟ ਅਸੈਂਬਲੀ ਦਾ ਇੱਕ ਬਹੁਤ ਵਧੀਆ ਵਕਤਾ ਸਮਝਿਆ ਜਾਂਦਾ ਸੀ; ਨਿਰਸੰਦੇਹ ਉਹ ਬਹੁਤ ਹੀ ਪ੍ਰਸਿੱਧ ਵਿਅਕਤੀ ਸੀ। ਉਸ ਦਾ ਸੁਭਾਸ਼ਣ ਕਿਸੇ ਵੀ ਤਜ਼ਰਬੇਕਾਰ ਪਾਰਲੀਮੈਂਟਰੀ ਅਸੈਂਬਲੀ ਦੀ ਅਜ਼ਮਾਇਸ਼ ’ਤੇ ਪੂਰਾ ਨਹੀਂ ਸੀ ਉੱਤਰ ਸਕਦਾ; ਉਹ ਇੱਕ ਜਰਮਨ ਵੱਖ–ਪੰਥੀਏ ਪ੍ਰਚਾਰਕ ਦੇ ਫੋਕੇ ਭਾਸ਼ਣਾਂ ਵਰਗੇ ਭਾਸ਼ਣਾਂ ਨੂੰ ਬਹੁਤ ਪਸੰਦ ਕਰਦਾ ਸੀ ਅਤੇ ਉਸ ਦੀਆਂ ਦਲੀਲਾਂ ਨੂੰ ਦਾਰਸ਼ਨਕ ਸੂਖਮ ਦ੍ਰਿਸ਼ਟੀ ਦੀ ਤੇ ਹਕੀਕਤ ਦੇ ਅਮਲੀ ਮਸਲੇ ਨਾਲ਼ ਜਾਣਕਾਰੀ ਦੀ ਜ਼ਰੂਰਤ ਸੀ। ਰਾਜਨੀਤੀ ਵਿੱਚ, ਉਸ ਦਾ ਸਬੰਧ "ਮਾਡਰੇਟ ਡੈਮੋਕਰੇਸੀ" ਨਾਲ਼ ਸੀ, ਇਹ ਅਨਿਸ਼ਚਤ ਕਿਸਮ ਦੀ ਚੀਜ਼ ਸੀ, ਜੋ, ਆਪਣੇ ਅਸੂਲਾਂ ਵਿੱਚ ਨਿਸ਼ਚਿਤਤਾ ਦੀ ਇਸੇ ਘਾਟ ਉੱਤੇ ਪਲ਼ਦੀ ਸੀ। ਪਰ ਇਸ ਸਭ ਕੁਝ ਦੇ ਹੁੰਦਿਆਂ ਰੋਬਰਟ ਬਲੂਮ ਸੁਭਾਅ ਵਜੋਂ ਇੱਕ ਪੂਰੀ ਤਰ੍ਹਾਂ, ਭਾਵੇਂ ਕੁਝ ਸੰਵਰਿਆ ਹੋਇਆ, ਇੱਕ (ਪਲੈਬੀਅਨ) ਆਮ ਮਨੁੱਖ ਸੀ ਅਤੇ ਨਿਰਣਾਇਕ ਛਿਨਾਂ ਵਿੱਚ ਉਸ ਦੀ ਪਲੈਬੀਅਨ ਸੋਘ ਅਤੇ ਪਲੈਬੀਅਨ ਸ਼ਕਤੀ ਉਸ ਦੀ ਅਨਿਸ਼ਚਿਤ ਤੇ ਇਸ ਲਈ ਨਿਰਣਾ–ਰਹਿਤ ਰਾਜਨੀਤਕ ਪ੍ਰੇਰਨਾ ਤੇ ਗਿਆਨ ਦਾ ਵਧੀਆ ਲਾਭ ਪ੍ਰਾਪਤ ਕਰ ਲੈਂਦੀ ਸੀ। ਅਜਿਹੀਆਂ ਘੜੀਆਂ ਵਿੱਚ ਉਸ ਨੇ ਆਪਣੇ ਆਪ ਨੂੰ ਆਪਣੀਆਂ ਯੋਗਤਾਵਾਂ ਦੀ ਆਮ ਪੱਧਰ ਤੋਂ ਬਹੁਤ ਉੱਚਾ ਉਠਾਇਆ।

ਸੋ, ਵੀਆਨਾ ਵਿੱਚ ਉਸ ਨੇ ਇੱਕੋ ਨਜ਼ਰ ਨਾਲ਼ ਵੇਖ ਲਿਆ ਕਿ ਉਸ ਦੇ ਦੇਸ਼ ਦੀ ਹੋਣੀ ਦਾ ਫ਼ੈਸਲਾ ਫ਼ਰੈਂਕਫ਼ੋਰਟ ਦੀਆਂ ਹੋਣ ਵਾਲ਼ੀਆਂ ਸ਼ਾਨਦਾਰ ਬਹਿਸਾਂ ਵਿਚਾਲੇ ਨਹੀਂ, ਸਗੋਂ ਇੱਥੇ ਹੀ ਹੋਵੇਗਾ; ਉਸ ਨੇ ਝੱਟ ਨਿਰਣਾ ਕਰ ਲਿਆ, ਪਿਛਾਂਹ ਮੁੜਨ ਦਾ ਵਿਚਾਰ ਤਿਆਗ ਦਿੱਤਾ, ਇਨਕਲਾਬੀ ਸ਼ਕਤੀ ਦੀ ਇੱਕ ਕਮਾਨ ਸੰਭਾਲ ਲਈ ਅਤੇ ਇੱਕ ਅਸਾਧਾਰਨ ਠਰ੍ਹੰਮੇ ਤੇ ਨਿਰਣੇ ਨਾਲ਼ ਵਰਤਿਆ। ਇਹ ਉਹ ਹੀ ਸੀ ਜਿਸ ਨੇ ਨਗਰ ਨੂੰ ਕਬਜ਼ੇ ਵਿੱਚ ਲੈਣਾ ਇੱਕ ਚੰਗੇ ਸਮੇਂ ਤੱਕ ਰੋਕਿਆ ਅਤੇ ਡੈਨਿਊਬ ਦਰਿਆ ਉਤਲੇ ਤਾਬੋਰ ਪੁਲ ਦੀ ਇੱਕ ਬਾਹੀ ਦੇ ਸੜਨ ਕਾਰਨ ਉਸ ਦੇ ਪਾਸੇ ਦੀ ਰਾਖੀ ਕੀਤੀ। ਹਰ ਕੋਈ ਜਾਣਦਾ ਹੈ ਕਿ ਨਗਰ ਉੱਤੇ ਕਬਜ਼ੇ ਦੇ ਮਗਰੋਂ ਉਹ ਕਿਵੇਂ ਗ੍ਰਿਫ਼ਤਾਰ ਹੋਇਆ, ਕੋਰਟ ਮਾਰਸ਼ਲ ਵੱਲੋਂ ਉਸ ’ਤੇ ਮੁਕੱਦਮਾ ਚੱਲਿਆ ਤੇ ਉਸ ਨੂੰ ਗੋਲੀ ਮਾਰ ਦਿੱਤੀ ਗਈ। ਉਹ ਇੱਕ ਹੀਰੋ ਵਾਂਗ ਮੋਇਆ ਅਤੇ ਫ਼ਰੈਂਕਫ਼ੋਰਟ ਅਸੈਂਬਲੀ ਨੇ, ਜੋ ਪਹਿਲਾਂ ਵਾਂਗ ਡਰ ਨਾਲ਼ ਸਹਿਮੀ ਹੋਈ ਸੀ, ਇਸ ਖ਼ੂਨੀ ਅਪਮਾਨ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ। ਇੱਕ ਮਤਾ ਪਾਸ ਕੀਤਾ ਗਿਆ, ਜਿਹੜਾ ਭਾਸ਼ਾ ਦੀ ਨਰਮੀ ਤੇ

ਕੂਟਨੀਤਕ ਸੁਘੜਤਾ ਕਾਰਨ ਅਸਟਰੀਆ ਉੱਤੇ ਘ੍ਰਿਣਾ ਯੋਗ ਧੱਬੇ ਨਾਲ਼ੋਂ ਕਤਲ ਕੀਤੇ ਗਏ ਸ਼ਹੀਦ ਦੀ ਕਬਰ ਦਾ ਕਿਤੇ ਵਧੇਰੇ ਅਪਮਾਨ ਸੀ। ਪਰ ਇਹ ਆਸ ਨਹੀਂ ਸੀ ਕੀਤੀ ਜਾਂਦੀ ਕਿ ਇਹ ਪਾਜੀ ਅਸੈਂਬਲੀ ਆਪਣੇ ਇੱਕ ਮੈਂਬਰ ਦੇ ਕਤਲ ਦੇ ਵਿਰੁੱਧ ਰੋਸ ਪ੍ਰਗਟ ਕਰੇਗੀ।

ਲੰਡਨ, ਮਾਰਚ 1852.

## XIII

## ਪ੍ਰਸ਼ੀਅਨ ਸੰਵਿਧਾਨ ਅਸੈਂਬਲੀ, ਕੌਮੀ ਅਸੈਂਬਲੀ

ਪਹਿਲੀ ਨਵੰਬਰ ਨੂੰ ਵੀਆਨਾ ਉੱਤੇ ਕਬਜ਼ਾ ਹੋ ਗਿਆ ਅਤੇ ਉਸੇ ਮਹੀਨੇ ਦੀ ਨੌਂ ਤਾਰੀਕ ਨੂੰ ਬਰਲਿਨ ਵਿੱਚ ਸੰਵਿਧਾਨ ਅਸੈਂਬਲੀ ਦੇ ਭੰਗ ਹੋਣ ਨੇ ਦਰਸਾ ਦਿੱਤਾ ਕਿ ਇਸ ਘਟਨਾ ਨੇ ਸਾਰੇ ਜਰਮਨੀ ਵਿੱਚ ਉਲਟ-ਇਨਕਲਾਬੀ ਪਾਰਟੀ ਦੇ ਹੌਂਸਲੇ ਤੇ ਤਾਕਤ ਨੂੰ ਤੁਰੰਤ ਹੀ ਕਿਤਨਾ ਉੱਚਾ ਕਰ ਦਿੱਤਾ ਸੀ।

ਪ੍ਰਸ਼ੀਆ ਵਿੱਚ 1848 ਦੀਆਂ ਗਰਮੀਆਂ ਦੀਆਂ ਘਟਨਾਵਾਂ ਛੇਤੀ ਦੱਸੀਆਂ ਜਾਂਦੀਆਂ ਹਨ। ਸੰਵਿਧਾਨ ਅਸੈਂਬਲੀ ਜਾਂ ਸਗੋਂ "ਤਾਜ ਨਾਲ਼ ਇੱਕ ਵਿਧਾਨ ਉੱਤੇ ਸਹਿਮਤੀ ਦੇ ਉਦੇਸ਼ ਲਈ ਚੁਣੀ ਗਈ ਅਸੈਂਬਲੀ" ਅਤੇ ਮੱਧ-ਸ਼੍ਰੇਣੀ ਹਿੱਤ ਦੇ ਪ੍ਰਤੀਨਿਧਾਂ ਦੀ ਇਸ ਦੀ ਬਹੁਗਿਣਤੀ ਬੜੇ ਚਿਰ ਤੋਂ ਵਸੋਂ ਦੇ ਵਧੇਰੇ ਸ਼ਕਤੀਸ਼ਾਲੀ ਅੰਸ਼ਾਂ ਤੋਂ ਡਰਦਿਆਂ ਦਰਬਾਰ ਦੀਆਂ ਸਾਰੀਆਂ ਸਾਜਸ਼ਾਂ ਵਿੱਚ ਆਪਣੇ ਆਪ ਨੂੰ ਸ਼ਾਮਲ ਕਰਨ ਕਰਕੇ ਸਾਰੀ ਜਨਤਾ ਦਾ ਆਦਰ ਮਾਣ ਗਵਾ ਬੈਠੇ ਸਨ। ਉਹਨਾਂ ਨੇ ਜਾਗੀਰਦਾਰੀ ਦੀਆਂ ਘ੍ਰਿਣਾਯੋਗ ਸਹੂਲਤਾਂ ਦੀ ਪੁਸ਼ਟੀ ਜਾਂ ਸਗੋਂ ਉਹਨਾਂ ਨੂੰ ਬਹਾਲ ਕਰ ਦਿੱਤਾ ਸੀ ਅਤੇ ਇਸ ਤਰ੍ਹਾਂ ਕਿਰਸਾਣੀ ਦੀ ਆਜ਼ਾਦੀ ਤੇ ਹਿਤ ਨਾਲ਼ ਗ਼ੱਦਾਰੀ ਕੀਤੀ। ਉਹ ਨਾ ਤਾਂ ਕੋਈ ਵਿਧਾਨ ਤਿਆਰ ਕਰਨ ਦੇ ਤੇ ਨਾ ਹੀ ਕਿਸੇ ਤਰ੍ਹਾਂ ਆਪ ਵਿਧਾਨਕਾਰੀ ਵਿੱਚ ਕੋਈ ਤਰਮੀਮ ਕਰਨ ਦੇ ਯੋਗ ਹੋਏ। ਉਹ ਵਿਸ਼ੇਸ਼ ਤੌਰ 'ਤੇ ਵਧੀਆ ਸਿਧਾਂਤਕ ਵਿਲੱਖਣਤਾਈਆਂ, ਮਹਿਜ਼ ਰਸਮੀ ਗੱਲਾਂ ਅਤੇ ਵਿਆਪਕ ਸਿਸ਼ਟਾਚਾਰ ਦੇ ਸਵਾਲਾਂ ਵਿੱਚ ਹੀ ਰੁੱਝੇ ਰਹੇ। ਅਸਲ ਵਿੱਚ ਅਸੈਂਬਲੀ ਇੱਕ ਅਜਿਹੇ ਅਦਾਰੇ ਨਾਲੋਂ, ਜਿਸ ਵਿੱਚ ਲੋਕ ਦਿਲਚਸਪੀ ਲੈ ਸਕਦੇ, ਵਧੇਰੇ ਆਪਣੇ ਮੈਂਬਰਾਂ ਲਈ ਵਧੀਆ ਪਾਰਲੀਮੈਂਟਰੀ ਸਿਖਲਾਈ ਦਾ ਸਕੂਲ ਸੀ। ਇਸ ਤੋਂ ਉਪਰੰਤ ਬਹੁਗਿਣਤੀਆਂ ਬੜੀ ਚੰਗੀ ਤਰ੍ਹਾਂ ਬਰਾਬਰ ਬਰਾਬਰ ਸਨ ਅਤੇ ਲਗਭਗ ਹਮੇਸ਼ਾਂ ਹੀ ਫ਼ੈਸਲੇ ਡਾਵਾਂਡੋਲ "ਵਿੱਚ ਵਿਚਾਲੇ ਰਹਿਣ ਵਾਲ਼ਿਆਂ" ਰਾਹੀਂ ਹੁੰਦੇ ਸਨ, ਜਿਨ੍ਹਾਂ ਦਾ ਕਦੇ ਖੱਬੇ ਤੋਂ ਸੱਜੇ ਤੇ ਕਦੇ ਸੱਜੇ ਤੋਂ ਖੱਬੇ ਵੱਲ ਝੁਕਾਆਂ ਨੇ ਪਹਿਲਾਂ, ਕੈਂਪਹਾਸੇਨ ਦੀ ਵਜ਼ਾਰਤ ਨੂੰ ਤੇ ਫਿਰ ਅਏਰਸਵਾਲਡ ਤੇ ਹਾਂਸੇਮਾਨ ਦੀਆਂ ਵਜ਼ਾਰਤਾਂ ਨੂੰ ਪਲਟਾ ਦਿੱਤਾ। ਪਰ ਜਿੱਥੋਂ ਤੱਕ ਲਿਬਰਲਾਂ ਦਾ ਸਬੰਧ ਹੈ, ਜੋ ਇੱਥੇ ਵੀ ਹਰ ਥਾਂ ਵਾਂਗ ਸਨ, ਉਹਨਾਂ ਨੇ ਮੌਕਾ ਆਪਣੇ ਹੱਥੋਂ ਨਿਕਲ ਜਾਣ ਦਿੱਤਾ, ਦਰਬਾਰ ਨੇ ਕੁਲੀਨ ਵਰਗ ਅਤੇ ਪੇਂਡੂ ਵਸੋਂ ਦੇ ਬਹੁਤ ਹੀ ਅਣਸਿੱਖਿਅਤ ਭਾਗ ਵਿੱਚ ਤੇ ਫ਼ੌਜ ਤੇ ਨੌਕਰਸ਼ਾਹੀ

ਵਿਚਾਲੇ ਵੀ ਆਪਣੀ ਤਾਕਤ ਦੇ ਅੰਸ਼ਾਂ ਨੂੰ ਪਹਿਚਾਣ ਲਿਆ। ਹਾਂਸੇਮਾਨ ਦੀ ਵਜ਼ਾਰਤ ਦੇ ਉਲਟਾਏ ਜਾਣ ਮਗਰੋਂ ਨੌਕਰਸ਼ਾਹਾਂ ਤੇ ਫ਼ੌਜੀ ਅਫ਼ਸਰਾਂ, ਸਾਰੇ ਕੱਟੜ ਪਿਛਾਂਹ-ਖਿੱਚੂਆਂ ਦੀ ਇੱਕ ਵਜ਼ਾਰਤ ਬਣਾਈ ਗਈ, ਜਿਸ ਨੇ ਪਾਰਲੀਮੈਂਟ ਦੀਆਂ ਮੰਗਾਂ ਵੇਖਣ ਨੂੰ ਪ੍ਰਵਾਨ ਕਰ ਲਈਆਂ ਅਤੇ ਅਸੈਂਬਲੀ ਦੇ ਮੈਂਬਰ "ਮਨੁੱਖਾਂ ਦੇ ਨਹੀਂ ਉਪਾਵਾਂ" ਦੇ ਖੁੱਲ੍ਹੇ ਮੋਕਲੇ ਅਸੂਲ ਉੱਤੇ ਪ੍ਰਭਾਵ ਪਾਉਂਦਿਆਂ ਅਸਲ ਵਿੱਚ ਇਸ ਵਜ਼ਾਰਤ ਦੀ ਸ਼ਲਾਘਾ ਕਰਨ ਦੇ ਧੋਖੇ ਵਿੱਚ ਆ ਗਏ, ਜਦ ਕਿ, ਨਿਰਸੰਦੇਹ, ਉਹਨਾਂ ਕੋਲ਼ ਉਲਟ-ਇਨਕਲਾਬੀ ਸ਼ਕਤੀਆਂ ਨੂੰ ਇਕੱਤਰ ਤੇ ਜੱਥੇਬੰਦ ਹੁੰਦਿਆਂ ਨਹੀਂ ਸਨ ਵੇਖ ਰਹੇ, ਅਮਲ ਜੋ ਉਹੋ ਵਜ਼ਾਰਤ ਖੁੱਲ੍ਹੇ ਤੌਰ 'ਤੇ ਕਰ ਰਹੀ ਸੀ। ਅਖ਼ੀਰ, ਵੀਆਨਾ ਦੀ ਹਾਰ ਦੇ ਫ਼ਲਸਰੂਪ ਸਾਹਮਣੇ ਆਏ ਇੱਕੋ ਇੱਕ ਵਿਅਕਤੀ ਬਾਦਸ਼ਾਹ* ਨੇ ਆਪਣੇ ਵਜ਼ੀਰਾਂ ਨੂੰ ਬਰਖ਼ਾਸਤ ਕਰ ਦਿੱਤਾ ਅਤੇ ਉਹਨਾਂ ਦੀ ਥਾਂ 'ਤੇ ਵਰਤਮਾਨ ਪ੍ਰਧਾਨ ਮੰਤਰੀ ਐੱਮ. ਮਾਂਤੀਓਫੈਲ ਦੀ ਸਰਦਾਰੀ ਹੇਠ "ਕੰਮ ਕਰਨ ਵਾਲ਼ੇ ਬੰਦੇ" ਨਿਯੁਕਤ ਕਰ ਦਿੱਤੇ। ਫਿਰ, ਖ਼ਤਰੇ ਨੂੰ ਸਨਮੁੱਖ ਵੇਖ ਕੇ ਸੁਪਨੇ ਲੈ ਰਹੀ ਅਸੈਂਬਲੀ ਤੁਰੰਤ ਜਾਗ ਪਈ; ਉਸ ਨੇ ਵਜ਼ਾਰਤ ਦੇ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕੀਤਾ, ਜਿਸ ਦੀ ਤੁਰੰਤ ਜਵਾਬ ਅਸੈਂਬਲੀ ਨੂੰ ਬਰਲਿਨ ਤੋਂ, ਜਿੱਥੋਂ ਹੋ ਸਕਦਾ ਸੀ ਕਿ ਉਸ ਨੂੰ, ਟੱਕਰ ਦੀ ਹਾਲਤ ਵਿੱਚ ਜਨਸਮੂਹ ਦੀ ਮਦਦ ਪ੍ਰਾਪਤ ਹੋ ਜਾਂਦੀ, ਬਰੈਂਡਬਰਗ ਵਿੱਚ, ਜੋ ਪੂਰੀ ਤਰ੍ਹਾਂ ਸਰਕਾਰ 'ਤੇ ਨਿਰਭਰ ਕਰਦਾ ਛੋਟਾ ਜਿਹਾ ਪ੍ਰਾਂਤਕ ਨਗਰ ਸੀ, ਲਿਜਾ ਕੇ ਫ਼ਰਮਾਨ ਜਾਰੀ ਕਰ ਦਿੱਤਾ ਗਿਆ। ਪਰ ਅਸੈਂਬਲੀ ਨੇ ਐਲਾਨ ਕੀਤਾ ਕਿ ਉਹ ਇਸ ਦੀ ਆਪਣੀ ਮਨਜ਼ੂਰੀ ਤੋਂ ਬਿਨਾਂ ਨਾ ਮੁਲਤਵੀ ਕੀਤੀ ਜਾ ਸਕਦੀ ਹੈ ਨਾ ਕਿਸੇ ਹੋਰ ਤਾਂ ਲਿਜਾਈ ਜਾ ਸਕਦੀ ਹੈ ਨਾ ਹੀ ਭੰਗ ਕੀਤੀ ਜਾ ਸਕਦੀ ਹੈ। ਇਸੇ ਸਮੇਂ ਦੌਰਾਨ ਜਰਨੈਲ ਰੰਗੇਲ ਕੋਈ ਚਾਲ੍ਹੀ ਹਜ਼ਾਰ ਫ਼ੌਜੀ ਜਵਾਨਾਂ ਨਾਲ਼ ਬਰਲਿਨ ਵਿੱਚ ਆ ਦਾਖ਼ਲ ਹੋਇਆ। ਮਿਊਂਸਪਲ ਮੈਜਿਸਟਰੇਟਾਂ ਅਤੇ ਕੌਮੀ ਗਾਰਡ ਦੇ ਅਫ਼ਸਰਾਂ ਦੀ ਇੱਕ ਮੀਟਿੰਗ ਵਿੱਚ ਉਸ ਦਾ ਟਾਕਰਾ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਅਤੇ ਹੁਣ, ਅਸੈਂਬਲੀ ਤੇ ਇਸ ਦੇ ਅੰਗ ਲਿਬਰਲ ਬੁਰਜੂਆਜ਼ੀ ਵੱਲੋਂ ਮਿਲਵੀਂ ਪਿਛਾਂਹਖਿੱਚੂ ਪਾਰਟੀ ਨੂੰ ਹਰ ਜ਼ਰੂਰੀ ਪੁਜ਼ੀਸ਼ਨ ਉੱਤੇ ਕਬਜ਼ਾ ਕਰਨ ਦੀ ਤੇ ਆਪਣੇ ਹੱਥਾਂ ਵਿੱਚੋਂ ਰੱਖਿਆ ਦਾ ਲਗਭਗ ਹਰ ਸਾਧਨ ਖੋਹ ਲੈਣ ਦੀ ਆਗਿਆ ਦਿੱਤੇ ਜਾਣ ਦੇ ਮਗਰੋਂ ਉਹ "**ਸੁਸਤ ਤੇ ਕਾਨੂੰਨੀ ਮੁਜ਼ਾਹਮਤ**" ਦਾ ਸ਼ਾਨਦਾਰ ਸੁਖਾਂਤ ਅਰੰਭ ਹੋਇਆ ਜਿਸ ਨੂੰ ਉਹ ਹੈਮਪਡੇਨ ਦੀ ਉਦਾਹਰਣ ਦੀ, **ਸੁਤੰਤਰਤਾ ਦੀ ਜੰਗ ਵਿੱਚ ਅਤੇ** ਅਮਰੀਕਨਾਂ ਦੇ ਪਹਿਲੇ ਯਤਨਾਂ ਦੀ ਸ਼ਾਨਦਾਰ ਨਕਲ ਬਣਾਉਣਾ ਚਾਹੁੰਦੇ ਸਨ। ਬਰਲਿਨ ਦੀ ਨਾਕਾਬੰਦੀ ਦਾ ਐਲਾਨ ਕਰ ਦਿੱਤਾ ਗਿਆ ਅਤੇ ਬਰਲਿਨ ਸ਼ਾਂਤ ਰਿਹਾ; ਸਰਕਾਰ ਨੇ ਕੌਮੀ ਗਾਰਡ ਭੰਗ ਕਰ ਦਿੱਤੀ ਅਤੇ ਬਹੁਤ ਹੀ ਵੇਲ਼ੇ ਦੀ ਪਾਬੰਦੀ ਨਾਲ਼ ਉਸ ਤੋਂ ਹਥਿਆਰ ਸੁਟਾ ਲਏ ਗਏ। ਅਸੈਂਬਲੀ ਦਾ ਪੂਰੇ ਪੰਦਰਾਂ ਦਿਨ ਕਦੇ ਇੱਕ ਥਾਂ ਕਦੇ ਦੂਜੀ ਥਾਂ ਤੇ ਉਸ ਦੀਆਂ ਮੀਟਿੰਗਾਂ ਨੂੰ ਪਿਛਾਂਹ ਪਾਇਆ ਜਾਂਦਾ ਰਿਹਾ ਅਤੇ ਹਰ ਥਾਂ 'ਤੇ ਫ਼ੌਜ ਵੱਲੋਂ ਖਿੰਡਾ ਦਿੱਤਾ ਜਾਂਦਾ ਗਿਆ ਅਤੇ ਅਸੈਂਬਲੀ ਦੇ

* ਫਰੀਡਰਿਕ ਵਿਲੀਅਮ ਚੌਥਾ-ਸੰਪਾਦਕ।

ਮੈਂਬਰ ਸ਼ਹਿਰੀਆਂ ਨੂੰ ਸ਼ਾਂਤ ਰਹਿਣ ਦੀਆਂ ਬੇਨਤੀਆਂ ਕਰਦੇ ਰਹੇ। ਅਖ਼ੀਰ, ਜਦੋਂ ਸਰਕਾਰ ਨੇ ਅਸੈਂਬਲੀ ਨੂੰ ਭੰਗ ਕਰਨ ਦਾ ਐਲਾਨ ਕਰ ਦਿੱਤਾ ਤਾਂ ਇਸ ਨੇ ਮਤਾ ਪਾਸ ਕੀਤਾ ਜਿਸ ਰਾਹੀਂ ਟੈਕਸ ਲਾਉਣਾ ਗ਼ੈਰ-ਕਾਨੂੰਨੀ ਕਰਾਰ ਦੇ ਦਿੱਤਾ ਅਤੇ ਫਿਰ ਇਸ ਦੇ ਮੈਂਬਰ ਟੈਕਸ ਦੇਣ ਤੋਂ ਇਨਕਾਰ ਦੀ ਮੁਹਿੰਮ ਜੱਥੇਬੰਦ ਕਰਨ ਲਈ ਸਾਰੇ ਦੇਸ਼ ਵਿੱਚ ਖਿੱਲਰ ਗਏ। ਪਰ ਉਹਨਾਂ ਨੂੰ ਝੱਟ ਪਤਾ ਲੱਗ ਗਿਆ ਕਿ ਆਪਣੇ ਵਸੀਲਿਆਂ ਦੀ ਚੋਣ ਕਰਨ ਵਿੱਚ ਉਹ ਬਹੁਤ ਭਾਰੀ ਗ਼ਲਤ ਫ਼ਹਿਮੀ ਦਾ ਸ਼ਿਕਾਰ ਹੋਏ ਸਨ। ਕੁਝ ਕੁ ਹਫ਼ਤਿਆਂ ਦੀ ਮੁਹਿੰਮ ਦੇ ਮਗਰੋਂ, ਜਦੋਂ ਸਰਕਾਰ ਨੇ ਆਪੋਜ਼ੀਸ਼ਨ ਦੇ ਵਿਰੁੱਧ ਕਰੜੇ ਕਦਮ ਪੁੱਟੇ, ਹਰ ਕਿਸੇ ਨੇ ਭੰਗ ਹੋਈ ਇੱਕ ਅਜਿਹੀ ਅਸੈਂਬਲੀ ਨੂੰ ਖ਼ੁਸ਼ ਕਰਨ ਲਈ ਟੈਕਸਾਂ ਤੋਂ ਇਨਕਾਰ ਕਰਨ ਦਾ ਵਿਚਾਰ ਤੱਜ ਦਿੱਤਾ ਜਿਸ ਵਿੱਚ ਆਪਣੀ ਰਾਖੀ ਕਰਨ ਦੀ ਵੀ ਹਿੰਮਤ ਨਹੀਂ ਸੀ।

ਜਿਵੇਂ ਕਿ, ਨਵੰਬਰ 1848 ਦੇ ਅਰੰਭ ਵਿੱਚ ਹਥਿਆਰਬੰਦ ਮੁਜ਼ਾਹਮਤ ਦਾ ਯਤਨ ਬਹੁਤ ਹੀ ਪੱਛੜਿਆ ਹੋਇਆ ਸੀ ਜਾਂ ਭਾਵੇਂ ਫ਼ੌਜ ਦਾ ਇੱਕ ਭਾਗ, ਗੰਭੀਰ ਵਿਰੋਧਤਾ ਨੂੰ ਵੇਖਦਿਆਂ ਅਸੈਂਬਲੀ ਦੇ ਪੱਖ ਵਿੱਚ ਹੋ ਗਿਆ ਹੁੰਦਾ ਤੇ ਇਸ ਤਰ੍ਹਾਂ ਮਾਮਲੇ ਦਾ ਫ਼ੈਸਲਾ ਇਸ ਦੇ ਪੱਖ ਵਿੱਚ ਹੋ ਜਾਣਾ ਸੀ, ਇੱਕ ਅਜਿਹਾ ਸੁਆਲ ਹੈ ਜੋ ਕਦੇ ਵੀ ਹੱਲ ਨਹੀਂ ਹੋਣਾ। ਪਰ ਇਨਕਲਾਬ ਵਿੱਚ ਵੀ, ਜੰਗ ਵਾਂਗ, ਹਮੇਸ਼ਾ ਜ਼ਰੂਰੀ ਹੁੰਦਾ ਹੈ ਕਿ ਮਜ਼ਬੂਤ ਟੱਕਰ ਲਈ ਜਾਵੇ ਅਤੇ ਉਹ ਜਿਹੜਾ ਹਮਲਾ ਕਰਦਾ ਹੈ ਲਾਭ ਵਿੱਚ ਰਹਿੰਦਾ ਹੈ ਅਤੇ ਇਨਕਲਾਬ ਵਿੱਚ ਵੀ, ਜੰਗ ਵਾਂਗ ਨਿਰਣਾਇਕ ਛਿਣ ਉੱਤੇ ਹਰ ਚੀਜ਼ ਦਾਅ ਉੱਤੇ ਲਾਉਣ, ਦੀ ਬਹੁਤ ਹੀ ਜ਼ਰੂਰਤ ਹੁੰਦੀ ਹੈ, ਭਾਵੇਂ ਕਿੰਨੀਆਂ ਹੀ ਔਕੜਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਇਤਿਹਾਸ ਵਿੱਚ ਅਜਿਹਾ ਇੱਕ ਵੀ ਸਫ਼ਲ ਇਨਕਲਾਬ ਨਹੀਂ ਹੈ ਜਿਸ ਨੇ ਇਹਨਾਂ ਕਥਨਾਂ ਦੀ ਸੱਚਾਈ ਨੂੰ ਸਿੱਧ ਨਾ ਕੀਤਾ ਹੋਵੇ। ਹੁਣ ਪ੍ਰਸ਼ੀਅਨ ਇਨਕਲਾਬ ਲਈ, ਨਿਰਣਾਇਕ ਘੜੀ ਨਵੰਬਰ 1848 ਵਿੱਚ ਆਈ ਸੀ; ਅਸੈਂਬਲੀ ਨੇ ਜੋ ਸਮੁੱਚੇ ਇਨਕਲਾਬੀ ਹਿੱਤ ਦੀ ਮੁੱਖੀ ਸੀ, ਇੱਕ ਮਜ਼ਬੂਤ ਟੱਕਰ ਨਾ ਲਈ ਕਿਉਂ ਜੋ ਇਹ ਫ਼ੌਜ ਦੀ ਹਰ ਪ੍ਰਗਤੀ ਦੇ ਸਾਹਮਣੇ ਪਿਛਾਂਹ ਹੱਟਦੀ ਗਈ; ਹਮਲਾ ਕਰਨਾ ਤਾਂ ਕਿਤੇ ਰਿਹਾ ਇਸ ਨੇ ਆਪਣੇ ਬਚਾਅ ਲਈ ਵੀ ਕੁਝ ਨਾ ਕੀਤਾ; ਅਤੇ ਜਦੋਂ ਨਿਰਣਾਇਕ ਘੜੀ ਆਈ, ਜਦੋਂ ਰੈਂਗੇਲ ਨੇ ਚਾਲ੍ਹੀ ਹਜ਼ਾਰ ਦੀ ਫ਼ੌਜ ਲੈ ਕੇ ਬਰਲਿਨ ਦੀ ਬੂਹਿਆਂ ਨੂੰ ਆ ਠਕੋਰਿਆ, ਇਹ ਵੇਖਣ ਦੀ ਥਾਂ ਜਿਵੇਂ ਕਿ ਉਹ ਤੇ ਉਸ ਦੇ ਸਾਰੇ ਅਫ਼ਸਰ ਆਮ ਕਰਦੇ ਸਨ, ਕਿ ਹਰ ਗਲੀ ਵਿੱਚ ਨਾਕਾਬੰਦੀ ਉਸਰੀ ਹੋਵੇਗੀ, ਹਰ ਖਿੜਕੀ ਇੱਕ ਵਿਰਲ ਵਿੱਚ ਬਦਲ ਗਈ ਹੋਵੇਗੀ, ਉਸ ਨੇ ਬੂਹੇ ਚੌਪਟ ਖੁੱਲ੍ਹੇ ਹੋਏ ਵੇਖੇ ਅਤੇ ਉਸ ਨੇ ਗਲੀਆਂ ਵਿੱਚ ਸ਼ਾਂਤਮਈ ਬਰਲਿਨ ਵਾਸੀਆਂ ਨੂੰ ਹੈਰਾਨ ਹੋਏ ਸਿਪਾਹੀਆਂ ਦਾ ਸਾਹਮਣੇ ਆਪਣੇ ਆਪ ਨੂੰ ਹੱਥ ਤੇ ਪੈਰ ਨੂੜਕੇ ਸੌਂਪਣ ਦੇ ਉਸ ਨਾਲ਼ ਕੀਤੇ ਗਏ ਮਖ਼ੌਲ ਦਾ ਆਨੰਦ ਮਾਣਿਆ। ਇਹ ਠੀਕ ਹੈ ਅਸੈਂਬਲੀ ਤੇ ਲੋਕ, ਜੇ ਉਹਨਾਂ ਨੇ ਮੁਜ਼ਾਹਮਤ ਕੀਤੀ ਹੁੰਦੀ, ਹੋ ਸਕਦਾ ਹੈ ਹਾਰ ਖਾ ਜਾਂਦੇ; ਹੋ ਸਕਦਾ ਹੈ ਬਰਲਿਨ ਉੱਤੇ ਬੰਬਾਰੀ ਕੀਤੀ ਜਾਂਦੀ ਤੇ ਹੋ ਸਕਦਾ ਹੈ, ਸ਼ਾਹੀ ਪਾਰਟੀ ਦੀ ਮੂਲ ਜਿੱਤ ਨੂੰ ਰੋਕੇ ਬਿਨਾਂ ਸੈਂਕੜੇ ਲੋਕ ਮਾਰੇ ਜਾਂਦੇ। ਪਰ ਇਹ ਇਸ ਗੱਲ ਦੀ ਕੋਈ ਦਲੀਲ ਨਹੀਂ ਕਿ ਉਹਨਾਂ ਨੂੰ ਤੁਰੰਤ ਹਥਿਆਰ ਸੁੱਟ ਦੇਣੇ ਚਾਹੀਦੇ ਸਨ।

ਚੰਗੀ ਤਰ੍ਹਾਂ ਮੁਕਾਬਲਾ ਕਰ ਕੇ ਹੋਈ ਹਾਰ ਵੀ ਅਸਲ ਵਿੱਚ, ਆਸਾਨੀ ਨਾਲ਼ ਪ੍ਰਾਪਤ ਕੀਤੀ ਜਿੱਤ ਜਿਤਨੀ ਹੀ ਇਨਕਲਾਬੀ ਮਹੱਤਤਾ ਰੱਖਦੀ ਹੈ। ਜੂਨ, 1849 ਵਿੱਚ ਪੈਰਿਸ ਅਤੇ ਅਕਤੂਬਰ ਵਿੱਚ ਵੀਆਨਾ ਦੀਆਂ ਹਾਰਾਂ ਨੇ ਫ਼ਰਵਰੀ ਤੇ ਮਾਰਚ ਦੀਆਂ ਜਿੱਤਾਂ ਨਾਲ਼ੋਂ ਇਹਨਾਂ ਦੋਹਾਂ ਸ਼ਹਿਰਾਂ ਦੇ ਲੋਕਾਂ ਦੇ ਮਨਾਂ ਨੂੰ ਕਿਤੇ ਵਧੇਰੇ ਇਨਕਲਾਬੀ ਬਣਾਇਆ। ਬਰਲਿਨ ਦੀ ਅਸੈਂਬਲੀ ਤੇ ਲੋਕਾਂ ਨੇ ਜ਼ਰੂਰ ਹੀ ਉੱਪਰ ਵਰਨਣ ਕੀਤੇ ਦੋਹਾਂ ਸ਼ਹਿਰਾਂ ਦੀ ਹੋਣੀ ਨੂੰ ਵੰਡਾਇਆ ਹੁੰਦਾ, ਪਰ ਉਹਨਾਂ ਨੂੰ ਸ਼ਾਨ ਨਾਲ਼ ਹਾਰਨਾ ਚਾਹੀਦਾ ਸੀ ਅਤੇ, ਉਹ ਆਪਣੇ ਪਿੱਛੇ ਬਚ ਬੈਠ ਜਾਂਦੇ ਲੋਕਾਂ ਦੇ ਮਨਾਂ ਵਿੱਚ ਇੱਕ ਬਦਲੇ ਦੀ ਭਾਵਨਾ ਛੱਡ ਗਏ ਹੁੰਦੇ ਜੋ ਇਨਕਲਾਬੀ ਸਮਿਆਂ ਵਿੱਚ ਇੱਕ ਸ਼ਕਤੀਸ਼ਾਲੀ ਤੇ ਉਤਸ਼ਾਹ ਭਰਪੂਰ ਕਾਰਵਾਈ ਲਈ ਇੱਕ ਬਹੁਤ ਹੀ ਉੱਚੀ ਉਤੇਜਨਾ ਹੁੰਦੀ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਹਰ ਜੱਦੋਜਹਿਦ ਵਿੱਚ, ਉਹ ਜੋ ਵੰਗਾਰ ਦਾ ਟਾਕਰਾ ਕਰਦਾ ਹੈ ਹਾਰਨ ਦਾ ਖ਼ਤਰਾ ਮੁੱਲ ਲੈਂਦਾ ਹੈ, ਪਰ ਇਹ ਕਿਹੋ ਜਿਹੀ ਸਿਆਣਪ ਹੈ ਕਿ ਉਹ ਆਪਣੇ ਆਪ ਨੂੰ ਹਾਰਿਆ ਹੋਇਆ ਕਬੂਲ ਕਰ ਲਵੇ ਅਤੇ ਬਿਨਾਂ ਤਲਵਾਰ ਉਠਾਏ ਗ਼ੁਲਾਮੀ ਦਾ ਜੂਲ੍ਹਾ ਗਲ਼ ਪਵਾ ਲਵੇ ?

ਇਨਕਲਾਬ ਵਿੱਚ, ਉਹ ਜਿਸ ਦੇ ਹੱਥ ਵਿੱਚ ਇੱਕ ਨਿਰਣਾਇਕ ਪੁਜ਼ੀਸ਼ਨ ਹੁੰਦੀ ਹੈ, ਦੁਸ਼ਮਣ ਨੂੰ ਆਪਣੇ ਕਰਾਰੇ ਹੱਥ ਵਿਖਾਉਣ ਦੀ ਥਾਂ ਹਥਿਆਰ ਸੁੱਟ ਦੇਂਦਾ ਹੈ, ਉਹ ਅਵੱਸ਼ ਹੀ ਗ਼ੱਦਾਰ ਨਾਲ਼ ਕੀਤੇ ਜਾਂਦੇ ਸਲੂਕ ਦਾ ਹੱਕਦਾਰ ਹੁੰਦਾ ਹੈ।

ਪ੍ਰਸ਼ੀਅਨ ਬਾਦਸ਼ਾਹ ਦੇ ਉਸ ਫ਼ੁਰਮਾਨ ਨੇ, ਜਿਸ ਨੇ ਸੰਵਿਧਾਨ ਅਸੈਂਬਲੀ ਨੂੰ ਭੰਗ ਕੀਤਾ ਸੀ ਨਵੇਂ ਵਿਧਾਨ ਦਾ ਐਲਾਨ ਕਰ ਦਿੱਤਾ ਜੋ ਉਸ ਖਰੜੇ ਉੱਤੇ ਆਧਾਰਤ ਸੀ ਜੋ ਅਸੈਂਬਲੀ ਦੀ ਇੱਕ ਕਮੇਟੀ ਵੱਲੋਂ ਤਿਆਰ ਕੀਤਾ ਗਿਆ ਸੀ, ਪਰ ਕੁੱਝ ਨੁਕਤਿਆਂ ਵਿੱਚ ਉਸ ਦੇ ਅਧਿਕਾਰ ਵਧਾ ਦਿੱਤੇ ਗਏ ਸਨ, ਹੋਰਨਾਂ ਵਿੱਚ ਜੋ ਪਾਰਲੀਮੈਂਟ ਦੇ ਅਧਿਕਾਰਾਂ ਬਾਰੇ ਸਨ, ਸ਼ੰਕਾਪੂਰਨ ਬਣਾ ਦਿੱਤਾ। ਇਸ ਵਿਧਾਨ ਦੇ ਦੋ ਸਦਨ ਸਥਾਪਤ ਕੀਤੇ, ਜਿਨ੍ਹਾਂ ਨੇ ਇਸ ਦੀ ਪੁਸ਼ਟੀ ਤੇ ਸੋਧਣ ਦੇ ਉਦੇਸ਼ ਲਈ ਛੇਤੀ ਹੀ ਜੁੜਨਾ ਸੀ।

ਸਾਨੂੰ ਇਹ ਪੁੱਛਣ ਦੀ ਲੋੜ ਨਹੀਂ ਕਿ ਪ੍ਰਸ਼ੀਆ ਦੇ ਵਿਧਾਨਵਾਦੀਆਂ ਦੀ "ਕਾਨੂੰਨੀ ਤੇ ਸ਼ਾਂਤਮਈ" ਜੱਦੋਜਹਿਦ ਦੌਰਾਨ ਜਰਮਨ ਕੌਮੀ ਅਸੈਂਬਲੀ ਕਿੱਥੇ ਸੀ। ਇਹ ਹਮੇਸ਼ਾਂ ਵਾਂਗ ਫ਼ਰੈਂਕਫ਼ੋਰਟ ਵਿੱਚ ਸੀ, ਜੋ ਪ੍ਰਸ਼ੀਅਨ ਸਰਕਾਰ ਦੀ ਕਾਰਵਾਈ ਦੇ ਵਿਰੁੱਧ ਬਹੁਤ ਹੀ ਸਿੱਧੜ ਜਿਹੇ ਮਤੇ ਪਾਸ ਕਰਨ ਵਿੱਚ ਅਤੇ "ਵਹਿਸ਼ੀ ਤਾਕਤ ਦੇ ਸਮੁੱਚੇ ਲੋਕਾਂ ਦੀ ਸੁਸਤ ਕਾਨੂੰਨੀ ਤੇ ਇੱਕ-ਮੱਤ ਮੁਜ਼ਾਹਮਤ ਦੀਆਂ ਪ੍ਰਭਾਵਸ਼ਾਲੀ ਨਜ਼ਾਰਿਆਂ" ਦੀ ਸ਼ਲਾਘਾ ਕਰਨ ਵਿੱਚ ਰੁੱਝੀ ਹੋਈ ਸੀ। ਕੇਂਦਰੀ ਸਰਕਾਰ ਨੇ ਵਜ਼ਾਰਤ ਤੇ ਅਸੈਂਬਲੀ ਵਿਚਾਲੇ ਸਾਲਸੀ ਲਈ ਕਮਿਸ਼ਨ ਬਰਲਿਨ ਭੇਜੇ, ਪਰ ਉਹਨਾਂ ਨਾਲ਼ ਵੀ ਉਹੋ ਕੁੱਝ ਵਾਪਰਿਆ ਜੋ ਕੁੱਝ ਉਹਨਾਂ ਤੋਂ ਪਹਿਲਿਆਂ ਨਾਲ਼ ਊਲਮੂਟਜ਼ ਵਿੱਚ ਵਾਪਰਿਆ ਸੀ ਅਤੇ ਉਹਨਾਂ ਨੂੰ ਬੜੇ ਆਰਾਮ ਨਾਲ਼ ਪਰਤਾ ਦਿੱਤਾ। ਕੌਮੀ ਅਸੈਂਬਲੀ ਦੇ ਖੱਬੇ ਧੜੇ ਨੇ, ਕਥਿਤ ਰੈਡੀਕਲ ਪਾਰਟੀ ਨੇ ਵੀ ਆਪਣੇ ਕਮਿਸ਼ਨਰ ਭੇਜੇ; ਪਰ ਬਰਲਿਨ ਅਸੈਂਬਲੀ ਦੀ ਉੱਕਾ ਹੀ ਨਿਰਾਸ਼ਤਾ ਬਾਰੇ ਆਪਣੇ ਆਪ ਨੂੰ ਕਾਇਲ ਕਰਨ ਮਗਰੋਂ ਤੇ ਉਨੀ ਹੀ ਆਪਣੀ ਨਿਰਾਸ਼ਤਾ ਨੂੰ ਕਬੂਲ ਕਰਨ ਮਗਰੋਂ ਉਹ ਬਰਲਿਨ ਦੀ ਵਸੋਂ ਦੇ

ਬਹੁਤ ਹੀ ਸ਼ਲਾਘਾ ਯੋਗ ਸ਼ਾਂਤਮਈ ਵਤੀਰੇ ਦੀ ਤਸਦੀਕ ਕਰਨ ਲਈ ਅਤੇ ਤਰੱਕੀ ਬਾਰੇ ਰਿਪੋਰਟ ਕਰਨ ਲਈ ਫ਼ਰੈਂਕਫ਼ੋਰਟ ਪਰਤ ਆਏ। ਨਹੀਂ, ਇਸ ਤੋਂ ਵੀ ਵੱਧ : ਜਦੋਂ ਕੇਂਦਰੀ ਸਰਕਾਰ ਦੇ ਇੱਕ ਕਮਿਸ਼ਨਰ ਮਿਸਟਰ ਬਾਸਰਮਾਨ ਨੇ ਇਹ ਰਿਪੋਰਟ ਦਿੱਤੀ ਕਿ ਪ੍ਰਸ਼ੀਆ ਦੇ ਵਜ਼ੀਰਾਂ ਵੱਲੋਂ ਪੁੱਟੇ ਗਏ ਕਰੜੇ ਕਦਮ ਬਿਨਾਂ ਕਿਸੇ ਅਧਾਰ ਦੇ ਨਹੀਂ ਸਨ, ਇੱਥੋਂ ਤੱਕ ਕਿ ਬਰਲਿਨ ਦੀਆਂ ਗਲੀਆਂ ਬਜ਼ਾਰਾਂ ਵਿੱਚ ਦੇਰ ਤੱਕ ਵਹਿਸ਼ੀ ਦਿਖਾਈ ਦੇਂਦੇ ਵਿਅਕਤੀ ਇੱਧਰ ਉੱਧਰ ਫਿਰਦੇ ਵੇਖੇ ਗਏ ਸਨ, ਜਿਹੋ ਜਿਹੇ ਅਰਾਜਕਤਾਵਾਦੀ ਲਹਿਰਾਂ ਤੋਂ ਪਹਿਲਾਂ ਹਮੇਸ਼ਾ ਵਿਖਾਈ ਦੇਂਦੇ ਹਨ (ਅਤੇ ਜਿਨ੍ਹਾਂ ਨੂੰ ਉਦੋਂ ਤੋਂ ਹੀ "ਬਾਸਰਮਾਨੀ ਵਿਅਕਤੀ" ਦਾ ਨਾਂਅ ਦਿੱਤਾ ਗਿਆ ਹੈ, ਇਹ ਖੱਬੇ ਧੜੇ ਦੇ ਯੋਗ ਡਿਪਟੀ ਅਤੇ ਇਨਕਲਾਬੀ ਹਿੱਤ ਦੇ ਸ਼ਕਤੀਸ਼ਾਲੀ ਪ੍ਰਤੀਨਿਧ ਅਸਲ ਵਿੱਚ ਇਹ ਸਹੁੰ ਚੁੱਕਣ ਲਈ ਤੇ ਇਸ ਗੱਲ ਦੀ ਤਸਦੀਕ ਕਰਨ ਲਈ ਨਿੱਤਰੇ ਕਿ ਅਜਿਹੀ ਹਾਲਤ ਨਹੀਂ ਸੀ। ਸੋ ਦੋ ਮਹੀਨਿਆਂ ਦੇ ਅੰਦਰ ਅੰਦਰ, ਫ਼ਰੈਂਕਫ਼ੋਰਟ ਅਸੈਂਬਲੀ ਦੀ ਪੂਰੀ ਨਿਪੁੰਸਕਤਾ ਉੱਘੜਵੇਂ ਰੂਪ ਵਿੱਚ ਸਿੱਧ ਹੋ ਗਈ। ਇਸ ਤੋਂ ਵਧੇਰੇ ਉੱਘੜਵਾਂ ਸਬੂਤ ਨਹੀਂ ਹੋ ਸਕਦਾ ਕਿ ਇਹ ਅਦਾਰਾ ਆਪਣੇ ਕੰਮ ਦੇ ਬਿਲਕੁਲ ਹੀ ਅਸਮਰੱਥ ਸੀ; ਇਹੋ ਹੀ ਨਹੀਂ, ਉਸ ਨੂੰ ਰਤਾ ਜਿੰਨਾ ਵੀ ਖ਼ਿਆਲ ਨਹੀਂ ਸੀ ਕਿ ਉਸ ਦਾ ਕਾਰਨ ਅਸਲ ਵਿੱਚ ਕੀ ਸੀ। ਇਹ ਹਕੀਕਤ ਕਿ ਵੀਆਨਾ ਤੇ ਬਰਲਿਨ ਵਿੱਚ ਦੋਹੀਂ ਥਾਈਂ ਇਨਕਲਾਬ ਦੀ ਹੋਣੀ ਦਾ ਫ਼ੈਸਲਾ ਹੋ ਗਿਆ ਸੀ, ਕਿ ਇਹਨਾਂ ਦੋਹਾਂ ਰਾਜਧਾਨੀਆਂ ਵਿੱਚ ਫ਼ਰੈਂਕਫ਼ੋਰਟ ਦੀ ਅਸੈਂਬਲੀ ਦੀ ਹੋਂਦ ਤੋਂ ਬਿਨਾਂ, ਜਿਸ ਨੇ ਉਹਨਾਂ ਦਾ ਰਤਾ ਜਿੰਨਾ ਵੀ ਖ਼ਿਆਲ ਨਹੀਂ ਸੀ ਕੀਤਾ, ਬਹੁਤ ਹੀ ਜ਼ਰੂਰੀ ਸਵਾਲ ਨਿਪਟਾ ਦਿੱਤੇ ਗਏ ਸਨ—ਇਹ ਤੱਥ ਇਕੱਲਾ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਇਹ ਅਦਾਰਾ ਮਹਿਜ਼ ਇੱਕ ਚਰਚਾ ਦੀ ਕਲੱਬ ਸੀ, ਜੋ ਕੁੱਝ ਬੁੱਧੂ ਤੇ ਸਿੱਧੜ ਬੰਦਿਆਂ ਉੱਤੇ ਅਧਾਰਤ ਸੀ, ਜਿਨ੍ਹਾਂ ਨੇ ਆਪਣੇ ਆਪ ਨੂੰ ਪਾਰਲੀਮੈਂਟਰੀ ਕਠਪੁਤਲੀਆਂ ਵਜੋਂ, ਛੋਟੇ ਰਾਜਾਂ ਤੇ ਛੋਟੇ ਨਗਰਾਂ ਦੇ ਦੁਕਾਨਦਾਰਾਂ ਤੇ ਛੋਟੇ ਤਾਜਰਾਂ ਨੂੰ ਖ਼ੁਸ਼ ਕਰਨ ਲਈ ਵਰਤੇ ਜਾਣ ਦੀ ਸਰਕਾਰ ਨੂੰ ਆਗਿਆ ਦਿੱਤੀ ਹੋਈ ਸੀ ਜਿੰਨਾ ਚਿਰ ਉਹ ਇਹਨਾਂ ਪਾਰਟੀਆਂ ਦਾ ਧਿਆਨ ਲਾਂਭੇ ਕਰਨਾ ਠੀਕ ਸਮਝਦੀ ਸੀ। ਕਿਤਨੇ ਸਮੇਂ ਤੱਕ ਇਸ ਨੂੰ ਸੁਖਾਲ਼ਾ ਸਮਝਿਆ ਗਿਆ, ਅਸੀਂ ਛੇਤੀ ਹੀ ਵੇਖਾਂਗੇ। ਪਰ ਇਹ ਤੱਥ ਧਿਆਨ ਦੇਣ ਯੋਗ ਹੈ ਕਿ ਇਸ ਅਸੈਂਬਲੀ ਦੇ ਸਾਰੇ "ਉੱਘੇ" ਬੰਦਿਆਂ ਵਿਚਾਲੇ ਇੱਕ ਵੀ ਅਜਿਹਾ ਵਿਅਕਤੀ ਨਹੀਂ ਸੀ ਜਿਸ ਨੂੰ ਉਸ ਰੋਲ ਬਾਰੇ ਰਤਾ ਜਿੰਨਾ ਵੀ ਗਿਆਨ ਹੋਵੇ ਜਿਸ ਨੂੰ ਅਦਾ ਕਰਨ ਲਈ ਉਹਨਾਂ ਨੂੰ ਬਣਾਇਆ ਗਿਆ ਸੀ ਅਤੇ ਕਿ ਅੱਜ ਦੇ ਦਿਨ ਤੱਕ ਫ਼ਰੈਂਕਫ਼ੋਰਟ ਦੇ ਸਾਬਕ ਮੈਂਬਰਾਂ ਕੋਲ਼ ਇਤਿਹਾਸਕ ਅਨੁਭਵ ਦੇ ਹਮੇਸ਼ਾ ਸਾਧਨ ਰਹੇ ਹਨ ਜਿਨ੍ਹਾਂ ਤੋਂ ਉਹ ਬਿਲਕੁਲ ਅਣਜਾਣ ਹਨ।

ਲੰਡਨ, ਮਾਰਚ 1852.

# XIV
## ਅਮਨ ਚੈਨ ਦੀ ਬਹਾਲੀ। ਡੀਟ ਤੇ ਸਦਨ

ਸਾਲ 1849 ਦੇ ਪਹਿਲੇ ਮਹੀਨਿਆਂ ਵਿੱਚ ਅਸਟਰੀਆ ਤੇ ਪ੍ਰਸ਼ੀਆ ਦੀਆਂ ਸਰਕਾਰਾਂ ਅਕਤੂਬਰ ਵਿੱਚ ਤੇ ਅਖ਼ੀਰ ਨਵੰਬਰ ਵਿੱਚ ਪ੍ਰਾਪਤ ਕੀਤੇ ਲਾਭਾਂ ਦਾ ਪਿੱਛਾ ਕਰਨ ਵਿੱਚ ਰੁੱਝੀਆਂ ਰਹੀਆਂ। ਅਸਟਰੀਆ ਦੀ ਡੀਟ ਨੇ, ਵੀਆਨਾ ਨੂੰ ਪ੍ਰਾਪਤ ਕਰਨ ਦੇ ਸਮੇਂ ਤੋਂ ਹੀ ਇੱਕ ਛੋਟੇ ਜਿਹੇ ਕਰੇਮਸੀਅਰ ਨਾਮੀ ਮੋਰਾਵਿਆਈ ਪੇਂਡੂ ਨਗਰ ਵਿੱਚ ਮਹਿਜ਼ ਨਾਂ ਮਾਤਰ ਆਪਣੀ ਹੋਂਦ ਨੂੰ ਹੀ ਸਥਾਪਤ ਕੀਤਾ। ਇੱਥੇ ਸਲਾਵੋਨਿਆਈ ਡਿਪਟੀਆਂ ਨੂੰ, ਜਿਹੜੇ, ਅਸਟਰੀਆ ਦੀ ਸਰਕਾਰ ਨੂੰ ਉਸ ਦੀ ਮਾਂਦਗੀ ਤੋਂ ਉੱਪਰ ਚੁੱਕਣ ਦਾ ਮੁੱਖ ਹਥਿਆਰ ਰਹੇ ਸਨ, ਯੂਰਪੀ ਇਨਕਲਾਬ ਦੇ ਵਿਰੁੱਧ ਉਹਨਾਂ ਦੀ ਗ਼ੱਦਾਰੀ ਲਈ ਅਸਾਧਾਰਨ ਸਜ਼ਾ ਦਿੱਤੀ ਗਈ; ਜਿਵੇਂ ਹੀ ਸਰਕਾਰ ਨੇ ਆਪਣੀ ਤਾਕਤ ਮੁੜ ਕੇ ਪ੍ਰਾਪਤ ਕਰ ਲਈ, ਉਸ ਨੇ ਸਲਾਵੋਨਿਆਈ ਬਹੁਗਿਣਤੀ ਤੇ ਡੀਟ ਨਾਲ਼ ਘ੍ਰਿਣਾ ਯੋਗ ਸਲੂਕ ਕੀਤਾ ਅਤੇ ਜਦੋਂ ਸ਼ਾਹੀ ਹਥਿਆਰਾਂ ਦੀਆਂ ਪਹਿਲੀਆਂ ਸਫ਼ਲਤਾਵਾਂ ਨੇ ਹੰਗਰਿਆਈ ਜੰਗ ਦੇ ਤੇਜ਼ੀ ਨਾਲ਼ ਖ਼ਾਤਮੇ ਬਾਰੇ ਪੂਰਵ ਸੰਕੇਤ ਦੇ ਦਿੱਤੇ, 4, ਮਾਰਚ ਨੂੰ ਡੀਟ ਨੂੰ ਭੰਗ ਕਰ ਦਿੱਤਾ ਗਿਆ ਅਤੇ ਫ਼ੌਜੀ ਤਾਕਤ ਨਾਲ਼ ਡਿਪਟੀ ਖਿੰਡਾ ਪੁੰਡਾ ਦਿੱਤੇ ਗਏ। ਅਖ਼ੀਰ ਸਲਾਵੋਨਿਆਈਆਂ ਨੇ ਵੇਖਿਆ ਕਿ ਉਹਨਾਂ ਨਾਲ਼ ਧੋਖਾ ਕੀਤਾ ਗਿਆ ਹੈ ਤੇ ਫਿਰ ਉਹਨਾਂ ਚੀਕ ਕੇ ਆਖਿਆ : ਆਓ, ਅਸੀਂ ਫ਼ਰੈਂਕਫ਼ੋਰਟ ਚੱਲੀਏ ਅਤੇ ਉੱਥੇ ਵਿਰੋਧਤਾ ਨੂੰ ਜਾਰੀ ਰੱਖੀਏ ਜੋ ਅਸੀਂ ਇੱਥੇ ਨਹੀਂ ਕਰ ਸਕਦੇ ! ਪਰ ਉਦੋਂ ਤੱਕ ਬਹੁਤ ਦੇਰ ਹੋ ਗਈ ਸੀ ਅਤੇ ਇਹ ਹਕੀਕਤ ਕਿ ਉਹਨਾਂ ਕੋਲ਼ ਇਸ ਤੋਂ ਬਿਨਾਂ ਕੋਈ ਬਦਲ ਨਹੀਂ ਸੀ ਕਿ ਜਾਂ ਤਾਂ ਖ਼ਾਮੋਸ਼ ਰਹਿਣ ਜਾਂ ਫ਼ਰੈਂਕਫ਼ੋਰਟ ਦੀ ਨਿਪੁੰਸਕ ਅਸੈਂਬਲੀ ਵਿੱਚ ਸ਼ਾਮਲ ਹੋ ਜਾਣ—ਕੇਵਲ ਇਹ ਤੱਥ ਉਹਨਾਂ ਦੀ ਨਿਪਟ ਨਿਰਾਸ਼ਤਾ ਨੂੰ ਦਰਸਾਉਣ ਲਈ ਕਾਫ਼ੀ ਸੀ।

ਸੋ ਇਸ ਤਰ੍ਹਾਂ, ਵਰਤਮਾਨ ਲਈ ਜਾਂ ਬਹੁਤ ਸੰਭਵ ਹੈ ਹਮੇਸ਼ਾ ਲਈ, ਜਰਮਨੀ ਦੇ ਸਲਾਵੋਨਿਆਈਆਂ ਦੇ ਇੱਕ ਸੁਤੰਤਰ ਕੌਮੀ ਹੋਂਦ ਮੁੜ ਪ੍ਰਾਪਤ ਕਰਨ ਦੇ ਯਤਨ ਖ਼ਤਮ ਹੋ ਗਏ। ਅਣਗਿਣਤ ਕੌਮਾਂ ਦੇ ਬਚੇ ਖੁਚੇ ਥਾਂ ਥਾਂ ਖਿੱਲਰੇ ਹੋਏ ਲੋਕ ਜਿਨ੍ਹਾਂ ਦੀ ਕੌਮੀਅਤ ਤੇ ਰਾਜਨੀਤਕ ਸ਼ਕਤੀ ਬੜੇ ਚਿਰ ਤੋਂ ਅਲੋਪ ਹੋ ਗਈ ਸੀ ਅਤੇ ਜੋ ਸਿੱਟੇ ਵਜੋਂ, ਲਗਭਗ ਇੱਕ ਹਜ਼ਾਰ ਸਾਲ ਲਈ ਇੱਕ ਵਧੇਰੇ ਸ਼ਕਤੀਸ਼ਾਲੀ ਉਹਨਾਂ ਨੂੰ ਜਿੱਤਣ ਵਾਲੀ ਕੌਮ ਦੇ ਪਿੱਛੇ ਪਿੱਛੇ ਤੁਰਦੇ ਰਹੇ ਸਨ, ਉਸ ਤਰ੍ਹਾਂ ਜਿਵੇਂ ਇੰਗਲੈਂਡ ਵਿੱਚ ਵੈਲਿਸ, ਸਪੇਨ ਵਿੱਚ ਬਾਸ, ਫ਼ਰਾਂਸ ਵਿੱਚ ਬਾਸ-ਬਰੇਟਨ ਅਤੇ ਹੁਣੇ ਪਿੱਛੇ ਜਿਹੇ ਦੇ ਸਮੇਂ ਵਿੱਚ ਜਿਵੇਂ ਅਮਰੀਕਾ ਉੱਤੇ ਐਂਗਲੋ-ਅਮਰੀਕੀ ਨਸਲ ਨੇ ਕਬਜ਼ਾ ਕਰ ਲਿਆ ਸੀ — ਇਹ ਮਰ ਰਹੀਆਂ ਕੌਮੀਅਤਾਂ, ਬੋਹੇਮੀਅਨ, ਕਾਰਨੀਥੀਅਨ, ਡਾਲਮਾਟੀਅਨ, ਆਦਿ ਨੇ 1848 ਦੀ ਵਿਸ਼ਵਵਿਆਪੀ ਗੜਬੜ ਰਾਹੀਂ ਲਾਭ ਪ੍ਰਾਪਤ ਕਰਨ ਦਾ ਯਤਨ ਕੀਤਾ ਤਾਂ ਜੋ ਉਹ ਆਪਣੀ ਏ.ਡੀ.800 ਵਾਲ਼ੀ ਜਿਉਂ ਦੀ ਤਿਉਂ ਰਾਜਨੀਤਕ ਪੁਜ਼ੀਸ਼ਨ ਨੂੰ ਬਹਾਲ ਕਰ ਸਕਦੀਆਂ। ਇੱਕ ਹਜ਼ਾਰ ਸਾਲ ਦੇ ਇਤਿਹਾਸ

ਨੇ ਉਹਨਾਂ ਨੂੰ ਇਹ ਦਰਸਾਉਣਾ ਚਾਹੀਦਾ ਹੈ ਕਿ ਅਜਿਹਾ ਪਿਛਾਂਹ ਵੱਲ ਮੋੜਾ ਅਸੰਭਵ ਸੀ ਅਤੇ ਜੇ ਐਲਬ ਤੇ ਸਾਲੇ ਦੇ ਪੂਰਬ ਵਾਲ਼ਾ ਸਾਰਾ ਇਲਾਕਾ ਇੱਕ ਸਮੇਂ ਇਹਨਾਂ ਦੇ ਸੱਜਾਤੀ ਸਲਾਵੋਨਿਆਈਆਂ ਦੇ ਕਬਜ਼ੇ ਹੇਠ ਸੀ, ਇਸ ਤੱਥ ਨੇ ਇਤਿਹਾਸਕ ਝੁਕਾਅ ਨੂੰ ਅਤੇ ਇਸੇ ਸਮੇਂ ਜਰਮਨ ਕੌਮ ਦੀ ਆਪਣੇ ਪੁਰਾਤਨ ਪੂਰਬੀ ਗੁਵਾਂਢੀਆਂ ਨੂੰ ਅਧੀਨ ਕਰਨ, ਆਪਣੇ ਵਿੱਚ ਸਮੋ ਲੈਣ ਤੇ ਮਿਲ਼ਾ ਲੈਣ ਦੀ ਸਰੀਰਕ ਤੇ ਬੌਧਿਕ ਸ਼ਕਤੀ ਨੂੰ ਵੀ ਸਿੱਧ ਕੀਤਾ; ਕਿ ਜਰਮਨਾਂ ਵੱਲੋਂ ਹੜੱਪ ਕਰਨ ਦੀ ਇਹ ਰੁਚੀ ਹਮੇਸ਼ਾ ਹੀ ਤੇ ਅਜੇ ਵੀ ਇੱਕ ਬਹੁਤ ਹੀ ਸ਼ਕਤੀਸ਼ਾਲੀ ਸਾਧਨ ਸੀ ਜਿਸ ਦੇ ਰਾਹੀਂ ਪੱਛਮੀ ਯੂਰਪ ਦੀ ਸੱਭਿਅਤਾ ਉਸ ਮਹਾਂਦੀਪ ਦੇ ਪੂਰਬ ਵਿੱਚ ਫੈਲਾਈ ਗਈ ਸੀ; ਕਿ ਇਹ ਰੁਚੀ ਉਦੋਂ ਹੀ ਰੁੱਕ ਸਕੀ ਜਦੋਂ ਵੀ ਜਰਮਨਕਰਣ ਦਾ ਅਮਲ ਵੱਡੀਆਂ, ਸੰਗਠਤ ਤੇ ਅਟੁੱਟ ਕੌਮਾਂ ਦੀਆਂ ਸਰਹੱਦਾਂ ਤੱਕ ਪੁੱਜ ਗਿਆ ਜਿਹੜੀਆਂ ਕੌਮਾਂ ਇੱਕ ਸੁਤੰਤਰ ਕੌਮੀ ਜੀਵਨ ਜਿਊਣ ਦੇ ਯੋਗ ਸਨ, ਜਿਵੇਂ ਹੰਗਰਿਆਈ ਤੇ ਉਤਨੀ ਹੀ ਮਾਤਰਾ ਵਿੱਚ ਪੋਲ ਕੌਮਾਂ ਅਤੇ ਕਿ ਇਸ ਲਈ ਇਹਨਾਂ ਮਰ ਰਹੀਆਂ ਕੌਮਾਂ ਦੀ ਕੁਦਰਤੀ ਤੇ ਅਟੱਲ ਹੋਣੀ ਉਹਨਾਂ ਦੇ ਤਾਕਤਵਰ ਗਵਾਂਢੀਆਂ ਵੱਲੋਂ ਉਹਨਾਂ ਨੂੰ ਤੰਗ ਕਰਨ ਤੇ ਹੜੱਪ ਕਰਨ ਦੇ ਅਮਲ ਰਾਹੀਂ ਪੂਰੀ ਹੋਣੀ ਹੀ ਸੀ। ਅਵੱਸ਼ ਤੌਰ ’ਤੇ, ਪਾਨਸਲਾਵਵਾਦੀ ਸੁਪਨਕਾਰਾਂ ਦੀ, ਜੋ ਬੋਹੇਮੀਅਨ ਤੇ ਦੱਖਣ-ਸਲਾਵੋਨਿਆਈ ਲੋਕਾਂ ਨੂੰ ਭੜਕਾਉਣ ਵਿੱਚ ਸਫ਼ਲ ਹੋਏ, ਕੌਮੀ ਲਾਲਸਾ ਲਈ ਕੋਈ ਬਹੁਤੀ ਖ਼ੁਸ਼ੀ ਵਾਲ਼ੀ ਸੰਭਾਵਨਾ ਨਹੀਂ ਹੈ; ਪਰ ਕੀ ਉਹ ਆਸ ਕਰ ਸਕਦੇ ਹਨ ਕਿ ਇਤਿਹਾਸ ਬੰਦਿਆਂ ਦੇ ਕੁੱਝ ਕੇ ਰੋਗੀ ਅਦਾਰਿਆਂ ਨੂੰ ਖ਼ਤਮ ਕਰਨ ਲਈ ਹਜ਼ਾਰ ਸਾਲ ਪਿਛਾਂਹ ਨੂੰ ਪਰਤ ਜਾਵੇਗਾ, ਜਿਨ੍ਹਾਂ ਨੂੰ ਉਸ ਇਲਾਕੇ ਦੇ ਹਰ ਭਾਗ ਵਿੱਚ ਜਿਸ ਉੱਤੇ ਉਹਨਾਂ ਦਾ ਕਬਜ਼ਾ ਹੈ ਜਰਮਨਾਂ ਨੇ ਘੇਰਿਆ ਹੋਇਆ ਹੈ ਤੇ ਉਹਨਾਂ ਵਿੱਚ ਫ਼ੈਲੇ ਹੋਏ ਹਨ, ਜਿਹੜੇ ਲਗਭਗ ਭੁਲਾਏ ਜਾ ਚੁੱਕੇ ਸਮਿਆਂ ਤੋਂ ਸੱਭਿਅਤਾ ਦੇ ਸਾਰੇ ਮੰਤਵਾਂ ਲਈ ਜਰਮਨ ਭਾਸ਼ਾ ਤੋਂ ਬਿਨਾਂ ਕੋਈ ਹੋਰ ਭਾਸ਼ਾ ਨਹੀਂ ਸਨ ਵਰਤਦੇ ਆਏ ਅਤੇ ਜਿਨ੍ਹਾਂ ਵਿੱਚ ਕੌਮੀ ਹੋਂਦ ਦੀਆਂ ਪਹਿਲੀਆਂ ਸ਼ਰਤਾਂ, ਗਿਣਤੀ ਤੇ ਇਲਾਕੇ ਦੀ ਇੱਕਜੁੱਟਤਾ ਦੀ ਘਾਟ ਹੈ ? ਸੋ, ਪਾਨਸਲਾਵਵਾਦੀ ਬਗ਼ਾਵਤ, ਜੋ ਜਰਮਨ ਅਤੇ ਹੰਗਰਿਆਈ ਸਲਾਵੋਨਿਕ ਇਲਾਕਿਆਂ ਵਿੱਚ ਹਰ ਥਾਂ ਇਹਨਾਂ ਸਾਰੀਆਂ ਅਣਗਿਣਤ ਨਿਕਚੂ ਕੌਮਾਂ ਦੀ ਸੁਤੰਤਰਤਾ ਨੂੰ ਬਹਾਲ ਕਰਨ ਦਾ ਪਰਦਾ ਸੀ, ਜਿਨ੍ਹਾਂ ਦੀ ਹਰ ਥਾਂ ’ਤੇ ਯੂਰਪੀ ਇਨਕਲਾਬੀ ਲਹਿਰਾਂ ਨਾਲ਼ ਟੱਕਰ ਹੋਈ ਅਤੇ ਸਲਾਵੋਨਿਆਈਆਂ ਨੇ, ਜੋ ਭਾਵੇਂ ਆਜ਼ਾਦੀ ਲਈ ਲੜਨ ਦਾ ਵਿਖਾਵਾ ਕਰ ਰਹੇ ਸਨ, ਪੱਕੀ ਤਰ੍ਹਾਂ (ਪੋਲਾਂ ਦੇ ਜਨਵਾਦੀ ਭਾਗ ਨੂੰ ਛੱਡ ਕੇ) ਆਪਹੁਦਰਾਸ਼ਾਹੀ ਤੇ ਪਿਛਾਖੜ ਦਾ ਸਾਥ ਦਿੱਤਾ। ਸੋ, ਇਹੋ ਗੱਲ ਜਰਮਨੀ ਵਿੱਚ, ਹੰਗਰੀ ਵਿੱਚ, ਇੱਥੋਂ ਤੱਕ ਕਿ ਇੱਧਰ ਉੱਧਰ ਤੁਰਕੀ ਵਿੱਚ ਵੀ ਸੀ। ਜਨਤਕ ਉਦੇਸ਼ ਦੇ ਗ਼ੱਦਾਰਾਂ, ਅਸਟਰੀਆ ਦੀ ਸਰਕਾਰ ਦੇ ਖੜਯੰਤਰ ਦੇ ਹਿਮਾਇਤੀਆਂ ਤੇ ਮੁੱਖ ਸਹਾਇਕਾਂ ਨੇ ਆਪਣੇ ਨੂੰ ਇਨਕਲਾਬੀ ਕੌਮਾਂ ਦੀ ਨਜ਼ਰਾਂ ਵਿੱਚ ਜਲਾਵਤਨ ਤੇ ਕਾਨੂੰਨੀ ਸਹਾਇਤਾ ਤੋਂ ਵੰਚਿਤ ਬਣਾ ਦਿੱਤਾ ਅਤੇ ਭਾਵੇਂ ਪਾਨਸਲਾਵਵਾਦੀਆਂ ਵੱਲੋਂ ਕੌਮੀਅਤ ਬਾਰੇ ਉਠਾਏ ਗਏ ਛੋਟੇ ਛੋਟੇ ਬਖੇੜਿਆਂ ਵਿੱਚ ਕਿਸੇ ਵੀ ਥਾਂ ’ਤੇ ਲੋਕਾਂ ਦੇ ਸਮੂਹ ਨੇ ਭਾਗ ਨਹੀਂ ਸੀ ਲਿਆ, ਇਸ ਦਾ ਕਾਰਨ ਇਹ ਸੀ ਕਿ ਉਹ ਬਹੁਤ ਹੀ ਅਣਜਾਣ

ਸੀ, ਫਿਰ ਵੀ ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਪਰਾਗ ਵਿੱਚ, ਅੱਧੇ ਜਰਮਨ ਸ਼ਹਿਰ ਵਿੱਚ, ਸਲਾਵੋਨਿਆਈ ਤੁਅੱਸਬੀਆਂ ਦੀਆਂ ਭੀੜਾਂ ਨੇ ਇਸ ਨਾਹਰੇ ਦਾ ਸੁਆਗਤ ਕੀਤਾ ਤੇ ਇਸ ਨੂੰ ਵਾਰ ਵਾਰ ਦੁਹਰਾਇਆ : "ਜਰਮਨ ਆਜ਼ਾਦੀ ਦੀ ਥਾਂ 'ਤੇ ਰੂਸੀ ਕੋਟੜੇ !" 1848 ਵਿੱਚ ਉਹਨਾਂ ਅਸਫ਼ਲ ਹੋਏ ਪਹਿਲੇ ਯਤਨ ਦੇ ਮਗਰੋਂ ਅਤੇ ਅਸਟਰੀਆ ਦੀ ਸਰਕਾਰ ਵੱਲੋਂ ਉਹਨਾਂ ਨੂੰ ਦਿੱਤੇ ਗਏ ਸਬਕ ਦੇ ਮਗਰੋਂ ਇਹ ਨਹੀਂ ਚਾਹੀਦਾ ਕਿ ਮਗਰੋਂ ਕਿਸੇ ਮੌਕੇ ਉੱਤੇ ਇੱਕ ਹੋਰ ਯਤਨ ਕੀਤਾ ਜਾਵੇ। ਪਰ ਜੇ ਉਹ ਉਲਟ-ਇਨਕਲਾਬ ਨਾਲ਼ ਆਪਣੇ ਆਪ ਨੂੰ ਜੋੜਨ ਦੇ ਪਹਿਲਾਂ ਵਰਗੇ ਬਹਾਨਿਆਂ ਅਧੀਨ ਮੁੜ ਕੇ ਯਤਨ ਕਰਨ ਤਾਂ ਜਰਮਨੀ ਦਾ ਫ਼ਰਜ਼ ਸਪੱਸ਼ਟ ਹੈ। ਕੋਈ ਵੀ ਦੇਸ਼ ਇਨਕਲਾਬ ਦੀ ਸਥਿਤੀ ਵਿੱਚ ਹੁੰਦਿਆਂ ਅਤੇ ਅਤਾਲਵੀ ਯੁੱਧ ਵਿੱਚ ਰੁੱਝੇ ਹੋਇਆਂ ਆਪਣੇ ਐਨ ਵਿਚਕਾਰ ਇੱਕ **ਵੈਨਡੀ (Vendee)** ਨੂੰ ਬਰਦਾਸ਼ਤ ਨਹੀਂ ਕਰ ਸਕਦਾ।

ਜਿੱਥੋਂ ਤੱਕ ਉਸ ਸੰਵਿਧਾਨ ਦਾ ਸਬੰਧ ਹੈ ਜਿਸ ਦਾ ਐਲਾਨ ਸ਼ਹਿਨਸ਼ਾਹ* ਨੇ ਡੀਟ ਨੂੰ ਭੰਗ ਕਰਨ ਦੇ ਸਮੇਂ ਕੀਤਾ ਸੀ, ਇਸ ਬਾਰੇ ਕੁੱਝ ਕਹਿਣ ਦੀ ਲੋੜ ਨਹੀਂ ਕਿਉਂ ਜੋ ਇਸ ਦੀ ਕਦੇ ਵੀ ਅਮਲੀ ਹੋਂਦ ਨਹੀਂ ਸੀ ਤੇ ਹੁਣ ਇਹ ਹਮੇਸ਼ਾ ਲਈ ਖ਼ਤਮ ਹੋ ਗਿਆ ਹੈ। ਅਸਟਰੀਆ ਵਿੱਚ 4 ਮਾਰਚ 1849 ਤੋਂ ਹੀ ਨਿਰੰਕੁਸ਼-ਸ਼ਾਸਨਵਾਦ ਸਾਰੇ ਮੰਤਵਾਂ ਲਈ ਬਹਾਲ ਕਰ ਦਿੱਤਾ ਗਿਆ ਹੈ।

ਪ੍ਰਸ਼ੀਆ ਵਿੱਚ ਸਦਨ ਬਾਦਸ਼ਾਹ ਵੱਲੋਂ ਐਲਾਨੇ ਗਏ ਨਵੇਂ ਚਾਰਟਰ ਦੀ ਪੁਸ਼ਟੀ ਤੇ ਸੋਧ ਲਈ ਫ਼ਰਵਰੀ ਵਿੱਚ ਜੁੜੇ। ਉਹ ਕੋਈ ਛੇ ਹਫ਼ਤੇ ਬੈਠੇ ਰਹੇ, ਸਰਕਾਰ ਨਾਲ਼ ਉਹਨਾਂ ਦਾ ਵਤੀਰਾ ਬੜਾ ਹੀ ਨਿਰਮਾਣ ਤੇ ਕਮਜ਼ੋਰ ਸੀ, ਇੱਥੋਂ ਤੱਕ ਕਿ ਉਹ ਉਸ ਹੱਦ ਤੱਕ ਵੀ ਜਾਣ ਲਈ ਉੱਕਾ ਤਿਆਰ ਨਹੀਂ ਸੀ ਜਿੱਥੋਂ ਤੱਕ ਬਾਦਸ਼ਾਹ ਤੇ ਮੰਤਰੀ ਚਾਹੁੰਦੇ ਸਨ ਕਿ ਉਹ ਜਾਣ। ਇਸ ਲਈ, ਜਿਵੇਂ ਹੀ ਇੱਕ ਢੁਕਵਾਂ ਮੌਕਾ ਆਇਆ, ਉਹਨਾਂ ਨੂੰ ਭੰਗ ਕਰ ਦਿੱਤਾ ਗਿਆ।

ਸੋ, ਅਸਟਰੀਆ ਤੇ ਪ੍ਰਸ਼ੀਆ ਦੋਹਾਂ ਨੇ ਪਾਰਲੀਮੈਂਟਰੀ ਕੰਟਰੋਲ ਦੀਆਂ ਬੇੜੀਆਂ ਤੋਂ ਇੱਕ ਘੜੀ ਲਈ ਛੁਟਕਾਰਾ ਪਾਇਆ। ਹੁਣ ਸਰਕਾਰਾਂ ਨੇ ਸਾਰੀ ਸੱਤ੍ਹਾ ਆਪਣੇ ਹੱਥ ਵਿੱਚ ਕੇਂਦਰਤ ਕਰ ਲਈ ਅਤੇ ਜਿੱਥੇ ਕਿਤੇ ਵੀ ਇਸ ਸੱਤ੍ਹਾ ਦੀ ਜ਼ਰੂਰਤ ਹੁੰਦੀ ਇਸ ਦੀ ਵਰਤੋਂ ਕਰ ਸਕਦੀ ਸੀ। ਅਸਟਰੀਆ ਹੰਗਰੀ ਤੇ ਇਟਲੀ ਉੱਤੇ, ਪ੍ਰਸ਼ੀਆ ਜਰਮਨੀ ਉੱਤੇ। ਪ੍ਰਸ਼ੀਆ ਵੀ ਇੱਕ ਅਜਿਹੀ ਮੁਹਿੰਮ ਦੀ ਤਿਆਰੀ ਕਰ ਰਿਹਾ ਸੀ ਜਿਸ ਰਾਹੀਂ ਛੋਟੇ ਰਾਜਾਂ ਵਿੱਚ "ਅਮਨ ਚੈਨ" ਬਹਾਲ ਹੋਣਾ ਸੀ।

ਹੁਣ ਉਲਟ-ਇਨਕਲਾਬ ਜਰਮਨੀ ਦੇ ਅਮਲ ਦੇ ਦੋ ਬਹੁਤ ਵੱਡੇ ਕੇਂਦਰਾਂ ਵਿੱਚ, ਵੀਆਨਾ ਤੇ ਬਰਲਿਨ ਵਿੱਚ, ਪੂਰੀ ਚੜ੍ਹਤ ਉੱਤੇ ਹੋਣ ਕਾਰਨ ਕੇਵਲ ਛੋਟੇ ਰਾਜ ਹੀ ਰਹਿ ਗਏ ਸਨ ਜਿਨ੍ਹਾਂ ਵਿੱਚ ਜੱਦੋਜਹਿਦ ਬਾਰੇ ਅਜੇ ਵੀ ਕੋਈ ਫ਼ੈਸਲਾ ਨਹੀਂ ਸੀ ਹੋਇਆ, ਭਾਵੇਂ ਉੱਥੇ ਵੀ ਤੋਲ ਇਨਕਲਾਬੀ ਹਿੱਤ ਦੇ ਵਿਰੁੱਧ ਵਧੇਰੇ ਤੋਂ ਵਧੇਰੇ ਝੁਕ ਰਿਹਾ ਸੀ। ਅਸੀਂ ਦੱਸ ਚੁੱਕੇ

---

* ਫ਼ਰਾਂਜ਼-ਜੋਸਫ਼ ਪਹਿਲਾ-ਸੰਪਾਦਕ।

ਹਾਂ, ਇਹਨਾਂ ਛੋਟੇ ਰਾਜਾਂ ਨੇ ਫ਼ਰੈਂਕਫ਼ੋਰਟ ਵਿਚਲੀ ਕੌਮੀ ਅਸੈਂਬਲੀ ਵਿੱਚ ਇੱਕ ਸਾਂਝਾ ਕੇਂਦਰ ਲੱਭ ਲਿਆ। ਹੁਣ, ਇੱਕ ਅਖੌਤੀ ਕੌਮੀ ਅਸੈਂਬਲੀ, ਭਾਵੇਂ ਇਸ ਦੀ ਪਿਛਾਂਹਖਿੱਚੂ ਭਾਵਨਾ ਬੜੇ ਲੰਮੇ ਸਮੇਂ ਤੋਂ ਪ੍ਰਤੱਖ ਹੋ ਗਈ ਸੀ, ਇਸ ਦੇ ਹੁੰਦਿਆਂ ਵੀ ਕਿ ਫ਼ਰੈਂਕਫ਼ੋਰਟ ਦੇ ਉਹੋ ਲੋਕ ਇਸ ਦੇ ਵਿਰੁੱਧ ਹਥਿਆਰ ਲੈ ਕੇ ਉੱਠੇ ਸਨ ਤਾਂ ਵੀ ਇਸ ਦਾ ਮੂਲ ਵੱਧ ਜਾਂ ਘੱਟ ਇਨਕਲਾਬੀ ਖ਼ਾਸੇ ਦਾ ਸੀ; ਇਸ ਨੇ ਜਨਵਰੀ ਵਿੱਚ ਇੱਕ ਅਸਾਧਾਰਨ, ਇਨਕਲਾਬੀ ਪੁਜ਼ੀਸ਼ਨ ਧਾਰਨ ਕਰ ਲਈ ਸੀ; ਇਸ ਦੀ ਯੋਗਤਾ ਕਦੇ ਵੀ ਨਿਸ਼ਚਿਤ ਨਹੀਂ ਸੀ ਕੀਤੀ ਗਈ ਅਤੇ ਅਖ਼ੀਰ ਇਹ ਇਸ ਫ਼ੈਸਲੇ ’ਤੇ ਪੁੱਜ ਗਈ—ਪਰ, ਜਿਸ ਨੂੰ ਵੱਡੇ ਰਾਜਾਂ ਨੇ ਕਦੇ ਵੀ ਪ੍ਰਵਾਨ ਨਹੀਂ ਸੀ ਕੀਤਾ — ਕਿ ਇਸ ਦੇ ਮਤਿਆਂ ਨੂੰ ਕਾਨੂੰਨ ਦੀ ਸ਼ਕਤੀ ਪ੍ਰਾਪਤ ਹੈ। ਅਜਿਹੇ ਹਾਲਾਤ ਅਧੀਨ ਅਤੇ ਜਦੋਂ ਸੰਵਿਧਾਨਵਾਦੀ-ਸਮਰਾਟਵਾਦੀ ਪਾਰਟੀ ਨੇ ਮੁੜ ਕੇ ਰਾਜ਼ੀ ਹੋ ਰਹੇ ਨਿਰਅੰਕੁਸ਼-ਸ਼ਾਸਨਵਾਦੀਆਂ ਵੱਲੋਂ ਆਪਣੀਆਂ ਪੁਜ਼ੀਸ਼ਨਾਂ ਨੂੰ ਬਦਲਦਿਆਂ ਵੇਖਿਆ, ਇਹ ਹੈਰਾਨ ਹੋਣ ਵਾਲ਼ੀ ਗੱਲ ਨਹੀਂ ਹੈ ਕਿ ਲਗਭਗ ਸਾਰੀ ਜਰਮਨੀ ਦੀ ਲਿਬਰਲ, ਸਮਰਾਟਵਾਦੀ ਬੁਰਜੂਆਜ਼ੀ ਨੂੰ ਆਪਣੀਆਂ ਆਸਾਂ ਇਸ ਅਸੈਂਬਲੀ ਦੀ ਬਹੁਗਿਣਤੀ ਉੱਤੇ ਲਾਉਣੀਆਂ ਚਾਹੀਦੀਆਂ ਹਨ, ਜਿਵੇਂ ਕਿ ਡੈਮੋਕਰੈਟਿਕ ਪਾਰਟੀ ਦੇ ਕੇਂਦਰ-ਬਿੰਦੂ ਛੋਟੀ ਦੁਕਾਨਦਾਰੀ ਹਿੱਤ ਉਸੇ ਅਦਾਰੇ ਦੀ ਘੱਟਗਿਣਤੀ ਦੇ ਦੁਆਲ਼ੇ ਉਹਨਾਂ ਦੀ ਵੱਧਦੀ ਨਿਰਾਸ਼ਾ ਵਿੱਚ ਇੱਕਸਾਰ ਹੋ ਗਏ, ਜਿਸ ਅਦਾਰੇ ਨੇ ਨਿਰਸੰਦੇਹ ਜਮਹੂਰੀਅਤ ਦਾ ਆਖ਼ਰੀ ਸੰਗਠਤ ਪਾਰਲੀਮੈਂਟਰੀ ਦਸਤਾ ਸਿਰਜਿਆ। ਦੂਜੇ ਪਾਸੇ, ਵਡੇਰੀਆਂ ਸਰਕਾਰਾਂ ਨੇ, ਵਿਸ਼ੇਸ਼ ਤੌਰ ’ਤੇ ਪ੍ਰਸ਼ੀਆ ਦੀ ਵਜ਼ਾਰਤ ਨੇ ਜਰਮਨੀ ਦੇ ਬਹਾਲ ਹੋਏ ਸਮਰਾਟਵਾਦੀ ਪ੍ਰਬੰਧ ਵਾਲ਼ੇ ਇੱਕ ਬੇਕਾਇਦਾ ਚੁਣੇ ਹੋਏ ਅਦਾਰੇ ਦੀ ਵਧੇਰੇ ਤੋਂ ਵਧੇਰੇ ਅਜੋੜਤਾ ਵੇਖੀ ਸੀ ਅਤੇ ਜੇ ਉਹਨਾਂ ਨੇ ਇਸ ਦਾ ਤੁਰੰਤ ਵਿਘਠਨ ਨਹੀਂ ਸੀ ਕੀਤਾ ਤਾਂ ਇਸ ਦਾ ਕੇਵਲ ਉਹੋ ਕਾਰਨ ਸੀ ਕਿ ਸਮਾਂ ਅਜੇ ਨਹੀਂ ਸੀ ਪੁੱਜਾ ਅਤੇ ਕਿਉਂਜੋ ਪ੍ਰਸ਼ੀਆ ਇਸ ਨੂੰ ਪਹਿਲਾਂ ਆਪਣੇ ਲਾਲਸਾਮਈ ਮੰਤਵਾਂ ਨੂੰ ਉਤਸ਼ਾਹਤ ਕਰਨ ਲਈ ਵਰਤਣ ਦੀ ਆਸ ਕਰਦਾ ਸੀ।

ਇਸੇ ਸਮੇਂ ਦੌਰਾਨ, ਵਿਚਾਰੀ ਅਸੈਂਬਲੀ ਖ਼ੁਦ ਵਧੇਰੇ ਪ੍ਰੇਸ਼ਾਨੀ ਵਿੱਚ ਘਿਰ ਗਈ। ਇਸ ਦੇ ਪ੍ਰਤੀਨਿਧ ਮੰਡਲਾਂ ਤੇ ਕਮਿਸ਼ਨਰੀਆਂ ਨਾਲ਼, ਬਰਲਿਨ ਤੇ ਵੀਆਨਾ ਦੋਹੀਂ ਥਾਈਂ ਬਹੁਤ ਹੀ ਅਪਮਨਜਨਕ ਸਲੂਕ ਕੀਤਾ ਗਿਆ; ਇਸ ਦਾ ਇੱਕ ਮੈਂਬਰ* ਉਸ ਦੀ ਪਾਰਲੀਮੈਂਟਰੀ ਉਲੰਘਣਾ ਦੇ ਬਾਵਜੂਦ, ਵੀਆਨਾ ਵਿੱਚ ਇੱਕ ਆਮ ਬਾਗ਼ੀ ਵਜੋਂ ਫ਼ਾਹੇ ਲਾ ਦਿੱਤਾ ਗਿਆ। ਇਸ ਦੇ ਫ਼ਰਮਾਨਾਂ ਉੱਤੇ ਕਿਸੇ ਵੀ ਥਾਂ ਅਮਲ ਨਾ ਹੋਇਆ; ਜੇ ਵੱਡੀਆਂ ਤਾਕਤਾਂ ਨੇ ਉਹਨਾਂ ਵੱਲ ਕੁੱਝ ਧਿਆਨ ਦਿੱਤਾ ਸੀ ਤਾਂ ਮਹਿਜ਼ ਰੋਸ ਪੱਤਰਾਂ ਰਾਹੀਂ ਦਿੱਤਾ ਜਿਨ੍ਹਾਂ ਵਿੱਚ ਅਸੈਂਬਲੀ ਵੱਲੋਂ ਉਹਨਾਂ ਦੀਆਂ ਸਰਕਾਰਾਂ ਲਈ ਪਾਬੰਦੀ ਵਾਲ਼ੇ ਮਤੇ ਪਾਸ ਕਰਨ ਦੇ ਅਧਿਕਾਰ ਨੂੰ ਵੰਗਾਰਿਆ ਗਿਆ ਹੁੰਦਾ ਸੀ। ਅਸੈਂਬਲੀ ਦੇ ਪ੍ਰਤੀਨਿਧ, ਕੇਂਦਰੀ ਐਗਜ਼ੈਕਟਿਵ ਸੱਤ੍ਹਾ, ਜਰਮਨੀ ਦੀਆਂ ਲਗਭਗ ਸਾਰੀਆਂ ਕੈਬਨਿਟਾਂ ਡਿਪਲੋਮੈਟਿਕ ਝਗੜਿਆਂ ਵਿੱਚ

*ਰੋਬਰਟ ਬਲੂਮ-ਸੰਪਾਦਕ।

ਰੁੱਝੀਆਂ ਹੋਈਆਂ ਸਨ ਅਤੇ ਉਹਨਾਂ ਦੇ ਸਾਰੇ ਯਤਨਾਂ ਦੇ ਬਾਵਜੂਦ ਨਾ ਅਸੈਂਬਲੀ ਤੇ ਨਾ ਹੀ ਕੇਂਦਰੀ ਸਰਕਾਰ ਅਸਟਰੀਆ ਜਾਂ ਪ੍ਰਸ਼ੀਆ ਨੂੰ ਆਪਣੇ ਅੰਤਮ ਵਿਚਾਰ, ਯੋਜਨਾਵਾਂ, ਮੰਗਾਂ ਬਿਆਨ ਕਰਨ 'ਤੇ ਰਾਜ਼ੀ ਨਾ ਕਰ ਸਕੀਆਂ। ਅਖ਼ੀਰ ਅਸੈਂਬਲੀ ਨੇ ਘੱਟੋ ਘੱਟ ਇਹ ਸਪੱਸ਼ਟ ਰੂਪ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ ਕਿ ਇਸ ਨੇ ਆਪਣੇ ਸਾਰੇ ਅਧਿਕਾਰ ਆਪਣੇ ਹੱਥੋਂ ਨਿਕਲ਼ ਜਾਣ ਦਿੱਤੇ ਸਨ, ਕਿ ਇਸ ਅਸਟਰੀਆ ਤੇ ਪ੍ਰਸ਼ੀਆ ਦੇ ਰਹਿਮ ਉੱਤੇ ਹੀ ਅਤੇ ਕਿ ਜੇ ਇਸ ਨੇ ਜਰਮਨੀ ਲਈ ਇੱਕ ਫ਼ੈਡਰਲ ਸੰਵਿਧਾਨ ਬਣਾਉਣਾ ਹੀ ਚਾਹਿਆ ਸੀ ਤਾਂ ਇਸ ਨੂੰ ਸਾਰੀਆਂ ਗੱਲਾਂ ਤੁਰੰਤ ਤੇ ਸੁਹਿਰਦਤਾ ਨਾਲ਼ ਪਹਿਲਾਂ ਹੀ ਕਰਨੀਆਂ ਚਾਹੀਦੀਆਂ ਸਨ ਅਤੇ ਕਈ ਡਾਵਾਂਡੋਲ ਮੈਂਬਰਾਂ ਨੇ ਸਪੱਸ਼ਟ ਰੂਪ ਵਿੱਚ ਵੇਖ ਲਿਆ ਕਿ ਉਹ ਬੁਰੀ ਤਰ੍ਹਾਂ ਸਰਕਾਰ ਦੇ ਧੋਖੇ ਦਾ ਸ਼ਿਕਾਰ ਹੋ ਗਏ ਹਨ। ਪਰ ਉਹ ਆਪਣੀ ਨਿਪੁੰਸਕ ਹਾਲਤ ਵਿੱਚ ਕੀ ਕੁੱਝ ਕਰਨ ਦੇ ਯੋਗ ਸਨ? ਇੱਕੋ ਇੱਕ ਚੀਜ਼ ਜਿਹੜੀ ਵਧੇਰੇ ਤੋਂ ਵਧੇਰੇ ਉਹਨਾਂ ਨੂੰ ਬਚਾ ਸਕਦੀ ਸੀ, ਉਹ, ਉਹਨਾਂ ਵੱਲੋਂ ਜਨਤਕ ਕੈਂਪ ਵਿੱਚ ਤੁਰੰਤ ਤੇ ਨਿਰਣਾਇਕ ਤੌਰ 'ਤੇ ਚਲਿਆ ਜਾਣਾ ਸੀ; ਪਰ ਇਹ ਕਦਮ ਪੁੱਟਣ 'ਤੇ ਵੀ ਸਫ਼ਲਤਾ ਸੰਦੇਹਪੂਰਨ ਸੀ ਅਤੇ ਫਿਰ, ਇਸ ਅਨਿਸ਼ਚਿਤ, ਘੱਟ ਦ੍ਰਿਸ਼ਟੀ ਵਾਲ਼ੇ ਤੇ ਘੁਮੰਡੀ ਲੋਕਾਂ ਦੀ ਨਿਆਸਰੀ ਭੀੜ ਵਿੱਚ, ਜਿਨ੍ਹਾਂ ਨੇ ਜਦੋਂ ਉਹਨਾਂ ਨੂੰ ਸਵੈ–ਵਿਰੋਧੀ ਅਫ਼ਵਾਹਾਂ ਤੇ ਡਿਪਲੋਮੈਟਿਕ ਪੱਤਰਾਂ ਦੇ ਸਦੀਵੀ ਸ਼ੋਰ ਨੇ ਪੂਰੀ ਤਰ੍ਹਾਂ ਸੁੰਨ ਕਰ ਦਿੱਤਾ ਸੀ, ਵਾਰ ਵਾਰ ਦੁਹਰਾਏ ਗਏ ਇਸ ਵਿਸ਼ਵਾਸ ਵਿੱਚ ਆਪਣੇ ਲਈ ਇੱਕੋ ਇੱਕ ਢਾਰਸ ਤੇ ਹਿਮਾਇਤ ਪ੍ਰਾਪਤ ਕਰਨੀ ਚਾਹੀ ਸੀ ਕਿ ਉਹ ਦੇਸ਼ ਦੇ ਸਭ ਤੋਂ ਵਧੀਆ, ਸਭ ਤੋਂ ਮਹਾਨ ਤੇ ਸਭ ਤੋਂ ਸਿਆਣੇ ਲੋਕ ਹਨ ਅਤੇ ਕਿ ਕੇਵਲ ਉਹੋ ਹੀ ਜਰਮਨੀ ਨੂੰ ਬਚਾ ਸਕਦੇ ਸਨ—ਇਹਨਾਂ ਵਿਚਾਰੇ ਜੀਵਾਂ ਵਿੱਚ, ਜਿਨ੍ਹਾਂ ਨੂੰ ਇਸ ਸਾਲ ਦੇ ਪਾਰਲੀਮੈਂਟਰੀ ਜੀਵਨ ਨੇ ਬਿਲਕੁਲ ਬੁੱਧੂ ਬਣਾ ਦਿੱਤਾ ਸੀ, ਤੁਰੰਤ ਤੇ ਨਿਰਣਾਇਕ, ਬਲਵਾਨ ਤੇ ਨਿਰੰਤਰ ਕਾਰਵਾਈ ਕਰਨ ਵਾਲ਼ੇ ਬੰਦੇ ਕਿੱਥੇ ਸਨ?

ਅਖ਼ੀਰ ਅਸਟਰੀਆ ਦੀ ਸਰਕਾਰ ਨੇ ਆਪਣਾ ਮਖੌਟਾ ਲਾਹ ਦਿੱਤਾ। ਆਪਣੇ ਚਾਰ ਮਾਰਚ ਦੇ ਸੰਵਿਧਾਨ ਵਿੱਚ ਇਸ ਨੇ ਐਲਾਨ ਕਰ ਦਿੱਤਾ ਕਿ ਅਸਟਰੀਆ ਇੱਕ ਅਵੰਡ ਬਾਦਸ਼ਾਹੀ ਹੈ, ਜਿਸ ਵਿੱਚ ਆਰਥਕ ਤੇ ਮਸੂਲ ਚੁੰਗੀ ਦਾ ਪ੍ਰਬੰਧ, ਫ਼ੌਜੀ ਸਥਾਪਨਾਵਾਂ ਦਾ ਪ੍ਰਬੰਧ ਸਾਂਝਾ ਸੀ, ਇਸ ਤਰ੍ਹਾਂ ਜਰਮਨ ਤੇ ਗ਼ੈਰ–ਜਰਮਨ ਪ੍ਰਾਂਤਾਂ ਵਿਚਾਲੇ ਹਰ ਰੁਕਾਵਟ ਤੇ ਫ਼ਰਕ ਨੂੰ ਮਿਟਾ ਦਿੱਤਾ ਗਿਆ। ਇਹ ਐਲਾਨ ਬਣਨ ਵਾਲ਼ੇ ਫ਼ੈਡਰਿਲ ਸੰਵਿਧਾਨ ਦੇ ਮਤਿਆਂ ਤੇ ਧਾਰਾਵਾਂ ਦੇ ਸਨਮੁਖ ਕੀਤਾ ਗਿਆ, ਜਿਹੜਾ ਸੰਵਿਧਾਨ ਫ਼ਰੈਂਕਫ਼ੋਰਟ ਅਸੈਂਬਲੀ ਪਾਸ ਵੀ ਕਰ ਚੁੱਕੀ ਸੀ। ਇਹ ਅਸਟਰੀਆ ਵੱਲੋਂ ਉਸ ਵੱਲ ਲੜਾਈ ਦਾ ਲਲਕਾਰਾ ਸੀ ਅਤੇ ਵਿਚਾਰੀ ਅਸੈਂਬਲੀ ਕੋਲ਼ ਇਸ ਨੂੰ ਪ੍ਰਵਾਨ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਇਹ ਕੰਮ ਉਸ ਨੇ ਬੜੇ ਦਮਗਜਿਆਂ ਨਾਲ਼ ਕੀਤਾ, ਪਰ ਜਿਸ ਨੂੰ ਅਸਟਰੀਆ ਨੇ, ਆਪਣੀ ਤਾਕਤ ਤੇ ਅਸੈਂਬਲੀ ਦੇ ਪ੍ਰਭਾਵ ਨੂੰ ਚੰਗੀ ਤਰ੍ਹਾਂ ਸਮਝਦਿਆਂ ਅੱਖੋਂ ਓਹਲੇ ਕਰ ਦਿੱਤਾ ਤੇ ਸਹਿ ਲਿਆ ਅਤੇ ਜਰਮਨ ਕੌਮ ਦੇ ਕੀਮਤੀ ਪ੍ਰਤੀਨਿਧਾਂ ਨੇ, ਜਿਵੇਂ ਉਹਨਾਂ ਆਪਣੇ ਨੂੰ ਢਾਲ ਲਿਆ ਸੀ, ਅਸਟਰੀਆ ਵੱਲੋਂ ਕੀਤੀ ਗਏ ਇਸ ਅਪਮਾਨ ਦਾ ਬਦਲਾ ਲੈਣ ਲਈ, ਆਪਣੇ ਆਪ ਨੂੰ

ਪ੍ਰਸ਼ੀਆ ਸਰਕਾਰ ਦੇ ਪੈਰਾਂ ਵਿੱਚ, ਹੱਥ ਪੈਰ ਬੁੱਧੀ ਸੁੱਟ ਦੇਣ ਤੋਂ ਬਿਨਾਂ ਹੋਰ ਕੋਈ ਚੰਗੀ ਗੱਲ ਨਾ ਵੇਖੀ। ਭਾਵੇਂ ਇਹ ਕਿਤਨੀ ਹੀ ਘਿਨੌਣੀ ਗੱਲ ਜਾਪੇ, ਉਹਨਾਂ ਨੇ ਹਰ ਉਸ ਵਜ਼ੀਰ ਦੇ ਸਾਹਮਣੇ ਗੋਡੇ ਟੇਕ ਦਿੱਤੇ ਜਿਸ ਨੂੰ ਉਹਨਾਂ ਨੇ ਗ਼ੈਰ ਵਿਧਾਨਕ ਤੇ ਬਦਨਾਮ ਗਰਦਾਨਿਆ ਸੀ ਅਤੇ ਜਿਸ ਨੂੰ ਬਰਖ਼ਾਸਤ ਕਰਨ ਉੱਤੇ ਅਸਫ਼ਲ ਜ਼ੋਰ ਦਿੱਤਾ ਗਿਆ ਸੀ। ਇਸ ਸ਼ਰਮਨਾਕ ਕਾਰਵਾਈ ਅਤੇ ਇਸ ਦੇ ਮਗਰੋਂ ਵਾਪਰੀਆਂ ਦੁਖਦਾਈ ਹਾਸੋਹੀਣੀਆਂ ਘਟਨਾਵਾਂ ਦਾ ਵਿਸਥਾਰ ਸਾਡਾ ਅਗਲਾ ਵਿਸ਼ਾ ਹੋਵੇਗਾ।

ਲੰਡਨ, ਅਪਰੈਲ 1852.

## XV
## ਪ੍ਰਸ਼ੀਆ ਦੀ ਜਿੱਤ

ਹੁਣ ਅਸੀਂ ਜਰਮਨ ਇਨਕਲਾਬ ਦੇ ਇਤਿਹਾਸ ਦੇ ਆਖ਼ਰੀ ਕਾਂਡ ਵੱਲ ਆਉਂਦੇ ਹਾਂ : ਕੌਮੀ ਅਸੈਂਬਲੀ ਦੀ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਨਾਲ਼, ਵਿਸ਼ੇਸ਼ ਤੌਰ ’ਤੇ ਪ੍ਰਸ਼ੀਆ ਦੀ ਸਰਕਾਰ ਨਾਲ਼ ਟੱਕਰ; ਦੱਖਣੀ ਤੇ ਪੱਛਮੀ ਜਰਮਨੀ ਦੀ ਬਗ਼ਾਵਤ ਅਤੇ ਪ੍ਰਸ਼ੀਆ ਵੱਲੋਂ ਇਸ ਨੂੰ ਅੰਤਮ ਰੂਪ ਵਿੱਚ ਉਲਟਾਇਆ ਜਾਣਾ।

ਅਸੀਂ ਫ਼ਰੈਂਕਫ਼ੋਰਟ ਕੌਮੀ ਅਸੈਂਬਲੀ ਨੂੰ ਕੰਮ ਕਰਦਿਆਂ ਪਹਿਲਾਂ ਹੀ ਵੇਖ ਚੁੱਕੇ ਹਾਂ। ਅਸਾਂ ਉਸ ਨੂੰ ਅਸਟਰੀਆ ਤੋਂ ਠੁੱਡੇ ਖਾਂਦਿਆਂ, ਪ੍ਰਸ਼ੀਆ ਤੋਂ ਅਪਮਾਨਤ ਹੁੰਦਿਆਂ, ਛੋਟੇ ਰਾਜਾਂ ਵੱਲੋਂ ਉਸ ਦੀ ਅਵੱਗਿਆ ਕਰਦਿਆਂ, ਇਸ ਦੀ ਆਪਣੀ ਨਿਪੁੰਸਕ ਸਰਕਾਰ ਵੱਲੋਂ ਧੋਖਾ ਖਾਂਦਿਆਂ ਵੇਖਿਆ ਹੈ, ਜਿਸ ਸਰਕਾਰ ਨਾਲ਼ ਅੱਗੋਂ ਦੇਸ਼ ਵਿਚਲੇ ਹਰ ਰਾਜੇ ਨੇ ਧੋਖਾ ਕੀਤਾ ਸੀ। ਪਰ ਅਖ਼ੀਰ ਇਸ ਕਮਜ਼ੋਰ, ਡਾਵਾਂਡੋਲ ਬੇਰਸ ਵਿਧਾਨਕ ਅਦਾਰੇ ਲਈ ਹਾਲਾਤ ਖ਼ਤਰਨਾਕ ਵਿਖਾਈ ਦੇਣ ਲੱਗ ਪਏ। ਇਹ ਇਸ ਸਿੱਟੇ ਉੱਤੇ ਪੁੱਜਣ ’ਤੇ ਮਜਬੂਰ ਹੋ ਗਈ ਕਿ “ਜਰਮਨ ਏਕਤਾ ਦੇ ਸ਼ਾਨਦਾਰ ਵਿਚਾਰ ਦੀ ਪੂਰਤੀ ਖ਼ਤਰੇ ਵਿੱਚ ਸੀ,” ਜਿਸ ਦਾ ਅਰਥ ਉਸ ਫ਼ਰੈਂਕਫ਼ੋਰਟ ਅਸੈਂਬਲੀ ਨਾਲ਼ੋਂ ਨਾ ਘੱਟ ਤੇ ਨਾ ਵੱਧ ਸੀ ਅਤੇ ਜੋ ਕੁੱਝ ਉਸ ਨੇ ਕੀਤਾ ਸੀ ਜਾਂ ਕਰਨ ਵਾਲੀ ਸੀ, ਸਭ ਕੁੱਝ ਬਿਨਾਂ ਕਿਸੇ ਸਿੱਟੇ ਦੇ ਖ਼ਤਮ ਹੁੰਦਾ ਜਾਪਦਾ ਸੀ। ਸੋ, ਉਸ ਨੇ ਸੁਹਿਰਦਤਾ ਨਾਲ਼ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਜੋ ਉਹ ਆਪਣੀ ਸ਼ਾਨਦਾਰ ਉਮਤ, “ਸ਼ਹਿਨਸ਼ਾਹੀ ਸੰਵਿਧਾਨ,” ਜਿਤਨੀ ਛੇਤੀ ਸੰਭਵ ਹੋਵੇ ਤਿਆਰ ਕਰ ਸਕੇ।

ਪਰ, ਇੱਕ ਔਕੜ ਵੀ ਸੀ। ਉੱਥੇ ਕਿਹੜੀ ਕਾਰਜਕਰਨੀ ਸਰਕਾਰ ਹੋ ਸਕਦੀ ਸੀ ? ਇੱਕ ਕਾਰਜਕਰਨੀ ਕੌਂਸਲ ? ਨਹੀਂ; ਉਹਨਾਂ ਆਪਣੀ ਅਕਲ ਅਨੁਸਾਰ ਸੋਚਿਆ ਕਿ ਇੰਜ ਕਰਨ ਨਾਲ਼ ਜਰਮਨੀ ਇੱਕ ਰੀਪਬਲਿਕ ਬਣ ਜਾਵੇਗਾ। ਇੱਕ “ਰਾਸ਼ਟਰਪਤੀ” ? ਇਸ ਦਾ ਵੀ ਇਹੋ ਅਰਥ ਹੋਵੇਗਾ। ਸੋ, ਉਹਨਾਂ ਨੂੰ ਹਰ ਹਾਲਤ ਵਿੱਚ ਪੁਰਾਣੀ ਸ਼ਹਿਨਸ਼ਾਹੀ ਵੱਕਾਰ ਨੂੰ ਸੁਰਜੀਤ ਕਰਨਾ ਚਾਹੀਦਾ ਹੈ। ਪਰ — ਇਸ ਹਾਲਤ ਵਿੱਚ ਇੱਕ ਪ੍ਰਿੰਸ ਨੇ ਸ਼ਹਿਨਸ਼ਾਹ ਬਣਨਾ ਸੀ— ਉਹ ਕੌਣ ਹੋਣਾ ਚਾਹੀਦਾ ਹੈ ? ਨਿਰਸੰਦੇਹ ਕੋਈ ਦੂਜੇ ਦਰਜੇ ਦਾ ਵਿਅਕਤੀ, ਹੀਨਰਰਿਖ LXXII ਤੋਂ ਲੈ ਕੇ ਬਾਵੇਰੀਆ ਦੇ ਬਾਦਸ਼ਾਹ ਮੈਕਸੀ-ਮਿਲੀਅਨ ਤੱਕ ਵਿੱਚੋਂ;

ਨਾ ਕਿ ਅਸਟਰੀਆ ਤੇ ਨਾ ਹੀ ਪ੍ਰਸ਼ੀਆ ਨੇ ਇਸ ਨੂੰ ਸਹਿਨ ਕਰਨਾ ਸੀ। ਇਹ ਕੇਵਲ ਅਸਟਰੀਆ ਜਾਂ ਪ੍ਰਸ਼ੀਆ ਹੀ ਹੋ ਸਕਦਾ ਸੀ। ਪਰ ਦੋਹਾਂ ਵਿੱਚੋਂ ਕਿਹੜਾ ? ਇਸ ਵਿੱਚ ਕੋਈ ਸੰਦੇਹ ਨਹੀਂ, ਕਿ ਉਂਜ ਤਾਂ ਸਯੋਗ ਹਾਲਤਾਂ ਅਧੀਨ, ਇਸ ਸਤਿਕਾਰ ਯੋਗ ਅਸੈਂਬਲੀ ਨੇ ਬਿਨਾਂ ਕਿਸੇ ਸਿੱਟੇ 'ਤੇ ਪੁੱਜੇ ਦੇ ਇਸ ਜ਼ਰੂਰੀ ਗੁੰਝਲ ਨੂੰ ਸੁਲਝਾਉਣ ਲਈ ਹੁਣ ਤੱਕ ਬਹਿ ਕੇ ਵਿਚਾਰ ਵਟਾਂਦਰਾ ਕਰਦੇ ਰਹਿਣਾ ਸੀ, ਜੇ ਅਸਟਰੀਆ ਦੀ ਸਰਕਾਰ ਨੇ ਇਸ ਜਟਿਲ ਸਮੱਸਿਆ ਨੂੰ ਹੱਲ ਨਾ ਕਰ ਦਿੱਤਾ ਹੁੰਦਾ ਤੇ ਉਹਨਾਂ ਨੂੰ ਮੁਸੀਬਤ ਤੋਂ ਬਚਾ ਲਿਆ ਨਾ ਹੁੰਦਾ।

ਅਸਟਰੀਆ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਸ ਛਿਣ ਤੋਂ ਜਿਸ ਤੋਂ ਉਹ ਆਪਣੇ ਸਾਰੇ ਪ੍ਰਾਂਤਾਂ ਨੂੰ ਆਪਣੇ ਅਧੀਨ ਕਰ ਕੇ ਮੁੜ ਆਪਣੇ ਆਪ ਨੂੰ ਯੂਰਪ ਦੇ ਸਾਹਮਣੇ ਇੱਕ ਤਾਕਤਵਰ ਤੇ ਮਹਾਨ ਯੂਰਪੀ ਤਾਕਤ ਵਜੋਂ ਪੇਸ਼ ਕਰ ਸਕੇਗਾ, ਰਾਜਸੀ ਖਿੱਚ ਦਾ ਉਹੋ ਕਾਨੂੰਨ ਬਾਕੀ ਦੇ ਜਰਮਨੀ ਨੂੰ ਉਸ ਦੇ ਕਾਰਜ-ਖੇਤਰ ਵਿੱਚ ਖਿੱਚ ਲਿਆਵੇਗਾ, ਇਸ ਲਈ ਉਸ ਨੂੰ ਕਿਸੇ ਅਜਿਹੀ ਅਥਾਰਟੀ ਦੀ ਜ਼ਰੂਰਤ ਨਹੀਂ ਹੋਵੇਗੀ ਜੋ ਇੱਕ ਸ਼ਹਿਨਸ਼ਾਹੀ ਤਾਜ ਉਸ ਨੂੰ ਦੇ ਸਕਦਾ ਸੀ। ਅਸਟਰੀਆ, ਜਦੋਂ ਤੋਂ ਉਸ ਨੇ ਜਰਮਨ ਸਲਤਨਤ ਦੇ ਉਸ ਅਧਿਕਾਰ ਰਹਿਤ ਤਾਜ ਨੂੰ ਲਾਹ ਮਾਰਿਆ ਸੀ ਵਧੇਰੇ ਤਾਕਤਵਰ ਤੇ ਸੁਤੰਤਰ ਹੋ ਰਿਹਾ ਸੀ— ਤਾਜ ਜਿਸ ਨੇ ਉਸ ਦੀ ਆਪਣੀ ਸੁਤੰਤਰ ਨੀਤੀ ਨੂੰ ਜਕੜਿਆ ਹੋਇਆ ਸੀ, ਜਦ ਕਿ ਉਸ ਨੇ ਤਾਕਤ ਵਿੱਚ ਨਾ ਜਰਮਨੀ ਦੇ ਅੰਦਰ ਤੇ ਨਾ ਹੀ ਬਾਹਰ ਭੋਰਾ ਜਿੰਨਾ ਵੀ ਵਾਧਾ ਕੀਤਾ ਸੀ ਅਤੇ ਉਸ ਹਾਲਤ ਦਾ ਕਿਆਸ ਕਰਦਿਆਂ ਕਿ ਅਸਟਰੀਆ ਇਟਲੀ ਤੇ ਹੰਗਰੀ ਵਿੱਚ ਆਪਣੇ ਪੈਰਾਂ ਨੂੰ ਜਮਾ ਕੇ ਨਹੀਂ ਸੀ ਰੱਖ ਸਕਿਆ, ਕਿਉਂ ਫਿਰ ਉਸ ਨੂੰ ਜਰਮਨੀ ਵਿੱਚ ਵੀ ਖ਼ਤਮ ਤੇ ਮਿਟਾ ਦਿੱਤਾ ਗਿਆ ਅਤੇ ਮੁੜ ਕੇ ਤਾਜ ਪ੍ਰਾਪਤ ਕਰਨ ਦਾ ਉਸ ਨੇ ਕਦੇ ਵੀ ਇਰਾਦਾ ਨਾ ਕੀਤਾ ਜਿਹੜਾ ਉਸ ਦੇ ਹੱਥਾਂ ਵਿੱਚੋਂ ਉਦੋਂ ਖਿਸਕ ਗਿਆ ਜਦੋਂ ਉਸ ਦੇ ਹੱਥਾਂ ਵਿੱਚ ਆਪਣੀ ਪੂਰੀ ਤਾਕਤ ਮੌਜੂਦ ਸੀ। ਸੋ, ਅਸਟਰੀਆ ਨੇ ਤੁਰੰਤ ਕੁੱਲ ਸ਼ਹਿਨਸ਼ਾਹੀ ਪੁਨਰ ਸਥਾਪਨਾਵਾਂ ਦੇ ਵਿਰੁੱਧ ਐਲਾਨ ਕਰ ਦਿੱਤਾ ਤੇ ਸਪੱਸ਼ਟ ਤੌਰ 'ਤੇ ਜਰਮਨ ਡੀਟ ਦੀ ਬਹਾਲੀ ਦੀ ਮੰਗ ਕੀਤੀ, ਜੋ ਇੱਕੋ ਇੱਕ ਜਰਮਨੀ ਦੀ ਇੱਕੋ ਇੱਕ ਕੇਂਦਰੀ ਸਰਕਾਰ ਸੀ ਜਿਸ ਨੂੰ 1815 ਦੀਆਂ ਸੰਧੀਆਂ ਰਾਹੀਂ ਮਾਣਤਾ ਪ੍ਰਾਪਤ ਸੀ ਅਤੇ 4 ਮਾਰਚ 1849 ਨੂੰ ਉਹ ਸੰਵਿਧਾਨ ਜਾਰੀ ਕਰ ਦਿੱਤਾ ਜਿਸ ਦੀ ਅਸਟਰੀਆ ਨੂੰ ਇੱਕ ਅਵੰਡ, ਕੇਂਦਰਿਤ ਤੇ ਸੁਤੰਤਰ ਸਮਰਾਟਸ਼ਾਹੀ ਐਲਾਨਣ ਤੋਂ ਬਿਨਾਂ ਹੋਰ ਕੋਈ ਅਰਥ ਨਹੀਂ ਸੀ, ਇਹ ਉਸ ਜਰਮਨੀ ਤੋਂ ਵੀ ਵੱਖਰਾ ਸੀ ਜਿਸ ਨੂੰ ਫ਼ਰੈਂਕਫ਼ੋਰਟ ਅਸੈਂਬਲੀ ਨੇ ਪ੍ਰਵਾਨ ਕਰਨਾ ਸੀ।

ਨਿਰਸੰਦੇਹ, ਜੰਗ ਦੇ ਖੁੱਲ੍ਹੇ ਐਲਾਨ ਨੇ, ਫ਼ਰੈਂਕਫ਼ੋਰਟ ਦੇ ਲਾਲਬੁਝੱਕੜਾਂ ਦੇ ਸਾਹਮਣੇ ਅਸਟਰੀਆ ਨੂੰ ਜਰਮਨੀ ਵਿੱਚੋਂ ਬਾਹਰ ਕਰਨ ਤੋਂ ਬਿਨਾਂ ਅਤੇ ਉਸ ਦੇਸ਼ ਦੇ ਬਾਕੀ ਬੱਚਦੇ ਇਲਾਕੇ ਵਿੱਚੋਂ ਇੱਕ ਪ੍ਰਕਾਰ ਦੀ **ਲੋਅਰ ਸਲਤਨਤ**, ਇੱਕ ਛੋਟਾ **ਜਰਮਨੀ** ਸਿਰਜਣ ਤੋਂ ਬਿਨਾਂ ਹੋਰ ਕੋਈ ਨਾ ਛੱਡਿਆਂ, ਜਿਸ ਦਾ ਕੁੱਝ ਕੁੱਝ ਛਿੱਜਿਆ ਹੋਇਆ ਸ਼ਾਹੀ ਚੋਗਾ ਪ੍ਰਸ਼ੀਆ ਦੇ ਮਹਾਂ ਮਹਿਮ ਦੇ ਮੋਢਿਆਂ ਉੱਤੇ ਡਿੱਗਣਾ ਸੀ। ਇਹ ਚੇਤੇ ਕੀਤਾ ਜਾਵੇਗਾ ਕਿ ਇਹ ਇੱਕ ਪੁਰਾਣੇ ਪ੍ਰੋਜੈਕਟ ਨੂੰ ਹੀ ਮੁੜ ਨਵਿਆਉਣਾ ਸੀ ਜੋ ਕੋਈ ਛੇ ਜਾਂ ਅੱਠ ਸਾਲ ਪਹਿਲਾਂ ਦੱਖਣ

ਤੇ ਮੱਧ ਜਰਮਨੀ ਦੇ ਲਿਬਰਲ ਸਿਧਾਂਤਕਾਰਾਂ ਦੀ ਪਾਰਟੀ ਨੇ ਪੇਸ਼ ਕੀਤਾ ਸੀ, ਜੋ ਅਪਮਾਨਜਨਕ ਹਾਲਤ ਨੂੰ ਰੱਬ ਵੱਲੋਂ ਭੇਜੇ ਸਮਝਦੇ ਸਨ, ਜਿਨ੍ਹਾਂ ਹਾਲਾਤ ਰਾਹੀਂ ਉਹਨਾਂ ਦਾ ਪੁਰਾਣਾ ਖਬਤ ਦੇਸ਼ ਦੀ ਸ਼ਕਤੀ ਲਈ ਤਾਜ਼ਾ ਤਰ "ਨਵੀਂ ਚਾਲ" ਵਜੋਂ ਹੁਣ ਮੁੜ ਕੇ ਸਾਹਮਣੇ ਲਿਆਂਦਾ ਗਿਆ ਸੀ।

ਸੋ, ਉਹਨਾਂ ਨੇ ਫ਼ਰਵਰੀ ਤੇ ਮਾਰਚ 1849 ਵਿੱਚ ਸ਼ਾਹੀ ਸੰਵਿਧਾਨ ਬਾਰੇ ਬਹਿਸ ਅਧਿਕਾਰਾਂ ਦੇ ਐਲਾਨਨਾਮੇ ਤੇ ਸ਼ਾਹੀ ਚੋਣ ਕਾਨੂੰਨ ਸਮੇਤ ਸਮਾਪਤ ਕਰ ਦਿੱਤੀ, ਪਰ ਇਹ ਕੁੱਝ ਉਹ, ਕਦੇ ਕਨਜ਼ਰਵੇਟਿਵ ਜਾਂ ਕੁੱਝ-ਕੁੱਝ ਪਿਛਾਂਹਖਿਚੂ ਪਾਰਟੀ ਨੂੰ— ਕਦੇ ਅਸੈਂਬਲੀ ਦੇ ਬਹੁਤ ਹੀ ਅਗਾਂਹਵਧੂ ਭਾਗਾਂ ਨੂੰ— ਕਈ ਨੁਕਤਿਆਂ ਉੱਤੇ ਬਹੁਤ ਹੀ ਸਵੈ-ਵਿਰੋਧੀ ਰਿਆਇਤਾਂ ਦੇਣ ਲਈ ਮਜਬੂਰ ਹੋਏ ਬਿਨਾਂ ਨਾ ਰਹਿ ਸਕੇ। ਅਸਲ ਵਿੱਚ, ਇਹ ਪ੍ਰਤੱਖ ਸੀ ਕਿ ਅਸੈਂਬਲੀ ਦੀ ਲੀਡਰਸ਼ਿਪ, ਜੋ ਪਹਿਲਾਂ ਸੱਜੀ ਤੇ ਸੱਜੇ ਨਾਂਹ ਪੱਖੀ (ਕਨਜ਼ਰਵੇਟਿਵ ਤੇ ਪਿਛਾਂਹ-ਖਿੱਚੂਆਂ) ਦੀ ਸੀ, ਸਹਿਜੇ ਸਹਿਜੇ ਪਰ ਸੁਸਤ ਚਾਲੇ ਉਸ ਅਦਾਰੇ ਦੇ ਖੱਬੇ ਜਾਂ ਜਨਵਾਦੀ ਪਾਸੇ ਵੱਲ ਆ ਰਹੀ ਸੀ। ਇੱਕ ਅਸੈਂਬਲੀ ਵਿੱਚ ਅਸਟਰੀਆ ਦੇ ਡਿਪਟੀਆਂ ਦੀ ਕੁਝ ਕੁਝ ਸ਼ੱਕੀ ਹਾਲਤ ਨੇ, ਜਿਸ ਅਸੈਂਬਲੀ ਨੇ ਉਹਨਾਂ ਦੇ ਦੇਸ਼ ਨੂੰ ਜਰਮਨੀ ਵਿੱਚੋਂ ਕੱਢ ਲਿਆ ਸੀ ਅਤੇ ਜਿਸ ਵਿੱਚ ਉਹਨਾਂ ਨੂੰ ਬੈਠਣ ਤੇ ਵੋਟ ਦੇਣ ਲਈ ਬੁਲਾਇਆ ਜਾਂਦਾ ਸੀ, ਇਸ ਦੇ ਸੰਤੁਲਨ ਨੂੰ ਵਿਗਾੜਨਾ ਪਸੰਦ ਕੀਤਾ ਅਤੇ ਸੋ, ਫ਼ਰਵਰੀ ਦੇ ਖ਼ਤਮ ਹੁੰਦਿਆਂ ਹੀ ਖੱਬੇ ਕੇਂਦਰ ਤੇ ਖੱਬੇ ਪੱਖੀਆਂ ਨੇ, ਅਸਟਰੀਆ ਦੇ ਡਿਪਟੀਆਂ ਦੀਆਂ ਵੋਟਾਂ ਦੀ ਮਦਦ ਰਾਹੀਂ ਆਪਣੇ ਆਪ ਨੂੰ ਆਮ ਤੌਰ 'ਤੇ ਬਹੁਗਿਣਤੀ ਵਿੱਚ ਪਾਇਆ, ਜਦ ਕਿ ਅਗਲੇ ਦਿਨਾਂ ਵਿੱਚ ਅਸਟਰੀਆ ਦੇ ਡਿਪਟੀਆਂ ਦੇ ਕਨਜ਼ਰਵੇਟਿਵ ਭਾਗ ਨੇ ਅਚਾਨਕ ਤੇ ਅਜੀਬ ਢੰਗ ਨਾਲ਼ ਸੱਜੇ ਪੱਖੀਆਂ ਦੇ ਹੱਕ ਵਿੱਚ ਵੋਟਾਂ ਪਾ ਕੇ ਮੁੜ ਸਮਤੋਲ ਦੂਜੇ ਪਾਸੇ ਸੁੱਟ ਦਿੱਤਾ। ਇਹਨਾਂ ਅਚਾਨਕ ਪੁੱਟੀਆਂ ਪੁਲਾਂਘਾਂ ਰਾਹੀਂ ਉਹ ਅਸੈਂਬਲੀ ਲਈ ਘ੍ਰਿਣਾ ਪੈਦਾ ਕਰਨਾ ਚਾਹੁੰਦੇ ਸਨ, ਪਰ ਜੋ ਬਿਲਕੁਲ ਗ਼ੈਰਜ਼ਰੂਰੀ ਸੀ, ਫਿਰ ਵੀ ਜੋ ਲੋਕਾਂ ਦੀ ਬਹੁਤ ਭਾਰੀ ਗਿਣਤੀ ਬੜੇ ਚਿਰ ਤੋਂ ਫ਼ਰੈਂਕਫ਼ੋਰਟ ਤੋਂ ਆਉਂਦੀ ਹਰ ਚੀਜ਼ ਦੇ ਬਿਲਕੁਲ ਖੋਖਲੇਪਣ 'ਤੇ ਅਧਾਰਤ ਬਾਰੇ ਕਾਇਲ ਹੋ ਚੁੱਕੀ ਸੀ। ਇਸੇ ਸਮੇਂ ਦੌਰਾਨ ਅਜਿਹੀ ਉੱਛਲ ਕੁੱਦ ਤੇ ਉਲਟ-ਉੱਛਲ ਕੁੱਦ ਅਧੀਨ ਸੰਵਿਧਾਨ ਦਾ ਕਿਹੋ ਜਿਹਾ ਨਮੂਨਾ ਤਿਆਰ ਕੀਤਾ ਗਿਆ, ਉਸ ਬਾਰੇ ਸੌਖਿਆਂ ਕਿਆਸ ਕੀਤਾ ਜਾ ਸਕਦਾ ਹੈ।

ਅਸੈਂਬਲੀ ਦਾ ਖੱਬਾ ਧੜਾ — ਇਨਕਲਾਬੀ ਜਰਮਨੀ ਦਾ ਇਹ ਵਧੀਆ ਤੇ ਮਾਣਯੋਗ ਲੋਕਾਂ ਦਾ ਧੜਾ, ਜਿਵੇਂ ਕਿ ਇਹ ਆਪਣੇ ਆਪ ਨੂੰ ਸਮਝਦਾ ਸੀ — ਕੁੱਝ ਕੁ ਅੰਸ਼ਕ ਜਿੱਤਾਂ ਨਾਲ਼ ਪੂਰੀ ਤਰ੍ਹਾਂ ਨਸ਼ਿਆਇਆ ਹੋਇਆ ਸੀ ਜਿਹੜੀਆਂ ਜਿੱਤਾਂ ਇਸ ਨੇ ਅਸਟਰੀਆ ਦੇ ਉਹਨਾਂ ਕੁੱਝ ਨੀਤੀਵਾਨਾਂ ਦੀ ਸ਼ੁੱਭ ਕਾਮਨਾ ਜਾਂ ਕੁੱਝ ਕੁੱਝ ਮੰਦਭਾਵਨਾ ਰਾਹੀਂ ਜਿੱਤੀਆਂ ਸਨ ਜਿਹੜੇ ਅਸਟਰੀਆ ਦੀ ਧੱਕੇਸ਼ਾਹੀ ਦੀ ਚੁੱਕ ਅਧੀਨ ਅਤੇ ਉਸ ਦੇ ਹਿੱਤਾਂ ਲਈ ਕੰਮ ਕਰਦੇ ਸਨ। ਜਦੋਂ ਕਦੇ ਵੀ ਉਹਨਾਂ ਦਾ ਚੰਗੀ ਤਰ੍ਹਾਂ ਸਪੱਸ਼ਟ ਨਾ ਕੀਤੇ ਗਏ ਅਸੂਲਾਂ ਪ੍ਰਤੀ, ਵਿਧੀ ਅਨੁਸਾਰ ਪਤਲੇ ਕੀਤੇ ਰੂਪ ਵਿੱਚ ਬਹੁਤ ਹੀ ਥੋੜ੍ਹੇ ਅਨੁਮਾਨ ਨੇ ਫ਼ਰੈਂਕਫ਼ੋਰਟ ਅਸੈਂਬਲੀ

ਤੋਂ ਇੱਕ ਪ੍ਰਕਾਰ ਦੀ ਪ੍ਰਵਾਨਗੀ ਪ੍ਰਾਪਤ ਕੀਤੀ, ਇਹਨਾਂ ਡੈਮੋਕਰੇਟਾਂ ਨੇ ਐਲਾਨ ਕੀਤਾ ਕਿ ਉਹਨਾਂ ਨੇ ਦੇਸ਼ ਦੇ ਲੋਕਾਂ ਨੂੰ ਬਚਾ ਲਿਆ ਹੈ। ਇਹਨਾਂ ਵਿਚਾਰੇ, ਕਮਜ਼ੋਰ ਇਰਾਦੇ ਵਾਲ਼ੇ ਬੰਦਿਆਂ ਨੂੰ ਆਪਣੇ ਆਮ ਤੌਰ 'ਤੇ ਬਹੁਤ ਹੀ ਧੁੰਦਲੇ ਤੇ ਨਿਰਬਲ ਜੀਵਨਾਂ ਵਿੱਚ ਸਫ਼ਲਤਾ ਵਰਗੀ ਚੀਜ਼ ਨਾਲ਼ ਬਹੁਤ ਹੀ ਘੱਟ ਵਾਹ ਪਿਆ ਸੀ, ਇਸੇ ਲਈ ਉਹ ਸੱਚੀ ਮੁਚੀ ਸਮਝਦੇ ਸਨ ਕਿ ਦੋ ਜਾਂ ਤਿੰਨ ਵੋਟਾਂ ਦੀ ਬਹੁਗਿਣਤੀ ਨਾਲ਼ ਪਾਸ ਹੋਈਆਂ ਉਹਨਾਂ ਦੀਆਂ ਤਰਮੀਮਾਂ ਯੂਰਪ ਦਾ ਚਿਹਰਾ ਮੋਹਰਾ ਬਦਲ ਦੇਣਗੀਆਂ। ਉਹ ਆਪਣੇ ਵਿਧਾਨਕ ਜੀਵਨ ਦੇ ਅਰੰਭ ਤੋਂ ਹੀ, ਅਸੈਂਬਲੀ ਦੇ ਕਿੰਨੇ ਹੋਰ ਭਾਗ ਨਾਲ਼ੋਂ ਕਿਤੇ ਵਧੇਰੇ ਉਸ ਅਸਾਧ ਰੋਗ, ਪਾਰਲੀਮੈਂਟਰੀ ਬੇਹੂਦਗੀ ਵਿੱਚ ਗ੍ਰਸੇ ਹੋਏ ਸਨ, ਜੋ ਇੱਕ ਅਜਿਹਾ ਵਿਗਾੜ ਸੀ ਜੋ ਆਪਣੇ ਮੰਦਭਾਗੇ ਸ਼ਿਕਾਰਾਂ ਵਿੱਚ ਇਹ ਨਿਸਚਾ ਕਰ ਦੇਂਦਾ ਹੈ ਕਿ ਸਾਰਾ ਸੰਸਾਰ, ਇਸ ਦਾ ਇਤਿਹਾਸ ਅਤੇ ਭਵਿੱਖ ਇੱਕ ਅਜਿਹੇ ਵਿਸ਼ੇਸ਼ ਪ੍ਰਤੀਨਿਧ ਅਦਾਰੇ ਵਿੱਚ ਵੋਟਾਂ ਦੀ ਬਹੁਗਿਣਤੀ ਰਾਹੀਂ ਵਿਕਸਿਤ ਤੇ ਨਿਸ਼ਚਿਤ ਹੁੰਦੇ ਹਨ ਜਿਸ ਦੇ ਉਹ ਮੈਂਬਰ ਹੁੰਦੇ ਹਨ ਅਤੇ ਕਿ ਉਹਨਾਂ ਦੇ ਸਦਨ ਦੀ ਚਾਰਦੀਵਾਰੀ ਤੋਂ ਬਾਹਰ ਜੋ ਕੁੱਝ ਵੀ ਵਾਪਰ ਰਿਹਾ ਹੈ— ਜੰਗਾਂ, ਇਨਕਲਾਬ, ਰੇਲਾਂ ਦੀ ਉਸਾਰੀ, ਸਾਰੇ ਦੇ ਸਾਰੇ ਨਵੇਂ ਮਹਾਂਦੀਪ ਦਾ ਬਸਤੀਕਰਣ, ਕੈਲੀਫ਼ੋਰਨੀਆਂ ਵਿੱਚ ਸੋਨੇ ਦੀਆਂ ਲੱਭਤਾਂ, ਕੇਂਦਰੀ ਅਮਰੀਕੀ ਨਹਿਰਾਂ, ਰੂਸੀ ਫ਼ੌਜਾਂ ਅਤੇ ਜੋ ਕੁੱਝ ਵੀ ਜਿਸ ਦਾ ਮਨੁੱਖਤਾ ਦੀਆਂ ਹੋਣੀਆਂ ਉੱਤੇ ਥੋੜ੍ਹਾ ਬਹੁਤ ਅਸਰ ਪੈ ਸਕਦਾ ਹੈ— ਉਹਨਾਂ ਦੇ ਸਤਿਕਾਰ ਯੋਗ ਸਦਨ ਵਿੱਚ ਉਸ ਘੜੀ ਵਿਚਾਰੇ ਜਾ ਰਹੇ ਜ਼ਰੂਰੀ ਸੁਆਲ ਦੁਆਲ਼ੇ ਜੁੜੀਆਂ ਅਪਾਰ ਘਟਨਾਵਾਂ ਨਾਲ਼ ਕੋਈ ਮੁਕਾਬਲਾ ਨਹੀਂ ਹੈ। ਸੋ ਅਸੈਂਬਲੀ ਦੀ ਇਹ ਡੈਮੋਕਰੈਟਿਕ ਪਾਰਟੀ ਹੀ ਸੀ, ਜੋ, "ਸ਼ਾਂਤੀ ਸੰਵਿਧਾਨ" ਵਿੱਚ ਆਪਣੀਆਂ ਕੁੱਝ ਕੁ ਸੁਧਾਰ ਜੁਕਤੀਆਂ ਨੂੰ ਕਾਰਗਾਰ ਢੰਗ ਨਾਲ਼ ਦਾਖ਼ਲ ਕਰਨ ਰਾਹੀਂ, ਸਭ ਤੋਂ ਪਹਿਲਾਂ ਇਸ ਦੀ ਹਿਮਾਇਤ ਕਰਨ ਦੀ ਪਾਬੰਦ ਹੁੰਦੀ, ਭਾਵੇਂ ਹਰ ਜ਼ਰੂਰੀ ਨੁਕਤੇ ਉੱਤੇ ਇਸ ਨੇ ਆਪਣੇ ਹੀ ਐਲਾਨੇ ਅਸੂਲਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਅਖ਼ੀਰ, ਜਦੋਂ ਇਹ ਦੋਗਲਾ ਧੰਦਾ ਤਿਆਗ ਦਿੱਤਾ ਗਿਆ ਅਤੇ ਇਹਦੇ ਮੁੱਖ ਕਰਤਿਆਂ ਵੱਲੋਂ ਉਹਨਾਂ-ਪ੍ਰਤੀ ਵਸੀਅਤ ਕੀਤੀ ਗਈ, ਉਸ ਨੇ ਵਿਰਸੇ ਨੂੰ ਪ੍ਰਵਾਨ ਕਰ ਲਿਆ ਅਤੇ ਇਸ ਸਮਰਾਟਵਾਦੀ ਸੰਵਿਧਾਨ ਦੀ ਹਿਮਾਇਤ ਵਿੱਚ, ਹਰ ਉਸ ਬੰਦੇ ਦੀ ਵਿਰੋਧਤਾ ਦੇ ਵਿਰੁੱਧ ਡਟ ਗਈ ਜਿਨ੍ਹਾਂ ਨੇ ਉਦੋਂ ਖ਼ੁਦ ਆਪਣੇ ਰਿਪਬਲਿਕਨ ਅਸੂਲਾਂ ਦਾ ਐਲਾਨ ਕੀਤਾ।

ਪਰ ਇਹ ਜ਼ਰੂਰ ਮੰਨਣਾ ਚਾਹੀਦਾ ਹੈ ਕਿ ਇਸ ਗੱਲ ਵਿੱਚ ਵਿਰੋਧ ਮਹਿਜ਼ ਵਿਖਾਈ ਦੇਂਦਾ ਸੀ। ਸ਼ਾਹੀ ਸੰਵਿਧਾਨ ਦਾ ਅਨਿਸਚਿਤ, ਸਵੈ-ਵਿਰੋਧੀ, ਕੱਚਾ ਚਰਿੱਤਰ ਇਹਨਾਂ ਜਨਵਾਦੀ ਮਹਾਂਪੁਰਸ਼ਾਂ ਦੇ ਕੱਚੇ, ਅਸਪੱਸ਼ਟ, ਆਪੋ ਵਿੱਚ ਟਕਰਾਉਂਦੇ ਵਿਚਾਰਾਂ ਦਾ ਹੀ ਬਿੰਬ ਸੀ ਅਤੇ ਜੇ ਇਹਨਾਂ ਦੇ ਆਪਣੇ ਕਥਨ ਤੇ ਲਿਖਤਾਂ—ਜਿੱਥੋਂ ਤੱਕ ਇਹ ਲਿਖ ਸਕਦੇ ਸਨ— ਇਸ ਲਈ ਕਾਫ਼ੀ ਸਬੂਤ ਨਹੀਂ ਹਨ ਤਾਂ ਉਹਨਾਂ ਦੇ ਅਮਲ ਅਜਿਹਾ ਸਬੂਤ ਪੇਸ਼ ਕਰਨਗੇ, ਕਿਉਂ ਜੋ ਸਿਆਣੇ ਲੋਕ ਕਿਸੇ ਬੰਦੇ ਨੂੰ ਉਸ ਦੀ ਕਥਨੀ ਤੋਂ ਨਹੀਂ ਸਗੋਂ ਉਸ ਦੀ ਕਰਨੀ ਤੋਂ ਪਰਖਦੇ ਹਨ, ਉਸ ਤੋਂ ਨਹੀਂ ਜੋ ਕੁੱਝ ਉਹ ਬਣਨ ਦਾ ਦਾਅਵਾ ਕਰਦਾ ਹੈ, ਸਗੋਂ ਉਸ ਤੋਂ ਜੋ ਕੁੱਝ ਉਹ ਕਰਦਾ ਹੈ ਤੇ ਜੋ ਕੁੱਝ ਉਹ ਅਸਲ ਵਿੱਚ ਹੈ ਅਤੇ ਜਰਮਨ ਜਮਹੂਰੀਅਤ ਦੇ ਇਹਨਾਂ

ਯੋਧਿਆਂ ਦੇ ਕਾਰਨਾਮੇ ਆਪਣੇ ਬਾਰੇ ਬਹੁਤ ਕੁੱਝ ਦੱਸਦੇ ਹਨ, ਜਿਵੇਂ ਅਸੀਂ ਸਹਿਜੇ ਸਹਿਜੇ ਜਾਣ ਜਾਵਾਂਗੇ। ਪਰ, ਸ਼ਾਹੀ ਸੰਵਿਧਾਨ, ਆਪਣੇ ਸਾਰੇ ਲੜਗੁੱਝਾਂ ਤੇ ਨਿਕਸੁਕ ਸਮੇਤ ਨਿਸ਼ਚਤ ਰੂਪ ਵਿੱਚ ਪਾਸ ਹੋ ਗਿਆ ਅਤੇ 28 ਮਾਰਚ ਨੂੰ ਪ੍ਰਸ਼ੀਆ ਦਾ ਬਾਦਸ਼ਾਹ, 248 ਮੈਂਬਰਾਂ ਜਿਨ੍ਹਾਂ ਨੇ ਵੋਟਾਂ ਵਿੱਚ ਭਾਗ ਨਾ ਲਿਆ ਤੇ 100 ਜਿਹੜੇ ਹਾਜ਼ਰ ਨਹੀਂ ਸਨ, ਦੇ ਮੁਕਾਬਲੇ ਵਿੱਚ 290 ਵੋਟਾਂ ਨਾਲ਼ ਜਰਮਨੀ ਦਾ, ਜਿਸ ਵਿੱਚ ਅਸਟਰੀਆ ਸ਼ਾਮਲ ਨਹੀਂ ਸੀ, ਬਾਦਸ਼ਾਹ ਚੁਣਿਆ ਗਿਆ। ਇਤਿਹਾਸਕ ਵਿਅੰਗ ਸੰਪੂਰਨ ਹੋ ਗਿਆ ਤੇ ਸ਼ਾਹੀ ਸਾਂਗ ਨੂੰ ਹੈਰਾਨ ਪ੍ਰੇਸ਼ਾਨ ਬਰਲਿਨ ਦੇ ਬਾਜ਼ਾਰਾਂ ਵਿੱਚ, 18 ਮਾਰਚ 1848 ਦੇ ਇਨਕਲਾਬ ਤੋਂ ਤਿੰਨ ਦਿਨ ਮਗਰੋਂ **ਫ਼ਰੈਡਰਿਕ ਵਿਲੀਅਮ** ਚੌਥੇ ਰਾਹੀਂ ਨੇਪਰੇ ਚਾੜ੍ਹਿਆ ਗਿਆ, ਜਦ ਕਿ ਹਾਲਤ ਅਜਿਹੀ ਸੀ ਜੋ ਕਿਸੇ ਹੋਰ ਥਾਂ Maine Liquor Law ਅਧੀਨ ਆ ਗਈ ਹੁੰਦੀ — ਇਸ ਨਿਰਾਸ਼ਾਜਨਕ ਸਾਂਗ ਨੂੰ, ਕੇਵਲ ਇੱਕ ਸਾਲ ਮਗਰੋਂ, ਸਾਰੀ ਜਰਮਨੀ ਦੀ ਹੋਂਦ ਦਾ ਦਾਅਵਾ ਕਰਨ ਵਾਲੀ ਅਸੈਂਬਲੀ ਨੇ ਪ੍ਰਵਾਨਗੀ ਦੇ ਦਿੱਤੀ। ਸੋ ਇਹ ਸੀ ਜਰਮਨ ਇਨਕਲਾਬ ਦਾ ਨਤੀਜਾ।

ਲੰਡਨ, ਜੁਲਾਈ 1852.

## XIV
## ਕੌਮੀ ਅਸੈਂਬਲੀ ਤੇ ਸਰਕਾਰਾਂ

ਫ਼ਰੈਂਕਫ਼ੋਰਟ ਦੀ ਕੌਮੀ ਅਸੈਂਬਲੀ ਨੇ, ਪ੍ਰਸ਼ੀਆ ਦੇ ਬਾਦਸ਼ਾਹ ਨੂੰ ਜਰਮਨੀ ਦਾ ਸ਼ਹਿਨਸ਼ਾਹ ਚੁਣਨ ਦੇ ਮਗਰੋਂ, ਉਸ ਨੂੰ ਤਾਜ ਭੇਂਟ ਕਰਨ ਲਈ ਇੱਕ ਡੈਪੂਟੇਸ਼ਨ ਬਰਲਿਨ ਭੇਜਿਆ ਤੇ ਇਸ ਦੇ ਮਗਰੋਂ ਸਥਿਗਤ ਹੋ ਗਈ। ਤਿੰਨ ਅਪ੍ਰੈਲ ਨੂੰ ਫ਼ਰੈਡਰਿਕ ਵਿਲੀਅਮ ਨੂੰ ਡਿਪਟੀ ਆ ਕੇ ਮਿਲ਼ੇ। ਉਸ ਨੇ ਉਹਨਾਂ ਨੂੰ ਆਖਿਆ ਕਿ, ਭਾਵੇਂ ਉਸ ਨੇ ਜਰਮਨੀ ਦੇ ਸਾਰੇ ਦੂਜੇ ਰਾਜਿਆਂ ਉੱਤੇ ਤਰਜੀਹ ਦਾ ਅਧਿਕਾਰ ਪ੍ਰਵਾਨ ਕਰ ਲਿਆ ਹੈ, ਜਿਹੜਾ ਅਧਿਕਾਰ ਉਸ ਨੂੰ ਲੋਕਾਂ ਦੇ ਪ੍ਰਤੀਨਿਧਾਂ ਦੀ ਇਸ ਵੋਟ ਨੇ ਦਿੱਤਾ ਸੀ, ਅਜੇ ਉਹ ਉਨਾਂ ਚਿਰ ਸ਼ਾਹੀ ਤਾਜ ਪ੍ਰਵਾਨ ਨਹੀਂ ਕਰ ਸਕਦਾ ਜਿੰਨਾਂ ਚਿਰ ਉਸ ਨੂੰ ਇਹ ਯਕੀਨ ਨਹੀਂ ਹੋ ਜਾਂਦਾ ਕਿ ਬਾਕੀ ਦੇ ਰਾਜਿਆਂ ਵੱਲੋਂ ਉਸ ਦੀ ਉੱਚਤਮਤਾ ਨੂੰ ਅਤੇ ਸ਼ਾਹੀ ਸੰਵਿਧਾਨ ਵੱਲੋਂ ਉਸ ਨੂੰ ਦਿੱਤੇ ਅਧਿਕਾਰਾਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਉਸ ਨੇ ਹੋਰ ਆਖਿਆ ਕਿ ਇਹ ਗੱਲ ਜਰਮਨੀ ਦੀਆਂ ਸਰਕਾਰਾਂ ਵੱਲੋਂ ਵੇਖਣ ਵਾਲ਼ੀ ਹੈ ਕਿ ਕੀ ਇਹ ਸੰਵਿਧਾਨ ਇਹੋ ਜਿਹਾ ਹੈ ਜਿਸ ਨੂੰ ਉਹਨਾਂ ਵੱਲੋਂ ਪ੍ਰਵਾਨ ਕੀਤਾ ਵੀ ਜਾ ਸਕਦਾ ਹੈ। ਸਾਰੀਆਂ ਹਾਲਤਾਂ ਵਿੱਚ, ਭਾਵੇਂ ਉਹ ਸ਼ਹਿਨਸ਼ਾਹ ਹੋਵੇ ਜਾਂ ਨਾ, ਉਹ ਅੰਦਰੂਨੀ ਜਾਂ ਬਾਹਰਲੇ ਦੁਸ਼ਮਣ ਦੇ ਵਿਰੁੱਧ ਤਲਵਾਰ ਚੁੱਕਣ ਲਈ ਤਿਆਰ ਹੋਵੇਗਾ, ਉਸ ਨੇ ਅਖ਼ੀਰ ਵਿੱਚ ਆਖਿਆ। ਅਸੀਂ ਛੇਤੀ ਹੀ ਵੇਖਾਂਗੇ ਕਿ ਕਿਵੇਂ ਉਸ ਨੇ ਆਪਣੇ ਇਕਰਾਰ ਨੂੰ ਅਜਿਹੇ ਢੰਗ ਨਾਲ਼ ਨਿਭਾਇਆ ਜੋ ਕੌਮੀ ਅਸੈਂਬਲੀ ਦਾ ਤਰਾਹ ਕੱਢਣ ਵਾਲਾ ਸੀ।

ਫ਼ਰੈਂਕਫ਼ੋਰਟ ਦੇ ਲਾਲਬੁਝੱਕੜ, ਡੂੰਘੀ ਡਿਪਲੋਮੈਟਿਕ ਜਾਂਚ ਪੜਤਾਲ਼ ਦੇ ਮਗਰੋਂ ਅਖ਼ੀਰ ਇਸ ਸਿੱਟੇ ’ਤੇ ਪੁੱਜੇ ਕਿ ਇਹ ਜੁਆਬ ਤਾਜ ਤੋਂ ਇਨਕਾਰ ਦੇ ਬਰਾਬਰ ਹੈ। ਉਹਨਾਂ ਫਿਰ (12 ਅਪ੍ਰੈਲ) ਇਹ ਫ਼ੈਸਲਾ ਕੀਤਾ ਕਿ ਸ਼ਾਹੀ ਸੰਵਿਧਾਨ ਦੇਸ਼ ਦਾ ਕਾਨੂੰਨ ਹੈ ਅਤੇ ਇਸ ਨੂੰ ਹਰ ਹਾਲਤ ਵਿੱਚ ਬਹਾਲ ਰੱਖਣਾ ਚਾਹੀਦਾ ਹੈ ਅਤੇ ਆਪਣੇ ਸਾਹਮਣੇ ਉੱਕਾ ਕੋਈ ਰਾਹ ਨਾ ਵੇਖਦੇ ਹੋਏ ਉਹਨਾਂ ਨੇ ਤੀਹਾਂ ਵਿਅਕਤੀਆਂ ਦੀ ਇੱਕ ਕਮੇਟੀ ਚੁਣੀ, ਜਿਸ ਨੇ ਅਜਿਹੇ ਸਾਧਨ ਤਜਵੀਜ਼ ਕਰਨੇ ਸਨ ਜਿਨ੍ਹਾਂ ਰਾਹੀਂ ਸੰਵਿਧਾਨ ਨੂੰ ਨੇਪਰੇ ਚਾੜ੍ਹਿਆ ਜਾ ਸਕੇ।

ਇਹ ਮਤਾ ਫ਼ਰੈਂਕਫ਼ੋਰਟ ਅਸੈਂਬਲੀ ਅਤੇ ਜਰਮਨ ਸਰਕਾਰਾਂ ਵਿਚਾਲੇ ਟੱਕਰ ਲਈ ਸੰਕੇਤ ਸੀ, ਜੋ ਹੁਣ ਛਿੜ ਪਈ ਸੀ।

ਮੱਧ ਵਰਗੀ ਜਮਾਤਾਂ ਨੇ ਅਤੇ ਵਿਸ਼ੇਸ਼ ਤੌਰ ’ਤੇ ਛੋਟੇ ਤਾਜਰਾਂ ਦੀ ਜਮਾਤ ਨੇ ਤੁਰੰਤ ਹੀ ਨਵੇਂ ਫ਼ਰੈਂਕਫ਼ੋਰਟ ਸੰਵਿਧਾਨ ਦੀ ਹਿਮਾਇਤ ਦਾ ਐਲਾਨ ਕਰ ਦਿੱਤਾ।

ਉਹ ਹਰ ਸਮੇਂ ਲਈ ਉਸ ਘੜੀ ਦੀ ਉਡੀਕ ਨਹੀਂ ਸਨ ਕਰ ਸਕਦੀਆਂ ਜਿਸ ਨਾਲ਼ “ਇਨਕਲਾਬ ਨੂੰ ਬੰਦ” ਕਰਨਾ ਸੀ। ਅਸਟਰੀਆ ਤੇ ਪ੍ਰਸ਼ੀਆ ਵਿੱਚ ਇਨਕਲਾਬ, ਇੱਕ ਘੜੀ ਲਈ, ਹਥਿਆਰਬੰਦ ਤਾਕਤ ਦੀ ਮੁਦਾਲਖ਼ਤ ਰਾਹੀਂ ਬੰਦ ਕਰ ਦਿੱਤਾ ਸੀ; ਸਬੰਧਤ ਜਮਾਤਾਂ ਨੇ ਉਸ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਘੱਟ ਜ਼ੋਰ ਵਾਲ਼ੇ ਢੰਗ ਨੂੰ ਪਹਿਲ ਦਿੱਤੀ ਹੁੰਦੀ, ਪਰ ਉਹਨਾਂ ਨੂੰ ਇਸ ਦਾ ਮੌਕਾ ਹੀ ਪ੍ਰਾਪਤ ਨਾ ਹੋਇਆ; ਕੰਮ ਹੋ ਗਿਆ ਸੀ ਅਤੇ ਉਹਨਾਂ ਨੇ ਇਸ ਦੀ ਵੱਧ ਤੋ ਵੱਧ ਚੰਗੀ ਵਰਤੋਂ ਕਰਨੀ ਸੀ, ਉਹ ਸੀ ਇੱਕ ਫ਼ੈਸਲਾ ਜੋ ਉਹਨਾਂ ਨੇ ਤੁਰੰਤ ਕੀਤਾ ਤੇ ਉਸ ਨੂੰ ਬੜੀ ਬਹਾਦਰੀ ਨਾਲ਼ ਸਿਰੇ ਚਾੜ੍ਹਿਆ। ਛੋਟੇਰੇ ਰਾਜਾਂ ਵਿੱਚ, ਜਿੱਥੇ ਸਭ ਕੁਝ ਮੁਕਾਬਲਤਨ ਆਰਾਮ ਨਾਲ਼ ਹੋ ਰਿਹਾ ਸੀ, ਦਰਮਿਆਨੀਆਂ ਜਮਾਤਾਂ ਨੂੰ ਵਿਖਾਵੇ ਵਾਲ਼ੀ, ਪਰ ਅਧਿਕਾਰ ਰਹਿਤ ਹੋਣ ਕਾਰਨ, ਬੇਨਤੀਜਾ, ਉਸ ਪਾਰਲੀਮੈਂਟਰੀ ਐਜੀਟੇਸ਼ਨ ਵਿੱਚ ਲੰਮੇ ਸਮੇਂ ਤੋਂ ਸੁੱਟ ਦਿੱਤਾ ਗਿਆ ਸੀ ਜੋ ਉਹਨਾਂ ਦੇ ਬਹੁਤ ਹੀ ਮਾਫ਼ਕ ਸੀ। ਜਰਮਨੀ ਦੇ ਵੱਖ ਵੱਖ ਰਾਜ, ਜਿਨ੍ਹਾਂ ਵਿੱਚੋਂ ਹਰ ਇੱਕ ਨੂੰ ਵੱਖਰਾ ਸਮਝਿਆ ਜਾਂਦਾ ਸੀ, ਇੰਜ ਜਾਪਦਾ ਸੀ ਜਿਵੇਂ ਉਹਨਾਂ ਨੇ ਉਹ ਨਵਾਂ ਤੇ ਨਿਸ਼ਚਤ ਰੂਪ ਧਾਰਨ ਕਰ ਲਿਆ ਹੈ, ਜਿਸ ਬਾਰੇ ਇਹ ਕਿਆਸ ਕੀਤਾ ਜਾਂਦਾ ਸੀ ਕਿ ਉਹ ਉਹਨਾਂ ਨੂੰ ਸ਼ਾਂਤਮਈ ਤੇ ਵਿਆਪਕ ਵਿਕਾਸ ਦੇ ਰਾਹ ਉੱਤੇ ਤੁਰਨ ਯੋਗ ਬਣਾਵੇਗਾ। ਹੁਣ ਕੇਵਲ ਇੱਕ ਖੁੱਲ੍ਹਾ ਸੁਆਲ ਰਹਿ ਗਿਆ ਸੀ, ਉਹ ਸੀ ਜਰਮਨ ਕਾਨਫ਼ੈਡਰੇਸੀ ਦੀ ਨਵੀਂ ਰਾਜਨੀਤਕ ਜੱਥੇਬੰਦੀ ਦਾ ਸੁਆਲ। ਇਸ ਸੁਆਲ, ਨੂੰ ਜੋ ਅਜੇ ਵੀ ਖ਼ਤਰੇ ਨਾਲ਼ ਭਰਪੂਰ ਜਾਪਦਾ ਸੀ, ਤੁਰੰਤ ਹੱਲ ਕਰਨਾ ਜ਼ਰੂਰੀ ਸਮਝਿਆ ਗਿਆ। ਸੋ, ਦਰਮਿਆਨੀਆਂ ਜਮਾਤਾਂ ਵੱਲੋਂ ਫ਼ਰੈਂਕਫ਼ੋਰਟ ਅਸੈਂਬਲੀ ਉੱਤੇ ਦਬਾਅ ਪਾਇਆ ਗਿਆ ਤਾਂ ਜੋ ਉਸ ਨੂੰ ਜਿਤਨੀ ਛੇਤੀ ਸੰਭਵ ਹੋਵੇ ਸੰਵਿਧਾਨ ਤਿਆਰ ਕਰਨ ਲਈ ਪ੍ਰੇਰਿਆ ਜਾਵੇ; ਸੋ ਉਚੇਰੀ ਤੇ ਨਿਚਲੀ ਬੁਰਜੂਆਜ਼ੀ ਵਿਚਾਲੇ ਇਸ ਸੰਵਿਧਾਨ ਨੂੰ ਭਾਵੇਂ ਉਹ ਕਿਹੋ ਜਿਹਾ ਹੋਵੇ ਪ੍ਰਵਾਨ ਕਰਨ ਤੇ ਇਸ ਦੀ ਹਿਮਾਇਤ ਕਰਨ ਲਈ, ਹੀਆ ਪੈਦਾ ਕੀਤਾ ਜਾਵੇ ਤਾਂ ਜੋ ਬਿਨਾਂ ਕਿਸੇ ਢਿੱਲ ਦੇ ਮਾਮਲਿਆਂ ਦੇ ਨਿਬੇੜੇ ਵਾਲ਼ੀ ਹਾਲਤ ਪੈਦਾ ਕੀਤੀ ਜਾਵੇ। ਸੋ, ਅਰੰਭ ਤੋਂ ਹੀ ਸ਼ਾਹੀ ਸੰਵਿਧਾਨ ਲਈ ਐਜੀਟੇਸ਼ਨ ਇੱਕ ਪਿਛਾਂਹਖਿੱਚੂ

ਭਾਵਨਾ ਵਿੱਚੋਂ ਪੈਦਾ ਹੋਈ ਸੀ ਅਤੇ ਉਹਨਾਂ ਜਮਾਤਾਂ ਵਿੱਚ ਉੱਭਰੀ ਸੀ ਜੋ ਲੰਮੇ ਸਮੇਂ ਤੋਂ ਇਨਕਲਾਬ ਤੋਂ ਤੰਗ ਆ ਗਈਆਂ ਸਨ।

ਪਰ ਇਸ ਵਿੱਚ ਇੱਕ ਹੋਰ ਲੱਛਣ ਸੀ। ਭਵਿੱਖੀ ਜਰਮਨ ਸੰਵਿਧਾਨ ਦੇ ਪਹਿਲੇ ਤੇ ਬੁਨਿਆਦੀ ਅਸੂਲਾਂ ਲਈ ਵੋਟਾਂ 1848 ਦੇ ਬਹਾਰ ਤੇ ਗਰਮੀਆਂ ਦੇ ਪਹਿਲੇ ਮਹੀਨਿਆਂ ਦੇ ਦੌਰਾਨ ਪਾਈਆਂ ਗਈਆਂ ਸਨ—ਇਹ ਇੱਕ ਅਜਿਹਾ ਸਮਾਂ ਸੀ ਜਦੋਂ ਜਨਤਕ ਐਜੀਟੇਸ਼ਨ ਅਜੇ ਪ੍ਰਬਲ ਸੀ। ਉਦੋਂ ਪਾਸ ਕੀਤੇ ਗਏ ਮਤੇ— ਭਾਵੇਂ ਉਹ ਉਸ ਸਮੇਂ ਪੂਰੀ ਤਰ੍ਹਾਂ ਪਿਛਾਂਹਖਿੱਚੂ ਸਨ— ਹੁਣ, ਅਸਟਰੀਆ ਤੇ ਪ੍ਰਸ਼ੀਆ ਦੀਆਂ ਸਰਕਾਰਾਂ ਦੇ ਆਪਹੁਦਰੇ ਅਮਲਾਂ ਦੇ ਮਗਰੋਂ, ਬਹੁਤ ਹੀ ਉਦਾਰ, ਇੱਥੋਂ ਤੱਕ ਕਿ ਜਮਹੂਰੀ ਵਿਖਾਈ ਦਿੱਤੇ। ਮੁਕਾਬਲੇ ਦਾ ਮਿਆਰ ਬਦਲ ਗਿਆ ਸੀ। ਫ਼ਰੈਂਕਫ਼ੋਰਟ ਅਸੈਂਬਲੀ, ਬਿਨਾਂ ਸਦਾਚਾਰਕ ਆਤਮਘਾਤ ਦੇ ਇੱਕ ਵਾਰ ਪਾਸ ਕੀਤੇ ਗਏ ਇਹਨਾਂ ਵਿਧਾਨਾਂ ਨੂੰ ਰੱਦ ਨਹੀਂ ਸੀ ਕਰ ਸਕਦੀ ਅਤੇ ਉਸ ਨੇ ਇਹਨਾਂ ਵਿਧਾਨਾਂ ਦੇ ਨਮੂਨੇ ਉੱਤੇ ਸ਼ਾਹੀ ਸੰਵਿਧਾਨ ਬਣਾ ਲਿਆ ਜਿਨ੍ਹਾਂ ਨੂੰ ਅਸਟਰੀਆ ਤੇ ਪ੍ਰਸ਼ੀਆ ਦੀਆਂ ਸਰਕਾਰਾਂ ਨੇ ਹੱਥ ਵਿੱਚ ਤਲਵਾਰ ਲੈ ਕੇ ਮੜ੍ਹਿਆ ਸੀ। ਇਸ ਤੋਂ ਉਪਰੰਤ, ਜਿਵੇਂ ਅਸੀਂ ਵੇਖਿਆ ਹੈ, ਅਸੈਂਬਲੀ ਵਿੱਚ ਬਹੁਗਿਣਤੀ ਨੇ ਪਾਸੇ ਬਦਲ ਲਏ ਸਨ ਅਤੇ ਲਿਬਰਲ ਤੇ ਡੈਮੋਕਰੇਟਿਕ ਪਾਰਟੀ ਦਾ ਰਸੂਖ਼ ਵੱਧ ਰਿਹਾ ਸੀ। ਸੋ ਸ਼ਾਹੀ ਸੰਵਿਧਾਨ ਨਾ ਕੇਵਲ ਆਪਣੇ ਪ੍ਰਤੱਖ ਵਿਖਾਈ ਦੇਂਦੇ ਵਿਸ਼ੇਸ ਜਨਤਕ ਮੂਲ ਵੱਲੋਂ ਵਿਲੱਖਣ ਸੀ, ਸਗੋਂ ਉਸੇ ਸਮੇਂ ਸਵੈ-ਵਿਰੋਧਾਂ ਨਾਲ਼ ਭਰਪੂਰ ਵੀ ਸੀ, ਫਿਰ ਵੀ ਇਹ ਸਾਰੀ ਜਰਮਨੀ ਦਾ ਬਹੁਤ ਉਦਾਰ ਸੰਵਿਧਾਨ ਸੀ। ਇਸ ਦੀ ਸਭ ਤੋਂ ਵੱਡੀ ਗ਼ਲਤੀ ਇਹ ਸੀ ਕਿ ਇਹ ਮਹਿਜ਼ ਕਾਗ਼ਜ਼ ਦਾ ਟੁਕੜਾ ਸੀ, ਜਿਸ ਕੋਲ਼ ਆਪਣੇ ਵਿਧਾਨਾਂ ਨੂੰ ਲਾਗੂ ਕਰਨ ਦੀ ਕੋਈ ਤਾਕਤ ਨਹੀਂ ਸੀ।

ਅਜਿਹੀਆਂ ਹਾਲਤਾਂ ਅਧੀਨ ਇਹ ਕੁਦਰਤੀ ਸੀ ਕਿ ਅਖੌਤੀ ਡੈਮੋਕਰੈਟਿਕ ਪਾਰਟੀ ਜੋ ਨਿਕਚੂ ਤਾਜਰ ਜਮਾਤ ਦਾ ਸਮੂਹ ਸੀ, ਸ਼ਾਹੀ ਸੰਵਿਧਾਨ ਨਾਲ਼ ਚਿੰਬੜ ਜਾਂਦੀ। ਇਹ ਜਮਾਤ ਆਪਣੀਆਂ ਮੰਗਾਂ ਵਿੱਚ ਹਮੇਸ਼ਾਂ ਹੀ ਲਿਬਰਲ ਸਮਰਾਟਵਾਦੀ ਵਿਧਾਨਕ ਬੁਰਜੂਆਜ਼ੀ ਨਾਲ਼ੋਂ ਵਧੇਰੇ ਅਗਾਂਹ ਰਹਿੰਦੀ ਆਈ ਸੀ; ਇਸ ਨੇ ਤੱਕੜੀ ਟੱਕਰ ਲਈ ਸੀ, ਇਸ ਨੇ ਕਈ ਵਾਰ ਹਥਿਆਰਬੰਦ ਮੁਜ਼ਾਹਮਤ ਦੀ ਧਮਕੀ ਦਿੱਤੀ ਸੀ, ਇਹ ਆਜ਼ਾਦੀ ਦੀ ਲੜਾਈ ਵਿੱਚ ਆਪਣਾ ਲਹੂ ਤੱਕ ਵਹਾਉਣ ਦੇ ਵੱਧ ਚੜ੍ਹ ਕੇ ਇਕਰਾਰ ਕਰਦੀ ਸੀ; ਪਰ ਇਹ ਇਸ ਗੱਲ ਦੇ ਕਾਫ਼ੀ ਸਬੂਤ ਪੇਸ਼ ਕਰ ਚੁੱਕੀ ਸੀ ਕਿ ਖ਼ਤਰੇ ਦੀ ਘੜੀ ਇਹ ਕਿਤੇ ਵਿਖਾਈ ਨਹੀਂ ਸੀ ਦਿੱਤੀ, ਅਤੇ ਇਸ ਨੇ ਇੱਕ ਨਿਰਣਾਇਕ ਹਾਰ ਦੇ ਮਗਰੋਂ ਆਪਣੇ ਆਪ ਨੂੰ ਸਭ ਤੋਂ ਵੱਧ ਸੁਖਾਵਾਂ ਮਹਿਸੂਸ ਕੀਤਾ ਸੀ, ਜਦੋਂ ਸਭ ਕੁਝ ਗਵਾਚ ਰਿਹਾ ਸੀ, ਇਸ ਨੇ ਇਹ ਜਾਣ ਕੇ ਘੱਟੋ ਘੱਟ ਸੁੱਖ ਦਾ ਸਾਹ ਲਿਆ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਮਾਮਲਾ ਨਿਪਟ ਗਿਆ ਸੀ। ਜਦ ਕਿ ਵੱਡੇ ਬੈਂਕਰਾਂ, ਉਤਪਾਦਕਾਂ ਤੇ ਵਪਾਰੀਆਂ ਦਾ ਲਗਾਓ ਵਧੇਰੇ ਗੰਭੀਰ ਲੱਛਣ ਦਾ ਸੀ, ਫ਼ਰੈਂਕਫ਼ੋਰਟ ਸੰਵਿਧਾਨ ਦੇ ਹੱਕ ਵਿੱਚ ਵਧੇਰੇ ਸਾਦਾ ਜਿਹਾ ਪ੍ਰਗਟਾਅ ਜਿਹਾ ਸੀ, ਇਸ ਲਈ ਉਹਨਾਂ ਦੀ ਹੇਠਲੀ ਜਮਾਤ, ਸਾਡੇ ਖਾੜਕੂ ਜਨਵਾਦੀ ਦੁਕਾਨਦਾਰ ਇੱਕ ਸ਼ਾਨਦਾਰ ਢੰਗ ਨਾਲ਼ ਸਾਹਮਣੇ ਆਏ ਅਤੇ ਹਮੇਸ਼ਾਂ ਵਾਂਗ ਐਲਾਨ ਕੀਤਾ ਕਿ ਉਹ ਸ਼ਾਹੀ ਸੰਵਿਧਾਨ ਨੂੰ ਭੁੰਜੇ ਡਿੱਗਣੋਂ ਬਚਾਉਣ

ਲਈ ਆਪਣੇ ਲਹੂ ਦਾ ਆਖ਼ਰੀ ਕਤਰਾ ਤੱਕ ਵਹਾ ਦੇਣਗੇ।

ਇਹਨਾਂ ਦੋਹਾਂ ਪਾਰਟੀਆਂ— ਵਿਧਾਨਕ ਬਾਦਸ਼ਾਹੀ ਦੇ ਬੁਰਜੂਆ ਉਪਾਸ਼ਕ ਅਤੇ ਘੱਟ ਜਾਂ ਵੱਧ ਜਨਵਾਦੀ ਦੁਕਾਨਦਾਰ ਦੀ ਹਿਮਾਇਤ ਨਾਲ਼ ਸ਼ਾਹੀ ਸੰਵਿਧਾਨ ਦੀ ਤੁਰੰਤ ਸਥਾਪਤੀ ਦੀ ਐਜੀਟੇਸ਼ਨ ਨੇ ਤੇਜ਼ੀ ਨਾਲ਼ ਜ਼ੋਰ ਫੜ ਲਿਆ ਅਤੇ ਇਸ ਦਾ ਕਈ ਰਾਜਾਂ ਦੀਆਂ ਪਾਰਲੀਮੈਂਟਾਂ ਵਿੱਚ ਸ਼ਕਤੀਸ਼ਾਲੀ ਪ੍ਰਗਟਾਅ ਹੋਇਆ। ਪ੍ਰਸ਼ੀਆ ਦੇ, ਹਾਨੋਵਰ ਦੇ, ਸੈਕਸਨੀ ਦੇ, ਬਾਦੇਨ ਦੇ, ਵੂਰਟੈਂਬਰਗ ਦੇ ਸਦਨਾਂ ਨੇ ਇਸ ਦੀ ਹਿਮਾਇਤ ਦਾ ਐਲਾਨ ਕੀਤਾ। ਸਰਕਾਰਾਂ ਅਤੇ ਫ਼ਰੈਂਕਫ਼ੋਰਟ ਅਸੈਂਬਲੀ ਵਿਚਾਲੇ ਜੱਦੋਜਹਿਦ ਨੇ ਇੱਕ ਗੰਭੀਰ ਰੂਪ ਧਾਰਨ ਕਰ ਲਿਆ।

ਪਰ, ਸਰਕਾਰਾਂ ਨੇ ਤੇਜ਼ੀ ਨਾਲ਼ ਕਾਰਵਾਈ ਕੀਤੀ। ਪ੍ਰਸ਼ੀਆ ਦੇ ਸਦਨ ਗ਼ੈਰ ਵਿਧਾਨਕ ਤੌਰ 'ਤੇ ਭੰਗ ਕਰ ਦਿੱਤਾ ਗਏ, ਕਿਉਂਜੋ ਉਹਨਾਂ ਨੇ ਸੰਵਿਧਾਨ ਨੂੰ ਸੋਧਣਾ ਤੇ ਇਸ ਦੀ ਪੁਸ਼ਟੀ ਕਰਨੀ ਸੀ; ਬਰਲਿਨ ਵਿੱਚ ਫ਼ਸਾਦ ਭੜਕ ਉੱਠੇ, ਜੋ ਸਰਕਾਰ ਵੱਲੋਂ ਜਾਣਬੁੱਝ ਕੇ ਉਕਸਾਏ ਗਏ ਸਨ ਅਤੇ ਅਗਲੇ ਦਿਨ, 28 ਅਪ੍ਰੈਲ ਨੂੰ, ਪ੍ਰਸ਼ੀਅਨ ਵਜ਼ਾਰਤ ਨੇ ਇੱਕ ਫਿਰਤੂ ਨੋਟ ਜਾਰੀ ਕੀਤਾ ਜਿਸ ਵਿੱਚ ਸ਼ਾਹੀ ਸੰਵਿਧਾਨ ਨੂੰ ਬਹੁਤ ਹੀ ਅਰਾਜਕਤਾਵਾਦੀ ਤੇ ਇਨਕਲਾਬੀ ਦਸਤਾਵੇਜ ਵਜੋਂ ਦੱਸਿਆ ਗਿਆ ਸੀ, ਜਿਸ ਨੂੰ ਜਰਮਨੀ ਦੀਆਂ ਸਰਕਾਰਾਂ ਨੇ ਮੁੜ ਕੇ ਢਾਲਣਾ ਤੇ ਸੋਧਣਾ ਸੀ। ਸੋ, ਪ੍ਰਸ਼ੀਆ ਨੇ ਸਪੱਸ਼ਟ ਸ਼ਬਦਾਂ ਵਿੱਚ ਉਸ ਖ਼ੁਦਮੁਖ਼ਤਿਆਰ ਵਿਧਾਨਕਾਰੀ ਅਧਿਕਾਰ ਨੂੰ ਮੰਨਣੋਂ ਨਾਂਹ ਕਰ ਦਿੱਤੀ ਜਿਸ ਬਾਰੇ ਫ਼ਰੈਂਕਫ਼ੋਰਟ ਦੇ ਅਕਲਮੰਦ ਹਮੇਸ਼ਾਂ ਫੜ੍ਹਾਂ ਹੀ ਮਾਰਦੇ ਸਨ, ਪਰ ਉਸ ਨੂੰ ਕਦੇ ਵੀ ਲਾਗੂ ਨਹੀਂ ਸੀ ਕੀਤਾ। ਸੋ, ਰਾਜਿਆਂ ਦੀ **ਇੱਕ ਕਾਂਗਰਸ**, ਜੋ ਪੁਰਾਣੀ ਫ਼ੈਡਰਲ ਡੀਟ ਦੀ ਸੁਰਜੀਤੀ ਸੀ, ਉਸ ਸੰਵਿਧਾਨ ਬਾਰੇ ਫ਼ੈਸਲਾ ਦੇਣ ਲਈ ਬੁਲਾਈ ਗਈ ਜਿਸ ਨੂੰ ਪਹਿਲਾਂ ਹੀ ਕਾਨੂੰਨ ਵਜੋਂ ਐਲਾਨਿਆ ਜਾ ਚੁੱਕਾ ਸੀ। ਅਤੇ ਇਸੇ ਸਮੇਂ ਪ੍ਰਸ਼ੀਆ ਨੇ ਕਰਿਊਜ਼ਨਾਕ ਵਿਖੇ ਫ਼ੌਜਾਂ ਇਕੱਠੀਆਂ ਕਰ ਲਈਆਂ ਜਿੱਥੋਂ ਫ਼ਰੈਂਕਫ਼ੋਰਟ ਤਿੰਨ ਦਿਨਾਂ ਵਿੱਚ ਪੁੱਜਿਆ ਜਾ ਸਕਦਾ ਸੀ ਅਤੇ ਉਸ ਨੇ ਛੋਟੇ ਰਾਜਾਂ ਨੂੰ ਵੀ ਆਪਣੇ ਵਾਂਗ ਆਪੋ ਆਪਣੇ ਸਦਨ, ਇਸ ਤੋਂ ਪਹਿਲਾਂ ਕਿ ਉਹ ਫ਼ਰੈਂਕਫ਼ੋਰਟ ਅਸੈਂਬਲੀ ਨੂੰ ਆਪਣਾ ਸਮਰਥਨ ਦੇਣ, ਭੰਗ ਕਰਨ ਦਾ ਸੱਦਾ ਦਿੱਤਾ। ਹਾਨੋਵਰ ਤੇ ਸੈਕਸਨੀ ਨੇ ਤੇਜ਼ੀ ਨਾਲ਼ ਇਸ ਦੀ ਪੈਰਵੀ ਕੀਤੀ।

ਇਹ ਪ੍ਰਤੱਖ ਸੀ ਕਿ ਹਥਿਆਰਾਂ ਦੀ ਤਾਕਤ ਰਾਹੀਂ ਜੱਦੋਜਹਿਦ ਦਾ ਫ਼ੈਸਲਾ ਟਾਲਿਆ ਨਹੀਂ ਸੀ ਜਾ ਸਕਦਾ। ਸਰਕਾਰਾਂ ਦੀ ਦੁਸ਼ਮਣੀ, ਲੋਕਾਂ ਵਿਚਾਲੇ ਐਜੀਟੇਸ਼ਨ ਨਿੱਤ ਦਿਹਾੜੀ ਆਪਣੇ ਰੰਗ ਢੰਗ ਵਿਖਾ ਰਹੀਆਂ ਸਨ। ਹਰ ਥਾਂ 'ਤੇ ਫ਼ੌਜ ਨੂੰ ਜਨਵਾਦੀ ਸ਼ਹਿਰੀਆਂ ਨੇ ਤਿਆਰ ਕੀਤਾ ਹੋਇਆ ਸੀ ਅਤੇ ਜਰਮਨੀ ਦੇ ਦੱਖਣ ਵਿੱਚ ਇਹ ਕੰਮ ਬਹੁਤ ਭਾਰੀ ਸਫ਼ਲਤਾ ਨਾਲ਼ ਕੀਤਾ ਗਿਆ। ਹਰ ਪਾਸੇ ਲੋਕਾਂ ਦੇ ਵਿਸ਼ਾਲ ਜਲਸੇ ਕੀਤੇ ਗਏ, ਜਿਨ੍ਹਾਂ ਵਿੱਚ ਸ਼ਾਹੀ ਸੰਵਿਧਾਨ ਤੇ ਕੌਮੀ ਅਸੈਂਬਲੀ ਦੀ ਹਿਮਾਇਤ ਕਰਨ ਬਾਰੇ ਜੇ ਲੋੜ ਪਵੇ ਤਾਂ ਹਥਿਆਰਾਂ ਦੀ ਤਾਕਤ ਵਰਤਣ ਬਾਰੇ ਮਤੇ ਪਾਸ ਕੀਤੇ ਗਏ। ਕੋਲੋਨ ਵਿੱਚ ਰੇਨਿਸ਼ ਪਸ਼ੀਆ ਦੀਆਂ ਸਾਰੀਆਂ ਮਿਉਂਸਪਲ ਕੌਂਸਲਾਂ ਦੇ ਡਿਪਟੀਆਂ ਦੀ ਇੱਕ ਮੀਟਿੰਗ ਇਸ ਮੰਤਵ ਲਈ ਕੀਤੀ ਗਈ।

ਪਾਲਾਤੀਨੇਤ ਵਿੱਚ, ਬਰਗੇਨ, ਫੂਲਡਾ, ਨਿਊਰਬਰਗ ਤੇ ਓਡਨਵਾਲਡ ਵਿੱਚ ਕਿਰਸਾਨੀ ਬਹੁਤ ਭਾਰੀ ਗਿਣਤੀ ਵਿੱਚ ਜੁੜੀ ਤੇ ਆਪਣੇ ਆਪ ਨੂੰ ਬੜੇ ਉਤਸ਼ਾਹ ਨਾਲ਼ ਤਿਆਰ ਕੀਤਾ। ਇਸੇ ਸਮੇਂ, ਫ਼ਰਾਂਸ ਦੀ ਵਿਧਾਨ ਸਭਾ ਭੰਗ ਕਰ ਦਿੱਤੀ ਗਈ ਅਤੇ ਜ਼ੋਰਦਾਰ ਐਜੀਟੇਸ਼ਨ ਵਿਚਾਲੇ ਨਵੀਆਂ ਚੋਣਾਂ ਦੀ ਤਿਆਰੀ ਕੀਤੀ ਗਈ, ਜਦ ਕਿ ਜਰਮਨੀ ਦੀ ਪੂਰਬੀ ਸਰਹੱਦ ਉੱਤੇ ਹੰਗਰਿਆਈਆਂ ਨੇ ਇੱਕ ਮਹੀਨੇ ਦੇ ਅੰਦਰ ਅੰਦਰ, ਕਈ ਸ਼ਾਨਦਾਰ ਜਿੱਤਾਂ ਪ੍ਰਾਪਤ ਕਰ ਕੇ ਥੀਇਸ ਤੋਂ ਲੀਬੀਆ ਵੱਲ ਅਸਟਰੀਆ ਦੇ ਹਮਲੇ ਦੀ ਚੜ੍ਹਤ ਨੂੰ ਪਿਛਾਂਹ ਧੱਕ ਦਿੱਤਾ ਅਤੇ ਹਰ ਦਿਹਾੜੀ ਉਹਨਾਂ ਵੱਲੋਂ ਵੀਆਨਾ ਉੱਤੇ ਕਬਜ਼ਾ ਕਰਨ ਦੀ ਆਸ ਕੀਤੀ ਜਾਂਦੀ ਸੀ। ਸੋ, ਹਰ ਪਾਸੇ ਜਨਤਕ ਭਾਵਨਾ ਸਭ ਤੋਂ ਉੱਚੀ ਪੱਧਰ ਤੱਕ ਪੁਚਾ ਦਿੱਤੀ ਗਈ ਅਤੇ ਸਰਕਾਰਾਂ ਦੀ ਧੱਕੜਸ਼ਾਹ ਨੀਤੀ ਆਏ ਦਿਨ ਆਪਣੇ ਆਪ ਨੂੰ ਵਧੇਰੇ ਸਪੱਸ਼ਟ ਰੂਪ ਵਿੱਚ ਪ੍ਰਗਟ ਕਰ ਰਹੀ ਸੀ, ਇੱਕ ਹਿੰਸਾਪੂਰਨ ਟੱਕਰ ਨੂੰ ਟਾਲਿਆ ਨਹੀਂ ਸੀ ਜਾ ਸਕਦਾ ਅਤੇ ਕਾਇਰਤਾ ਵਾਲ਼ੀ ਮੂਰਖ਼ਤਾ ਹੀ ਆਪਣੇ ਆਪ ਨੂੰ ਮਨਾ ਸਕਦੀ ਸੀ ਕਿ ਜੱਦੋ ਜਹਿਦ ਸ਼ਾਂਤਮਈ ਹੋਵੇਗੀ। ਪਰ ਇਸ ਕਾਇਰਾਂ ਵਾਲ਼ੀ ਮੂਰਖ਼ਤਾ ਦਾ ਬਹੁਤ ਹੀ ਤੀਬਰ ਪ੍ਰਗਟਾਅ ਫ਼ਰੈਂਕਫ਼ੋਰਟ ਅਸੈਂਬਲੀ ਵਿੱਚ ਹੋਇਆ।

ਲੰਡਨ, ਜੁਲਾਈ 1852.

## XVII

## ਬ਼ਗਾਵਤ

ਫ਼ਰੈਂਕਫ਼ੋਰਟ ਦੀ ਕੌਮੀ ਅਸੈਂਬਲੀ ਅਤੇ ਜਰਮਨੀ ਦੇ ਰਾਜਾਂ ਦੀਆਂ ਸਰਕਾਰਾਂ ਵਿਚਾਲੇ ਅਟੱਲ ਝਗੜਾ ਅਖ਼ੀਰ ਮਈ, 1849 ਦੇ ਪਹਿਲੇ ਦਿਨਾਂ ਦੇ ਦੌਰਾਨ ਖੁੱਲ੍ਹੀਆਂ ਵੈਰ-ਭਾਵੀ ਕਾਰਵਾਈਆਂ ਵਿੱਚ ਭੜਕ ਉੱਠਿਆ। ਅਸਟਰੀਆ ਦੇ ਡਿਪਟੀ ਜਿਨ੍ਹਾਂ ਨੂੰ ਸਰਕਾਰ ਨੇ ਵਾਪਸ ਬੁਲਾ ਲਿਆ ਸੀ, ਪਹਿਲਾਂ ਹੀ ਅਸੈਂਬਲੀ ਨੂੰ ਛੱਡ ਗਏ ਸਨ ਤੇ ਘਰਾਂ ਨੂੰ ਪਰਤ ਗਏ ਸਨ, ਖੱਬੇ ਧੜੇ ਦੇ ਜਾਂ ਡੈਮੋਕਰੈਟਿਕ ਪਾਰਟੀ ਦੇ ਕੁੱਝ ਕੁ ਮੈਂਬਰ ਰਹਿ ਗਏ ਸਨ। ਕਨਜ਼ਰਵੇਟਿਵ ਮੈਂਬਰਾਂ ਦਾ ਮਹਾਨ ਅਦਾਰਾ, ਇਸ ਗੱਲ ਨੂੰ ਜਾਣਦਿਆਂ ਕਿ ਹਾਲਾਤ ਕਿਹੋ ਜਿਹਾ ਮੋੜ ਕੱਟਣ ਵਾਲ਼ੇ ਹਨ, ਉਹਨਾਂ ਦੀਆਂ ਸਰਕਾਰਾਂ ਵੱਲੋਂ ਵਾਪਸ ਬੁਲਾਏ ਜਾਣ ਤੋਂ ਪਹਿਲਾਂ ਹੀ ਬਾਹਰ ਨਿਕਲ ਆਏ ਸਨ। ਸੋ, ਉਹਨਾਂ ਕਾਰਨਾਂ ਤੋਂ ਬਗੈਰ ਵੀ ਜੋ ਅਗਾਊਂ ਅਖ਼ਬਾਰਾਂ ਵਿੱਚ ਖੱਬੇ ਧੜੇ ਦੇ ਰਸੂਖ਼ ਦੀ ਮਜ਼ਬੂਤੀ ਲਈ ਵਿਖਾਏ ਗਏ ਹਨ, ਸੱਜੇ ਧੜੇ ਦੇ ਮੈਂਬਰਾਂ ਵੱਲੋਂ ਆਪਣੀਆਂ ਪਦਵੀਆਂ ਦਾ ਮਹਿਜ਼ ਤਿਆਗ ਪੁਰਾਣੀ ਘੱਟਗਿਣਤੀ ਨੂੰ ਅਸੈਂਬਲੀ ਦੀ ਬਹੁਗਿਣਤੀ ਵਿੱਚ ਤਬਦੀਲ ਕਰਨ ਲਈ ਕਾਫ਼ੀ ਸੀ। ਨਵੀਂ ਬਹੁਗਿਣਤੀ ਨੇ ਜਿਸ ਨੇ ਪਹਿਲਾਂ ਕਿਸੇ ਸਮੇਂ ਵੀ ਅਜਿਹੇ ਚੰਗੇ ਦਿਨ ਵੇਖਣ ਦਾ ਸੁਪਨਾ ਤੱਕ ਨਹੀਂ ਸੀ ਲਿਆ, ਵਿਰੋਧੀ ਬੈਂਚਾਂ ਉੱਤੇ ਆਪਣੀਆਂ ਥਾਵਾਂ ਰਾਹੀਂ ਪੁਰਾਣੀ ਬਹੁਗਿਣਤੀ ਦਾ ਅਤੇ ਇਸ ਸਲਤਨਤ ਦੇ ਲੈਫਟੀਨੈਂਟ

ਦੀ ਕਮਜ਼ੋਰੀ, ਜੱਕੋ ਤੱਕੀ, ਸੁਸਤੀ ਦੇ ਵਿਰੁੱਧ ਪੂਰੀ ਤਰ੍ਹਾਂ ਡਟਣ ਕਰਕੇ ਭਾਰੀ ਲਾਭ ਉਠਾਇਆ ਸੀ। ਹੁਣ ਤੁਰੰਤ ਹੀ ਉਹਨਾਂ ਨੂੰ ਪੁਰਾਣੀ ਬਹੁਗਿਣਤੀ ਦੀ ਥਾਂ ਲੈਣ ਜਾ ਸੱਦਾ ਦਿੱਤਾ ਗਿਆ ਸੀ। ਹੁਣ ਉਹਨਾਂ ਨੇ ਇਹ ਵਿਖਾਉਣਾ ਸੀ ਕਿ ਉਹ ਕੀ ਕੁਝ ਕਰ ਸਕਦੇ ਸਨ। ਨਿਰਸੰਦੇਹ, ਉਹਨਾਂ ਦਾ ਪਿਛਲਾ ਕਿਰਦਾਰ ਸ਼ਕਤੀਸ਼ਾਲੀ, ਦ੍ਰਿੜਤਾ ਤੇ ਸਰਗਰਮੀ ਵਾਲ਼ਾ ਸੀ। ਉਹਨਾਂ ਜਰਮਨੀ ਦੇ ਚੋਣਵੇਂ ਪ੍ਰਤਿਸ਼ਠ ਵਿਅਕਤੀਆਂ ਨੇ ਸ਼ਹਿਨਸ਼ਾਹ ਦੇ ਬੁੱਢੇ ਠੇਰੇ ਲੈਫਟੀਨੈਂਟ ਤੇ ਉਸ ਦੇ ਡਾਵਾਂਡੋਲ ਵਜ਼ੀਰਾਂ ਨੂੰ ਹਟਾ ਸਕਣ ਦੇ ਯੋਗ ਹੋ ਜਾਣਾ ਸੀ ਅਤੇ ਉਸ ਹਾਲਤ ਵਿੱਚ ਜੇ ਇੰਜ ਕਰਨਾ ਅਸੰਭਵ ਹੁੰਦਾ ਤਾਂ ਉਹਨਾਂ ਨੇ— ਇਸ ਬਾਰੇ ਕੋਈ ਸ਼ੱਕ ਨਹੀਂ ਸੀ ਹੋ ਸਕਦਾ— ਲੋਕਾਂ ਦੇ ਖ਼ੁਦਮੁਖ਼ਤਿਆਰ ਅਧਿਕਾਰ ਦੀ ਤਾਕਤ ਨਾਲ਼ ਉਸ ਨਪੁੰਸਕ ਸਰਕਾਰ ਨੂੰ ਭੁੰਜੇ ਲਾਹ ਦੇਣਾ ਸੀ ਤੇ ਉਸ ਦੀ ਥਾਂ ’ਤੇ ਇੱਕ ਸ਼ਕਤੀਸ਼ਾਲੀ, ਅਣਥੱਕ ਕਾਰਜਕਰਨੀ ਸਥਾਪਤ ਕਰ ਦੇਣੀ ਸੀ, ਜਿਸ ਨੇ ਜਰਮਨੀ ਦੀ ਬੰਦਖ਼ਲਾਸੀ ਨੂੰ ਯਕੀਨੀ ਬਣਾ ਦੇਣਾ ਸੀ। ਪਰ ਅਫਸੋਸ ਵਿਚਾਰੇ! ਉਹਨਾਂ ਦਾ ਰਾਜ— ਜੇ ਉਸ ਨੂੰ ਰਾਜ ਆਖਿਆ ਜਾ ਸਕਦਾ ਹੈ, ਜਿੱਥੇ ਕਿਸੇ ਦਾ ਹੁਕਮ ਨਹੀਂ ਮੰਨਿਆ ਗਿਆ— ਉਹਨਾਂ ਦੇ ਪਹਿਲਕਿਆਂ ਦੇ ਰਾਜ ਨਾਲ਼ੋਂ ਕਿਤੇ ਵਧੇਰੇ ਬੇਹੂਦਾ ਸੀ।

ਨਵੀਂ ਬਹੁਗਿਣਤੀ ਨੇ ਐਲਾਨ ਕੀਤਾ ਕਿ, ਸਾਰੀਆਂ ਔਕੜਾਂ ਦੇ ਬਾਵਜੂਦ ਸ਼ਾਹੀ ਸੰਵਿਧਾਨ ਉੱਤੇ ਹਰ ਹਾਲਤ ਵਿੱਚ ਅਮਲ ਹੋਣਾ ਚਾਹੀਦਾ ਹੈ ਤੇ ਤੁਰੰਤ ਹੋਣਾ ਚਾਹੀਦਾ ਹੈ; ਕਿ 15, ਜੁਲਾਈ ਨੂੰ ਲੋਕ ਪ੍ਰਤੀਨਿਧਾਂ ਦੇ ਨਵੇਂ ਸਾਲ ਲਈ ਡਿਪਟੀਆਂ ਦੀ ਚੋਣ ਕਰਨਗੇ ਅਤੇ ਕਿ ਇਹ ਸਦਨ ਮਗਰੋਂ 22 ਅਗਸਤ ਨੂੰ ਫ਼ਰੈਂਕਫ਼ੋਰਟ ਵਿੱਚ ਜੁੜੇਗਾ। ਹੁਣ ਇਹ ਉਹਨਾਂ ਸਰਕਾਰਾਂ ਦੇ ਵਿਰੁੱਧ ਜੰਗ ਦਾ ਖੁੱਲ੍ਹਾ ਐਲਾਨ ਸੀ, ਜਿਨ੍ਹਾਂ ਨੇ ਸ਼ਾਹੀ ਸੰਵਿਧਾਨ ਨੂੰ ਪ੍ਰਵਾਨ ਨਹੀਂ ਸੀ ਕੀਤਾ, ਜਿਨ੍ਹਾਂ ਵਿੱਚੋਂ ਸਭ ਤੋਂ ਅੱਗੇ ਪ੍ਰਸ਼ੀਆ, ਅਸਟਰੀਆ, ਬਾਵੇਰੀਆ ਦੀਆਂ ਸਰਕਾਰਾਂ ਸਨ, ਜਿਨ੍ਹਾਂ ਵਿੱਚ ਜਰਮਨੀ ਦੀ ਤਿੰਨ-ਚੌਥਾਈ ਤੋਂ ਵੱਧ ਵਸੋਂ ਵੱਸਦੀ ਸੀ; ਇਸ ਜੰਗ ਦੇ ਐਲਾਨ ਨੂੰ ਉਹਨਾਂ ਨੇ ਤੇਜ਼ੀ ਨਾਲ਼ ਪ੍ਰਵਾਨ ਕਰ ਲਿਆ। ਪ੍ਰਸ਼ੀਆ ਤੇ ਬਾਵੇਰੀਆ ਨੇ ਵੀ ਆਪਣੇ ਇਲਾਕਿਆਂ ਤੋਂ ਫ਼ਰੈਂਕਫ਼ੋਰਟ ਨੂੰ ਭੇਜੇ ਆਪਣੇ ਡਿਪਟੀ ਵਾਪਸ ਬੁਲਾ ਲਏ ਅਤੇ ਕੌਮੀ ਅਸੈਂਬਲੀ ਦੇ ਵਿਰੁੱਧ ਆਪਣੀਆਂ ਫ਼ੌਜੀ ਤਿਆਰੀਆਂ ਤੇਜ਼ ਕਰ ਦਿੱਤੀਆਂ; ਜਦ ਕਿ, ਦੂਜੇ ਪਾਸੇ, ਸ਼ਾਹੀ ਸੰਵਿਧਾਨ ਤੋਂ ਕੌਮੀ ਅਸੈਂਬਲੀ ਦੇ ਹੱਕ ਵਿੱਚ ਡੈਮੋਕਰੈਟਿਕ ਪਾਰਟੀ ਦਾ (ਪਾਰਲੀਮੈਂਟ ਤੋਂ ਬਾਹਰ) ਦੇ ਮੁਜ਼ਾਹਰਿਆਂ ਨੇ ਵਧੇਰੇ ਜ਼ੋਰ ਫੜ ਲਿਆ ਤੇ ਹਿੰਸਾਮਈ ਲੱਛਣ ਧਾਰਨ ਕਰ ਲਿਆ ਅਤੇ ਬਹੁਤ ਹੀ ਅੱਤਵਾਦੀ ਪਾਰਟੀ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਦਾ ਸਮੂਹ ਕਾਜ਼ ਲਈ ਹਥਿਆਰ ਉਠਾਉਣ ਨੂੰ ਤਿਆਰ ਸੀ, ਜਿਸ ਨੇ, ਜੇ ਉਹਨਾਂ ਦਾ ਆਪਣਾ ਕਾਜ਼ ਨਹੀਂ ਵੀ ਸੀ, ਘੱਟੋ ਘੱਟ ਉਹਨਾਂ ਨੂੰ ਜਰਮਨੀ ਨੂੰ ਪੁਰਾਣੀਆਂ ਸਮਰਾਟਵਾਦੀ ਰੋਕਾਂ ਤੋਂ ਮੁਕਤ ਕਰਨ ਰਾਹੀਂ ਉਹਨਾਂ ਦਾ ਆਪਣੇ ਉਦੇਸ਼ ਦੇ ਨੇੜੇ ਪਹੁੰਚਣ ਦਾ ਮੌਕਾ ਪ੍ਰਦਾਨ ਕੀਤਾ ਸੀ। ਸੋ, ਹਰ ਥਾਂ ’ਤੇ, ਇਸ ਵਿਸ਼ੇ ਉੱਤੇ ਲੋਕ ਅਤੇ ਸਰਕਾਰ ਇੱਕ ਦੂਜੇ ਦੇ ਵਿਰੁੱਧ ਲੜਨ ਮਰਨ ਲਈ ਤਿਆਰ ਸਨ; ਲੜਾਈ ਦਾ ਛਿੜਨਾ ਅਟੱਲ ਸੀ; ਸੁਰੰਗ ਬੀੜ ਦਿੱਤੀ ਗਈ ਸੀ ਤੇ ਇਸ ਨੂੰ ਦਾਗਣ ਲਈ ਕੇਵਲ ਅੱਗ ਦੀ ਚੰਗਿਆੜੀ ਦੀ ਹੀ ਲੋੜ ਸੀ।

ਸੈਕਸਨੀ ਵਿੱਚ ਸਦਨਾਂ ਦਾ ਭੰਗ ਹੋਣਾ, ਪ੍ਰਸ਼ੀਆ ਵਿੱਚ ਲਾਂਡਵੇਹਰ (ਰਾਖਵੀਂ ਫ਼ੌਜ) ਨੂੰ ਬੁਲਾਉਣਾ, ਸਰਕਾਰ ਵੱਲੋਂ ਸ਼ਾਹੀ ਸੰਵਿਧਾਨ ਦੀ ਖੁੱਲ੍ਹੀ ਮੁਜ਼ਾਹਮਤ, ਅਜਿਹੀਆਂ ਹੀ ਚੰਗਿਆੜੀਆਂ ਸਨ; ਇਹ ਡਿੱਗੀਆਂ ਤੇ ਤੁਰੰਤ ਹੀ ਸਾਰਾ ਦੇਸ਼ ਅੱਗ ਦੀ ਲਪੇਟ ਵਿੱਚ ਆ ਗਿਆ। ਡਰੈਸਡਨ ਵਿੱਚ, 4, ਮਈ ਨੂੰ, ਲੋਕਾਂ ਨੇ ਸਫ਼ਲਤਾ ਸਹਿਤ ਨਗਰ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਬਾਦਸ਼ਾਹ* ਨੂੰ ਬਾਹਰ ਕੱਢ ਦਿੱਤਾ ਅਤੇ ਆਲੇ ਦੁਆਲੇ ਸਾਰੇ ਜਿਲ੍ਹਿਆਂ ਨੇ ਬਾਗ਼ੀਆਂ ਨੂੰ ਕੁਮਕ ਭੇਜੀ। ਰ੍ਹਾਈਨਿਸ਼ ਪ੍ਰਸ਼ੀਆ ਅਤੇ ਵੈਸਟਫ਼ਾਲੀਆ ਵਿੱਚ ਰਾਖਵੀਂ ਫ਼ੌਜ ਨੇ ਕੂਚ ਕਰਨ ਤੋਂ ਇਨਕਾਰ ਕਰ ਦਿੱਤਾ, ਅਸਲ੍ਹਾਖ਼ਾਨਿਆਂ ਉੱਤੇ ਕਬਜ਼ਾ ਕਰ ਲਿਆ ਅਤੇ ਸ਼ਾਹੀ ਸੰਵਿਧਾਨ ਦੀ ਰੱਖਿਆ ਲਈ ਆਪਣੇ ਆਪ ਨੂੰ ਹਥਿਆਰਾਂ ਨਾਲ਼ ਲੈਸ ਕਰ ਲਿਆ। ਪਾਲਾਟੀਨੇਟ ਵਿੱਚ ਲੋਕਾਂ ਨੇ ਬਾਵੇਰੀਆਂ ਦੀ ਸਰਕਾਰ ਦੇ ਅਧਿਕਾਰੀਆਂ ਨੂੰ ਪਕੜ ਲਿਆ ਤੇ ਲੋਕਾਂ ਦਾ ਧਨ ਕਬਜ਼ੇ ਵਿੱਚ ਲੈ ਲਿਆ ਅਤੇ ਰੱਖਿਆ ਲਈ ਇੱਕ ਕਮੇਟੀ ਸਥਾਪਤ ਕਰ ਦਿੱਤੀ, ਜਿਸ ਨੇ ਪ੍ਰਾਂਤ ਨੂੰ ਕੌਮੀ ਅਸੈਂਬਲੀ ਦੀ ਹਿਫ਼ਾਜਤ ਵਿੱਚ ਦੇ ਦਿੱਤਾ। ਵੂਰਟੈਂਬਰਗ ਵਿੱਚ ਲੋਕਾਂ ਨੇ ਬਾਦਸ਼ਾਹ** ਨੂੰ ਸ਼ਾਹੀ ਸੰਵਿਧਾਨ ਪ੍ਰਵਾਨ ਕਰਨ ਲਈ ਮਜ਼ਬੂਰ ਕਰ ਦਿੱਤਾ ਅਤੇ ਬਾਦੇਨ ਵਿੱਚ ਫ਼ੌਜ ਨੇ ਲੋਕਾਂ ਨਾਲ਼ ਮਿਲ਼ ਕੇ ਗਰੈਂਡਡਿਊਕ ਨੂੰ ਨੱਸਣ ਉੱਤੇ ਮਜ਼ਬੂਰ ਕਰ ਦਿੱਤਾ ਅਤੇ ਇੱਕ ਆਰਜੀ ਸਰਕਾਰ ਬਣਾ ਦਿੱਤੀ। ਜਰਮਨੀ ਦੇ ਦੂਜੇ ਭਾਗਾਂ ਵਿੱਚ ਲੋਕਾਂ ਨੇ ਕੌਮੀ ਅਸੈਂਬਲੀ ਦੇ ਇਸ਼ਾਰੇ ਦੀ ਉਡੀਕ ਕੀਤੀ ਕਿ ਉਹ ਹਥਿਆਰ ਉਠਾਉਣ ਤੇ ਆਪਣੇ ਆਪ ਨੂੰ ਉਸ ਦੇ ਹਵਾਲੇ ਕਰ ਦੇਣ।

ਕੌਮੀ ਅਸੈਂਬਲੀ ਦੀ ਪੁਜ਼ੀਸ਼ਨ ਉਸ ਨਾਲ਼ੋਂ ਕਿਤੇ ਵਧੇਰੇ ਸਯੋਗ ਸੀ ਜਿਹੋ ਜਿਹੀ ਇਸ ਦੇ ਬਦਨਾਮ ਕਿਰਦਾਰ ਦੇ ਮਗਰੋਂ ਆਸ ਕੀਤੀ ਜਾ ਸਕਦੀ ਸੀ। ਜਰਮਨੀ ਦੀ ਪੱਛਮੀ ਅੱਧ ਨੇ ਆਪਣੇ ਆਪ ਹਥਿਆਰ ਉਠਾ ਲਏ; ਹਰ ਥਾਂ ’ਤੇ ਫ਼ੌਜ ਜੱਕੋਤਕੀ ਵਿੱਚ ਸੀ; ਛੋਟੇ ਰਾਜਾਂ ਵਿੱਚ ਉਹ ਬਿਨਾਂ ਕਿਸੇ ਸ਼ੱਕ ਦੇ ਲਹਿਰ ਦੇ ਹੱਕ ਵਿੱਚ ਸੀ। ਅਸਟਰੀਆ ਹੰਗਰਿਆਈਆਂ ਦੇ ਧਾਵੇ ਦੇ ਅੱਗੇ ਚੌਫਾਲ ਮੂਧਾ ਜਾ ਪਿਆ ਸੀ ਅਤੇ ਰੂਸ, ਜੋ ਜਰਮਨ ਸਰਕਾਰਾਂ ਦੇ ਰਾਖਵੀਂ ਤਾਕਤ ਸੀ, ਮਾਗਿਆਰ ਫ਼ੌਜਾਂ ਦੇ ਵਿਰੁੱਧ ਅਸਟਰੀਆ ਦੀ ਹਿਮਾਇਤ ਕਰਨ ਲਈ ਆਪਣੀ ਸਾਰੀ ਸ਼ਕਤੀ ਲਾ ਰਿਹਾ ਸੀ। ਕੇਵਲ ਪ੍ਰਸ਼ੀਆ ਨੂੰ ਹੀ ਹਰਾਉਣਾ ਰਹਿ ਗਿਆ ਸੀ ਅਤੇ ਉਸ ਦੇਸ਼ ਵਿੱਚ ਮੌਜੂਦ ਇਨਕਲਾਬੀ ਹਮਦਰਦੀਆਂ ਕਰ ਕੇ ਇਸ ਮੰਤਵ ਨੂੰ ਪ੍ਰਾਪਤ ਕਰਨ ਲਈ ਅਵੱਸ਼ ਮੌਕਾ ਮੌਜੂਦ ਸੀ। ਹਰ ਗੱਲ ਅਸੈਂਬਲੀ ਦੇ ਵਿਹਾਰ ਉੱਤੇ ਨਿਰਭਰ ਕਰਦੀ ਸੀ।

ਹੁਣ, ਬਗ਼ਾਵਤ ਇੱਕ ਕਲਾ ਹੈ, ਬਿਲਕੁਲ ਜਿਹੋ ਜਿਹਾ ਜੰਗ ਦੀ ਜਾਂ ਕਿਸੇ ਹੋਰ ਚੀਜ਼ ਦੀ ਹੁੰਦੀ ਹੈ ਅਤੇ ਕਾਰਵਾਈ ਦੇ ਕੁੱਝ ਨੇਮਾਂ ਅਧੀਨ ਹੁੰਦੀ ਹੈ, ਜਿਹੜੇ, ਜਦੋਂ ਉਹਨਾਂ ਨੂੰ ਅੱਖੋਂ ਪਰੋਖੇ ਕੀਤਾ ਜਾਵੇ ਤਾਂ ਉਸ ਧਿਰ ਨੂੰ ਤਬਾਹ ਕਰ ਦੇਂਦੇ ਹਨ ਜੋ ਇਹਨਾਂ ’ਤੇ ਅਮਲ ਨਹੀਂ ਕਰਦੀ। ਉਹ ਨੇਮ, ਧਿਰਾਂ ਦੇ ਖ਼ਾਸੇ ਤੋਂ ਤਰਕਸ਼ੀਲ ਸਿੱਟੇ ਅਤੇ ਹਾਲਾਤ, ਅਜਿਹੀ ਹਾਲਤ ਵਿੱਚ ਜਿਨ੍ਹਾਂ ਨਾਲ਼ ਨਿਪਟਣਾ ਪੈਂਦਾ ਹੈ, ਇਤਨੇ ਸਪੱਸ਼ਟ ਤੇ ਸਾਦੇ ਹਨ ਕਿ 1848

* ਫ਼ਰੈਡਰਿਕ-ਆਗਸਤ ਦੂਜਾ-ਸੰਪਾਦਕ।

** ਵਿਲਹੇਲਮ ਪਹਿਲਾ-ਸੰਪਾਦਕ।

ਦੇ ਛੋਟੇ ਜਿਹੇ ਤਜ਼ਰਬੇ ਨੇ ਜਰਮਨਾਂ ਨੂੰ ਉਹਨਾਂ ਤੋਂ ਵਾਹਵਾਹ ਜਾਣੂ ਕਰ ਦਿੱਤਾ ਸੀ। ਪਹਿਲਾ ਨੇਮ ਹੈ, ਉਦੋਂ ਤੱਕ ਬਗ਼ਾਵਤ ਨੂੰ ਨਾ ਛੇੜੋ ਜਦੋਂ ਤੱਕ ਤੁਸੀਂ ਉਸ ਦੇ ਸਿੱਟਿਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਨਹੀਂ। ਬਗ਼ਾਵਤ ਇੱਕ ਅਜਿਹਾ ਹਿਸਾਬ ਕਿਤਾਬ ਹੈ ਜਿਸ ਦਾ ਕੋਈ ਹੱਦ ਬੰਨਾ ਨਹੀਂ, ਜਿਸ ਦੀ ਕਦਰ ਹਰ ਦਿਹਾੜੀ ਬਦਲ ਸਕਦੀ ਹੈ; ਤੁਹਾਡੀ ਵਿਰੋਧਤਾ ਕਰਨ ਵਾਲ਼ੀਆਂ ਤਾਕਤਾਂ ਨੂੰ ਜੱਥੇਬੰਦੀ, ਬੰਧੇਜ ਤੇ ਆਦੀ ਅਧਿਕਾਰ ਦੀ ਸਾਰੀ ਸਹੂਲਤ ਪ੍ਰਾਪਤ ਹੁੰਦੀ ਹੈ; ਜਦੋਂ ਤੱਕ ਤੁਸੀਂ ਉਹਨਾਂ ਦੇ ਮੁਕਾਬਲੇ ਵਿੱਚ ਤਾਕਤਵਾਰ ਸੰਭਾਵਨਾਵਾਂ ਨਹੀਂ ਲਿਆਉਂਦੇ, ਤੁਸੀਂ ਹਾਰ ਜਾਉਗੇ ਤੇ ਤਬਾਹ ਹੋ ਜਾਵੋਗੇ। ਦੂਜਾ ਨੇਮ, ਇੱਕ ਵਾਰ ਜਦੋਂ ਬਗ਼ਾਵਤੀ ਕਿਰਦਾਰ ਸ਼ੁਰੂ ਕਰ ਲਿਆ ਜਾਵੇ ਤਾਂ ਬਹੁਤ ਭਾਰੀ ਦ੍ਰਿੜਤਾ ਨਾਲ਼ ਕਾਰਵਾਈ ਕਰੋ ਅਤੇ ਪਹਿਲਾਂ ਵਾਰ ਕਰ ਦਿਉ, ਬਚਾਉ ਦੀ ਹਾਲਤ ਵਿੱਚ ਰਹਿਣਾ ਹਰ ਹਥਿਆਰਬੰਦ ਬਗ਼ਾਵਤ ਦੀ ਮੌਤ ਹੁੰਦੀ ਹੈ; ਇਹ ਆਪਣੇ ਦੁਸ਼ਮਣਾਂ ਨਾਲ਼ ਲੋਹਾ ਲੈਣ ਤੋਂ ਪਹਿਲਾਂ ਹੀ ਹਾਰ ਜਾਂਦੀ ਹੈ। ਆਪਣੇ ਵਿਰੋਧੀਆਂ ਨੂੰ ਬੌਂਦਲਾ ਦਿਉ ਜਦੋਂ ਉਹਨਾਂ ਦੀਆਂ ਸ਼ਕਤੀਆਂ ਖਿੰਡੀਆਂ ਪੁੰਡੀਆਂ ਹੋਣ, ਨਵੀਆਂ ਜਿੱਤਾਂ ਲਈ , ਭਾਵੇਂ ਉਹ ਕਿੰਨੀਆਂ ਵੀ ਛੋਟੀਆਂ ਹੋਣ, ਤਿਆਰੀ ਕਰੋ, ਪਰ ਹਰ ਰੋਜ਼; ਉਸ ਹੌਂਸਲੇ ਨੂੰ ਚੜ੍ਹਦੀ ਕਲਾ ਵਿੱਚ ਰੱਖੋ ਜੋ ਤੁਹਾਨੂੰ ਪਹਿਲੀ ਸਫ਼ਲ ਬਗ਼ਾਵਤ ਨੇ ਪ੍ਰਦਾਨ ਕੀਤਾ ਹੁੰਦਾ ਹੈ; ਉਹਨਾਂ ਡਾਵਾਂਡੋਲ ਅਨਸਰਾਂ ਨੂੰ ਆਪਣੇ ਪਾਸੇ ਵੱਲ ਇਕੱਠਾ ਕਰੋ ਜੋ ਹਮੇਸ਼ਾ ਵਧੇਰੇ ਸ਼ਕਤੀਸ਼ਾਲੀ ਗਤੀ ਦੀ ਪੈਰਵੀ ਕਰਦੇ ਹਨ ਅਤੇ ਜੋ ਹਮੇਸ਼ਾਂ ਸੁਰੱਖਿਅਤ ਧਿਰ ਦੀ ਭਾਲ ਕਰਦੇ ਹਨ; ਆਪਣੇ ਦੁਸ਼ਮਣਾਂ ਨੂੰ, ਇਸ ਤੋਂ ਪਹਿਲਾਂ ਕਿ ਉਹ ਆਪਣੀ ਤਾਕਤ ਤੁਹਾਡੇ ਵਿਰੁੱਧ ਇਕੱਠੀ ਕਰ ਸਕਣ, ਪਿਛਾਂਹ ਭੱਜਣ 'ਤੇ ਮਜ਼ਬੂਰ ਕਰ ਦਿਉ; ਇਨਕਲਾਬੀ ਨੀਤੀ ਦੇ ਹੁਣ ਤੱਕ ਜਾਣੇ ਜਾਂਦੇ ਸਭ ਤੋਂ ਵੱਡੇ ਉਸਤਾਦ, ਦਾਂਤੋ ਦੇ ਸ਼ਬਦਾਂ ਵਿੱਚ : de Lí audace, de Lí audace, encore de líaudace !

ਫਿਰ, ਫ਼ਰੈਂਕਫ਼ੋਰਟ ਦੀ ਕੌਮੀ ਅਸੈਂਬਲੀ ਨੂੰ ਕੀ ਕਰਨਾ ਚਾਹੀਦਾ ਸੀ ਜੇ ਉਹ ਉਸ ਨਿਸ਼ਚਤ ਤਬਾਹੀ ਤੋਂ ਬਚਣਾ ਚਾਹੁੰਦੀ ਜਿਸ ਦਾ ਖ਼ਤਰਾ ਉਸ ਨੂੰ ਦਰਪੇਸ਼ ਸੀ ? ਸਭ ਤੋਂ ਪਹਿਲਾਂ, ਸਥਿਤੀ ਸਪੱਸ਼ਟਤਾ ਨਾਲ਼ ਵੇਖਦੀ ਅਤੇ ਆਪਣੇ ਆਪ ਨੂੰ ਕਾਇਲ ਕਰਦੀ ਕਿ ਹੁਣ ਉਸ ਦੇ ਸਾਹਮਣੇ ਇਸ ਤੋਂ ਹੋਰ ਕੋਈ ਰਾਹ ਨਹੀਂ ਕਿ ਜਾਂ ਤਾਂ ਉਹ ਬਿਨਾਂ ਸ਼ਰਤ ਦਾ ਸਰਕਾਰਾਂ ਦੇ ਸਾਹਮਣੇ ਹਥਿਆਰ ਸੁੱਟ ਦੇਵੇ ਜਾਂ ਫਿਰ ਬਿਨਾਂ ਕਿਸੇ ਝਿਜਕ ਤੇ ਜੱਕੋ ਤੱਕੀ ਦੇ ਹਥਿਆਰਬੰਦ ਬਗ਼ਾਵਤ ਦਾ ਕਾਜ਼ ਆਪਣੇ ਹੱਥਾਂ ਵਿੱਚ ਲੈ ਲਵੇ। ਦੂਜਾ ਉਹਨਾਂ ਸਾਰੀਆਂ ਬਗ਼ਾਵਤਾਂ ਨੂੰ, ਜੋ ਪਹਿਲਾਂ ਹੀ ਅਰੰਭ ਹੋ ਚੁੱਕੀਆਂ ਸਨ ਖੁੱਲ੍ਹੇ ਆਮ ਪ੍ਰਵਾਨ ਕਰੇ ਅਤੇ ਲੋਕਾਂ ਨੂੰ ਸੱਦਾ ਦੇਵੇ ਕਿ ਉਹ ਕੌਮੀ ਪ੍ਰਤੀਨਿਧਤਾ ਦੀ ਹਿਫ਼ਾਜ਼ਤ ਲਈ ਹਰ ਥਾਂ 'ਤੇ ਹਥਿਆਰ ਚੁੱਕ ਲੈਣ, ਸਾਰੇ ਰਾਜਿਆਂ, ਵਜ਼ੀਰਾਂ ਤੇ ਹੋਰ ਸਾਰਿਆਂ ਨੂੰ ਗ਼ੈਰਕਾਨੂੰਨੀ ਕਰਾਰ ਦੇ ਦੇਵੇ ਜੋ ਇਸ ਵੱਲੋਂ ਨਿਯੁਕਤ ਕੀਤੇ ਗਏ ਅਧਿਕਾਰੀਆਂ ਰਾਹੀਂ ਪ੍ਰਤੀਨਿਧ ਖ਼ੁਦਮੁਖ਼ਤਿਆਰ ਕੌਮ ਦੀ ਵਿਰੋਧਤਾ ਕਰਨ ਦੀ ਜੁਰਅੱਤ ਕਰਨ। ਤੀਜਾ, ਜਰਮਨ ਸ਼ਾਹੀ ਲੈਫ਼ਟੀਨੈਂਟ ਨੂੰ ਤੁਰੰਤ ਹੀ ਹਟਾ ਦੇਵੇ, ਇੱਕ ਮਜ਼ਬੂਤ, ਸਰਗਰਮ, ਬੇਸੰਕੋਚ ਕਾਰਜਕਾਰਨੀ ਸਥਾਪਤ ਕਰੇ, ਆਪਣੀ ਤੁਰੰਤ ਹਿਫ਼ਾਜ਼ਤ ਲਈ ਬਾਗ਼ੀ ਫ਼ੌਜਾਂ ਨੂੰ ਫ਼ਰੈਂਕਫ਼ੋਰਟ ਬੁਲਾਏ, ਸੋ, ਇਸੇ ਸਮੇਂ ਬਗ਼ਾਵਤ ਦੇ ਫ਼ੈਲਣ ਲਈ ਕਾਨੂੰਨੀ

ਬਹਾਨਾ ਪੇਸ਼ ਕਰੇ, ਆਪਣੇ ਵੱਸ ਵਿਚਲੀਆਂ ਸਾਰੀਆਂ ਸ਼ਕਤੀਆਂ ਨੂੰ ਇੱਕ ਸੰਗਠਤ ਅਦਾਰੇ ਵਿੱਚ ਜੱਥੇਬੰਦ ਕਰੇ ਅਤੇ ਸੰਖੇਪ ਵਿੱਚ, ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨ ਲਈ ਹਰ ਪ੍ਰਾਪਤ ਸਾਧਨ ਰਾਹੀਂ ਤੇਜ਼ੀ ਨਾਲ਼ ਬਿਨਾਂ ਕਿਸੇ ਝਿਜਕ ਦੇ ਲਾਭ ਉਠਾਏ ਅਤੇ ਆਪਣੇ ਵਿਰੋਧੀਆਂ ਦੀ ਪੁਜ਼ੀਸ਼ਨ ਨੂੰ ਕਮਜ਼ੋਰ ਕਰੇ।

ਪਰ ਇਹ ਕੁੱਝ ਕਰਨ ਦੀ ਥਾਂ, ਫ਼ਰੈਂਕਫ਼ੋਰਟ ਅਸੈਂਬਲੀ ਵਿਚਲੇ ਸਤਵਾਦੀ ਡੈਮੋਕਰੈਟਾਂ ਨੇ ਇਸ ਦੇ ਉਲਟ ਕੀਤਾ। ਹਾਲਾਤ ਨੂੰ ਆਪਣੀ ਮਰਜ਼ੀ ਅਨੁਸਾਰ ਰਾਹ ਅਪਣਾਉਣ ਲਈ ਛੱਡ ਦੇਣ ਉੱਤੇ ਸਬਰ ਨਾ ਕਰਦਿਆਂ ਇਹ ਮਹਾਂਪੁਰਸ਼ ਉਹਨਾਂ ਸਾਰੀਆਂ ਬਗ਼ਾਵਤੀ ਲਹਿਰਾਂ ਨੂੰ ਆਪਣੀ ਵਿਰੋਧਤਾ ਨਾਲ਼ ਦਬਾਉਣ ਤੱਕ ਚਲੇ ਗਏ, ਜੋ ਤਿਆਰ ਹੋ ਰਹੀਆਂ ਸਨ। ਉਦਾਹਰਣ ਵਜੋਂ ਮਿਸਟਰ ਕਾਰਲ ਵੋਗਤ ਨੇ ਨਿਊਰਮਬਰਗ ਵਿੱਚ ਇਹੋ ਕੁੱਝ ਕੀਤਾ। ਉਹਨਾਂ ਨੇ ਸੈਕਸਨੀ, ਰ੍ਹਾਈਨਿਸ਼ ਪ੍ਰਸ਼ੀਅਨ, ਵੈਸਟਫ਼ਾਲੀਆ ਦੀਆਂ ਬਗ਼ਾਵਤਾਂ ਨੂੰ ਪ੍ਰਸ਼ੀਅਨ ਸਰਕਾਰ ਦੀ ਵਹਿਸ਼ੀ ਹਿੰਸਾ ਦੇ ਵਿਰੁੱਧ ਕੋਈ ਹੋਰ ਮਦਦ ਦੇਣ ਦੀ ਥਾਂ ਕੇਵਲ ਮਰੀਅਲ ਤੇ ਜਜ਼ਬਾਤੀ ਰੋਸਾਂ ਨਾਲ਼ ਹੀ ਦਬਾਇਆ ਜਾਣ ਦਿੱਤਾ। ਉਹਨਾਂ ਨੇ ਦੱਖਣੀ ਜਰਮਨ ਬਗ਼ਾਵਤ ਨਾਲ਼ ਲੁਕਵੇਂ ਡਿਪਲੋਮੈਟਿਕ ਸਹਿ-ਸਬੰਧ ਬਣਾਈ ਰੱਖੇ, ਪਰ ਕਦੇ ਵੀ ਉਹਨਾਂ ਨੂੰ ਆਪਣੇ ਵੱਲੋਂ ਖੁੱਲ੍ਹੀ ਮਾਣਤਾ ਦੀ ਹਿਮਾਇਤ ਪ੍ਰਦਾਨ ਨਾ ਕੀਤੀ। ਉਹ ਜਾਣਦੇ ਸਨ, ਕਿ ਸਲਤਨਤ ਦੇ ਲੈਫ਼ਟੀਨੈਂਟ ਨੇ ਸਰਕਾਰਾਂ ਦਾ ਪੱਖ ਪੂਰਿਆ ਸੀ ਅਤੇ ਉਹ ਅਜੇ ਵੀ ਉਸ ਦੀ ਹਜ਼ੂਰੀ ਭਰਦੇ ਸਨ, ਜੋ ਇਹਨਾਂ ਸਰਕਾਰਾਂ ਦੀਆਂ ਸਾਜ਼ਸ਼ਾਂ ਦੇ ਵਿਰੁੱਧ ਕਦੇ ਵੀ ਕੁੱਝ ਨਹੀਂ ਸੀ ਕਰਦਾ। ਸਲਤਨਤ ਦੇ ਵਜ਼ੀਰਾਂ, ਪੁਰਾਣੇ ਕਨਜ਼ਰਵੇਟਿਵਾਂ ਨੇ, ਇਸ ਨਿਪੁੰਸਕ ਅਸੈਂਬਲੀ ਦਾ, ਹਰ ਬੈਠਕ ਵਿੱਚ ਮਜ਼ਾਕ ਉਡਾਇਆ ਅਤੇ ਉਹ ਇਸ ਨੂੰ ਸਹਾਰਦੇ ਰਹੇ ਅਤੇ ਜਦੋਂ ਸਿਲੀਸੀਆ ਦੇ ਇੱਕ ਡਿਪਟੀ ਅਤੇ **ਨਿਊ ਰ੍ਹਾਈਨਿਸ਼ ਗਜ਼ਟ** ਦੇ ਇੱਕ ਸੰਪਾਦਕ ਵਿਲੀਅਮ ਵੂਲਫ਼ ਨੇ ਸਲਤਨਤ ਦੇ ਲੈਫ਼ਟੀਨੈਂਟ ਨੂੰ, ਜੋ ਉਸ ਦੇ ਠੀਕ ਕਹੇ ਅਨੁਸਾਰ ਸਲਤਨਤ ਦਾ ਪਰਲੇ ਦਰਜੇ ਦਾ ਗ਼ੱਦਾਰ ਸੀ, ਜਲਾਵਤਨ ਕਰਨ ਲਈ ਆਖਿਆ ਤਾਂ ਉਸ ਨੂੰ ਉਹਨਾਂ ਡੈਮੋਕਰੈਟਿਕ ਇਨਕਲਾਬੀਆਂ ਨੇ ਆਪਣੇ ਇੱਕ-ਮੱਤ ਰੋਹ ਨਾਲ਼ ਹੂ ਹੂ ਹਾ ਹਾ ਕਰ ਕੇ ਬਿਠਾ ਦਿੱਤਾ! ਮੁੱਕਦੀ ਗੱਲ, ਉਹਨਾਂ ਨੇ ਗੱਲਾਂ ਕਰਨੀਆਂ, ਰੋਸ ਪ੍ਰਗਟ ਕਰਨਾ, ਬਿਆਨ ਮਗਰੋਂ ਐਲਾਨ ਕਰ ਦੇਣਾ ਜਾਰੀ ਰੱਖਿਆ ਪਰ ਉਹਨਾਂ ਨੇ ਕਦੇ ਵੀ ਕੁੱਝ ਕਰਨ ਦੀ ਨਾ ਦਲੇਰੀ ਤੇ ਨਾ ਅਕਲ ਵਿਖਾਈ; ਜਦੋਂ ਸਰਕਾਰਾਂ ਦੀਆਂ ਰੋਹ ਭਰਪੂਰ ਫ਼ੌਜਾਂ ਨੇੜੇ ਤੋਂ ਨੇੜੇ ਆ ਰਹੀਆਂ ਸਨ ਅਤੇ ਉਹਨਾਂ ਦੀ ਆਪਣੀ ਕਾਰਜਕਾਰਨੀ, ਸਲਤਨਤ ਦਾ ਲੈਫ਼ਟੀਨੈਂਟ ਉਹਨਾਂ ਨੂੰ ਤੇਜ਼ੀ ਨਾਲ਼ ਤਬਾਹ ਕਰਨ ਲਈ ਜਰਮਨੀ ਦੇ ਰਾਜਿਆਂ ਨਾਲ਼ ਸਾਜ਼ਬਾਜ਼ ਕਰਨ ਵਿੱਚ ਰੁੱਝਿਆ ਹੋਇਆ ਸੀ। ਸੋ, ਇਸ ਘ੍ਰਿਣਾਯੋਗ ਅਸੈਂਬਲੀ ਨੇ ਅਖ਼ੀਰੀ ਸਮਝ ਸੂਝ ਨੂੰ ਵੀ ਹੱਥੋਂ ਗਵਾ ਦਿੱਤਾ। ਉਹਨਾਂ ਬਾਗ਼ੀਆਂ ਨੇ, ਜਿਹੜੇ ਇਸ ਦੀ ਰਾਖੀ ਲਈ ਨਿੱਤਰੇ ਸਨ, ਅਗਾਂਹ ਤੋਂ ਇਸ ਦਾ ਧਿਆਨ ਰੱਖਣਾ ਬੰਦ ਕਰ ਦਿੱਤਾ ਅਤੇ ਜਦੋਂ ਇਸ ਦਾ ਸ਼ਰਮਨਾਕ ਅੰਤ ਨੇੜੇ ਆਇਆ, ਜਿਵੇਂ ਅਸੀਂ ਵੇਖਾਂਗੇ, ਇਹ ਅਣਗੋਲ਼ਿਆ ਹੀ, ਕਿਸੇ ਵੱਲੋਂ ਇਸ ਦੇ ਖ਼ਾਤਮੇ ਵੱਲ ਧਿਆਨ ਦਿੱਤੇ ਬਿਨਾਂ ਮਰ ਗਈ।

ਲੰਡਨ, ਅਗਸਤ, 1852.

## XVIII

## ਛੋਟੇ ਤਾਜਰ

ਪਿਛਲੇ ਭਾਗ ਵਿੱਚ ਅਸਾਂ ਦਰਸਾਇਆ ਹੈ ਕਿ ਇੱਕ ਪਾਸੇ ਜਰਮਨ ਸਰਕਾਰਾਂ, ਅਤੇ ਦੂਜੇ ਪਾਸੇ ਫ਼ਰੈਂਕਫ਼ੋਰਟ ਪਾਰਲੀਮੈਂਟ ਵਿਚਾਲੇ ਜੱਦੋਜਹਿਦ ਨੇ ਅਖ਼ੀਰ ਹਿੰਸਾ ਦੀ ਅਜਿਹੀ ਪੱਧਰ ਪ੍ਰਾਪਤ ਕਰ ਲਈ ਸੀ ਕਿ ਮਈ ਦੇ ਪਹਿਲੇ ਦਿਨਾਂ ਵਿੱਚ ਜਰਮਨੀ ਦੇ ਇੱਕ ਬਹੁਤ ਵੱਡੇ ਭਾਗ ਵਿੱਚ ਖੁੱਲ੍ਹੀ ਬਗ਼ਾਵਤ ਭੜਕ ਉੱਠੀ: ਪਹਿਲਾਂ ਡਰੇਸਡਨ, ਫਿਰ ਬਾਵੇਰਿਆਈ ਪਾਲਾਟੀਨੇਟ ਵਿੱਚ, ਰ੍ਹਾਈਨਿਸ਼ ਪ੍ਰਸ਼ੀਅਨ ਦੇ ਭਾਗਾਂ ਵਿੱਚ ਤੇ ਅਖ਼ੀਰ ਬਾਦੇਨ ਵਿੱਚ।

ਸਾਰੇ ਮਾਮਲਿਆਂ ਵਿੱਚ, ਬਾਗ਼ੀਆਂ ਦਾ ਅਸਲੀ ਲੜਾਕੂ ਅਦਾਰਾ, ਜਿਸ ਨੇ ਪਹਿਲਾਂ ਹਥਿਆਰ ਉਠਾਏ ਤੇ ਫ਼ੌਜਾਂ ਨਾਲ਼ ਟੱਕਰ ਲਈ, ਸ਼ਹਿਰਾਂ ਦੀਆਂ ਕਿਰਤੀ ਜਮਾਤਾਂ ਉੱਤੇ ਆਧਾਰਤ ਸੀ। ਪਿੰਡਾਂ ਦੀ ਗ਼ਰੀਬ ਵਸੋਂ ਦਾ ਇੱਕ ਭਾਗ, ਮਜ਼ਦੂਰ ਤੇ ਛੋਟੇ ਕਿਸਾਨ ਅਸਲ ਵਿੱਚ ਲੜਾਈ ਦੇ ਛਿੜ ਪੈਣ ਦੇ ਮਗਰੋਂ ਹੀ ਆਮ ਤੌਰ 'ਤੇ ਉਹਨਾਂ ਵਿੱਚ ਸ਼ਾਮਲ ਹੋਏ। ਸਰਮਾਏਦਾਰ ਜਮਾਤ ਤੋਂ ਹੇਠਲੀਆਂ ਸਾਰੀਆਂ ਜਮਾਤਾਂ ਦੇ ਨੌਜਵਾਨਾਂ ਦੀ ਇੱਕ ਬਹੁਤ ਵੱਡੀ ਗਿਣਤੀ ਘੱਟੋ ਘੱਟ ਇੱਕ ਸਮੇਂ ਲਈ ਬਾਗ਼ੀ ਫ਼ੌਜਾਂ ਦੀਆਂ ਸਫ਼ਾਂ ਵਿੱਚ ਵੇਖੀ ਗਈ ਸੀ, ਪਰ ਜਿਵੇਂ ਹੀ ਮਾਮਲਿਆਂ ਦੇ ਪੱਖ ਨੇ ਕਿਸੇ ਹੱਦ ਤੱਕ ਗੰਭੀਰ ਰੂਪ ਧਾਰਨ ਕੀਤਾ ਉਦੋਂ ਹੀ ਨੌਜਵਾਨਾਂ ਦਾ ਇਹ ਰਲ਼ਗੱਡ ਸਮੂਹ ਪਤਲਾ ਪੈ ਗਿਆ। ਵਿਸ਼ੇਸ਼ ਤੌਰ 'ਤੇ ਵਿਦਿਆਰਥੀ, "ਬੁੱਧੀਜੀਵੀਆਂ ਦੇ ਪ੍ਰਤੀਨਿਧ ਜਿਵੇਂ ਕਿ ਉਹ ਆਪਣੇ ਆਪ ਨੂੰ ਅਖਵਾਉਣਾ ਪਸੰਦ ਕਰਦੇ ਸਨ, ਉਹਨਾਂ ਦੀਆਂ ਸਫ਼ਾਂ ਵਿੱਚੋਂ ਨਿਕਲਣ ਵਾਲ਼ੇ ਪਹਿਲੇ ਸਨ, ਜਦੋਂ ਤੱਕ ਉਹਨਾਂ ਨੂੰ ਅਫ਼ਸਰਾਂ ਦਾ ਦਰਜਾ ਬਖ਼ਸ਼ ਕੇ ਰੋਕਿਆ ਨਹੀਂ ਸੀ ਗਿਆ, ਜਿਸ ਦੀ ਉਹਨਾਂ ਵਿੱਚ ਮੁਸ਼ਕਲ ਨਾਲ਼ ਹੀ ਕੋਈ ਯੋਗਤਾ ਸੀ।

ਮਜ਼ਦੂਰ ਜਮਾਤ ਇਸ ਬਗ਼ਾਵਤ ਵਿੱਚ ਸ਼ਾਮਲ ਹੋਈ ਜਿਵੇਂ ਕਿ ਉਹ ਕਿਸੇ ਵੀ ਹੋਰ ਬਗ਼ਾਵਤ ਵਿੱਚ ਸ਼ਾਮਲ ਹੋ ਜਾਂਦੀ ਜੋ ਜਾਂ ਤਾਂ ਉਹਨਾਂ ਦੀ ਰਾਜਸੀ ਪ੍ਰਬਲਤਾ ਤੇ ਸਮਾਜਕ ਇਨਕਲਾਬ ਵੱਲ ਪ੍ਰਗਤੀ ਦੇ ਰਾਹ ਵਿੱਚੋਂ ਕੁਝ ਔਕੜਾਂ ਨੂੰ ਹਟਾਉਣ ਦਾ ਜਾਂ ਘੱਟੋ ਘੱਟ ਸਮਾਜ ਦੀਆਂ ਵਧੇਰੇ ਅਸਰ ਰਸੂਖ ਵਾਲ਼ੀਆਂ, ਪਰ ਘੱਟ ਦਲੇਰ ਜਮਾਤਾਂ ਨੂੰ ਉਸ ਰਾਹ ਨਾਲ਼ੋਂ ਜਿਸ ਉੱਤੇ ਉਹ ਹੁਣ ਤੱਕ ਤੁਰਦੀਆਂ ਆਈਆਂ ਸਨ, ਇੱਕ ਵਧੇਰੇ ਨਿਰਣਾਇਕ ਤੇ ਇਨਕਲਾਬੀ ਰਾਹ ਨਾਲ਼ ਸਬੰਧਤ ਕਰਨ ਦਾ ਇਕਰਾਰ ਕਰਦੀ। ਮਜ਼ਦੂਰ ਜਮਾਤ ਨੇ ਇਸ ਪੂਰੇ ਗਿਆਨ ਨਾਲ਼ ਹਥਿਆਰ ਉਠਾਏ ਕਿ ਮਾਮਲੇ ਦੇ ਸਿੱਧੇ ਵਤੀਰੇ ਅਨੁਸਾਰ, ਇਹ ਉਸ ਦਾ ਆਪਣਾ ਝਗੜਾ ਨਹੀਂ ਸੀ, ਪਰ ਉਸ ਨੇ ਆਪਣੀ ਸਹੀ ਨੀਤੀ ਉੱਤੇ ਅਮਲ ਕੀਤਾ : ਕਿਸੇ ਵੀ ਜਮਾਤ ਨੂੰ ਜੋ ਉਸ ਦੇ ਮੋਢਿਆਂ ਉੱਤੇ ਉੱਚੀ ਹੁੰਦੀ ਹੈ (ਜਿਵੇਂ ਕਿ ਬੁਰਜੂਆਜ਼ੀ ਨੇ 1848 ਵਿੱਚ ਕੀਤਾ ਸੀ) ਆਪਣੀ ਜਮਾਤੀ ਸਰਕਾਰ ਨੂੰ ਉਦੋਂ ਤੱਕ ਮਜ਼ਬੂਤ ਬਣਾਉਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਜਦੋਂ ਤੱਕ ਉਹ ਮਜ਼ਦੂਰ ਜਮਾਤ ਲਈ ਇਸ ਦੇ ਆਪਣੇ ਹਿੱਤਾਂ ਲਈ ਜੱਦੋਜਹਿਦ ਵਾਸਤੇ ਘੱਟੋ ਘੱਟ ਇੱਕ ਚੰਗਾ ਖੇਤਰ ਪੈਦਾ ਨਹੀਂ ਕਰਦੀ ਅਤੇ, ਹਰ

ਹਾਲਤ ਵਿੱਚ ਮਾਮਲਿਆਂ ਨੂੰ ਸੰਕਟ ਤੱਕ ਪਹੁੰਚਾਉਣਾ, ਜਿਸ ਰਾਹੀਂ ਜਾਂ ਤਾਂ ਕੌਮ ਚੰਗੀ ਤਰ੍ਹਾਂ ਤੇ ਬਿਨਾਂ ਕਿਸੇ ਰੋਕ ਦੇ ਇਨਕਲਾਬੀ ਕਿਰਦਾਰ ਧਾਰਨ ਕਰ ਲਵੇ ਜਾਂ ਫਿਰ ਇਨਕਲਾਬ ਤੋਂ ਪਹਿਲਾਂ ਅਜਿਹੀ ਜਿਉਂ ਦੀ ਤਿਉਂ ਹਾਲਤ ਬਹਾਲ ਕੀਤੀ ਜਾਵੇ, ਜਿਸ ਸਦਕਾ ਨਵੇਂ ਇਨਕਲਾਬ ਨੂੰ ਟਾਲਿਆ ਨਾ ਜਾ ਸਕੇ। ਇਹਨਾਂ ਦੋਹਾਂ ਹਾਲਤਾਂ ਵਿੱਚ ਕਿਰਤੀ ਜਮਾਤਾਂ ਨੇ ਕੌਮ ਦੇ ਅਸਲੀ ਤੇ ਚੰਗੀ ਤਰ੍ਹਾਂ ਸਮਝੇ ਗਏ ਹਿੱਤਾਂ ਦੇ ਉਸ ਇਨਕਲਾਬੀ ਅਮਲ ਨੂੰ ਸੰਭਵ ਹੱਦ ਤੱਕ ਤਿੱਖਾ ਕਰਨ ਰਾਹੀਂ ਪ੍ਰਤੀਨਿਧਤਾ ਕੀਤੀ, ਜਿਹੜਾ ਅਮਲ ਸੱਭਿਅਕ ਯੂਰਪ ਦੀਆਂ ਪੁਰਾਣੀਆਂ ਸਮਾਜਾਂ ਲਈ ਹੁਣ ਇੱਕ ਇਤਿਹਾਸਕ ਜ਼ਰੂਰਤ ਬਣ ਗਿਆ ਹੈ ਕਿਉਂ ਜੋ ਉਹਨਾਂ ਵਿੱਚੋਂ ਕੋਈ ਵੀ ਆਪਣੇ ਵਸੀਲਿਆਂ ਦੇ ਵਧੇਰੇ ਸ਼ਾਂਤ ਤੇ ਬਾਕਾਇਦਾ ਵਿਕਾਸ ਦੀ ਮੁੜ ਕੇ ਆਸ ਨਹੀਂ ਕਰ ਸਕਦੀ ਹੈ।

ਬਗ਼ਾਵਤ ਵਿੱਚ ਸ਼ਾਮਲ ਹੋਏ, ਪੇਂਡੂ ਲੋਕਾਂ ਦਾ ਜਿੱਥੋਂ ਤੱਕ ਸਬੰਧ ਹੈ ਉਹਨਾਂ ਨੂੰ, ਟੈਕਸਾਂ ਦੇ ਮੁਕਾਬਲਤਨ ਭਾਰੀ ਭਾਰ ਨੇ ਅਤੇ ਅੰਸ਼ਕ ਤੌਰ ’ਤੇ ਜਾਗੀਰਦਾਰੀ ਬੋਝਾਂ ਨੇ ਇਨਕਲਾਬੀ ਪਾਰਟੀ ਦੀਆਂ ਬਾਹਾਂ ਵਿਚਾਲੇ ਅਸੂਲੀ ਤੌਰ ’ਤੇ ਸੁੱਟ ਦਿੱਤਾ ਸੀ। ਖ਼ੁਦ ਆਪਣੀ ਪਹਿਲਕਦਮੀ ਤੋਂ ਬਿਨਾਂ ਉਹ ਬਗ਼ਾਵਤ ਵਿੱਚ ਰੁੱਝੀਆਂ ਹੋਰ ਜਮਾਤਾਂ ਦੀ ਪੂਛ ਬਣੇ ਰਹੇ, ਉਹ ਇੱਕ ਪਾਸੇ ਕਿਰਤੀ ਲੋਕਾਂ ਤੇ ਦੂਜੇ ਪਾਸੇ ਛੋਟੇ ਤਾਜਰਾਂ ਵਿਚਾਲੇ ਲਟਕਦੇ ਰਹੇ। ਉਹਨਾਂ ਦੀ ਆਪਣੀ ਨਿੱਜੀ ਸਮਾਜਕ ਪੁਜ਼ੀਸ਼ਨ, ਲਗਭਗ ਹਰ ਮਾਮਲੇ ਵਿੱਚ, ਜਿਸ ਪਾਸੇ ਉਹਨਾਂ ਮੂੰਹ ਕੀਤਾ ਨਿਸ਼ਚਤ ਹੋਈ, ਖੇਤ ਮਜ਼ਦੂਰਾਂ ਨੇ, ਆਮ ਤੌਰ ’ਤੇ ਸ਼ਹਿਰੀ ਦਸਤਕਾਰਾਂ ਦੀ ਹਿਮਾਇਤ ਕੀਤੀ, ਛੋਟੇ ਕਿਸਾਨਾਂ ਨੇ ਛੋਟੇ ਦੁਕਾਨਦਾਰਾਂ ਨਾਲ਼ ਮਿਲ਼ ਕੇ ਤੁਰਨਾ ਪਸੰਦ ਕੀਤਾ।

ਛੋਟੇ ਤਾਜਰਾਂ ਦੀ ਇਹ ਜਮਾਤ, ਜਿਸ ਦੀ ਬਹੁਤ ਭਾਰੀ ਮਹੱਤਤਾ ਤੇ ਅਸਰ ਰਸੂਖ ਦਾ ਜ਼ਿਕਰ ਅਸਾਂ ਵਾਰ ਵਾਰ ਕੀਤਾ ਹੈ, ਮਈ 1849 ਦੀ ਬਗ਼ਾਵਤ ਦੀ ਆਗੂ ਜਮਾਤ ਸਮਝਿਆ ਜਾ ਸਕਦਾ ਹੈ। ਇਸ ਵਾਰ, ਜਰਮਨੀ ਦਾ ਕੋਈ ਵੀ ਵੱਡਾ ਸ਼ਹਿਰ ਲਹਿਰ ਦਾ ਕੇਂਦਰ ਨਾ ਹੋਣ ਕਰਕੇ, ਛੋਟੀ ਤਾਜਰ ਜਮਾਤ ਨੇ, ਜੋ ਛੋਟੇ ਤੇ ਦਰਮਿਆਨੇ ਨਗਰਾਂ ਵਿੱਚ ਹਮੇਸ਼ਾ ਭਾਰੂ ਰਹੀ ਹੈ, ਲਹਿਰ ਦਾ ਨਿਰਦੇਸ਼ਨ ਆਪਣੇ ਹੱਥਾਂ ਵਿੱਚ ਲੈਣ ਦੇ ਸਾਧਨ ਲੱਭੇ। ਅਸਾਂ ਬਹੁਤੀ ਵਾਰ ਵੇਖਿਆ ਹੈ ਕਿ ਸ਼ਾਹੀ ਸੰਵਿਧਾਨ ਲਈ ਅਤੇ ਜਰਮਨ ਪਾਰਲੀਮੈਂਟ ਦੇ ਅਧਿਕਾਰਾਂ ਲਈ ਜੱਦੋਜਹਿਦ ਵਿੱਚ ਇਸੇ ਨਿਰਾਲੀ ਜਮਾਤ ਦੇ ਹਿੱਤ ਦਾਅ ’ਤੇ ਲੱਗੇ ਹੋਏ ਸਨ। ਸਾਰੇ ਬਾਗ਼ੀ ਜ਼ਿਲ੍ਹਿਆਂ ਵਿੱਚ ਸਥਾਪਤ ਕੀਤੀਆਂ ਗਈਆਂ ਆਰਜ਼ੀ ਸਰਕਾਰਾਂ ਦੀ ਬਹੁਗਿਣਤੀ ਵਿੱਚ ਲੋਕਾਂ ਦੇ ਇਸ ਭਾਗ ਨੂੰ ਪ੍ਰਤੀਨਿਧਤਾ ਦਿੱਤੀ ਗਈ ਅਤੇ ਉਹ ਜਿਸ ਦੂਰੀ ਤੱਕ ਗਏ, ਇਸ ਲਈ ਹੋ ਸਕਦਾ ਹੈ ਉਹ ਅਜਿਹੇ ਕਦਮ ਪੁੱਟਣ ਜਿਹੋ ਜਿਹੇ ਨਿੱਕ-ਬੁਰਜੂਆਜ਼ੀ ਪੁੱਟਣ ਦੇ ਯੋਗ ਨਹੀਂ ਹੈ, ਸਿਵਾਏ ਅਜਿਹੇ ਕਦਮਾਂ ਦੇ ਜਿਨ੍ਹਾਂ ਰਾਹੀਂ ਉਹ ਉਸ ਲਹਿਰ ਨੂੰ ਤਬਾਹ ਕਰ ਦੇਂਦੀ ਹੈ ਜੋ ਵੀ ਆਪਣੇ ਆਪ ਨੂੰ ਇਸ ਦੇ ਹੱਥਾਂ ਵਿੱਚ ਸੌਂਪਦੀ ਹੈ।

ਨਿੱਕਬੁਰਜੂਆਜ਼ੀ, ਜੋ ਫੜ੍ਹਾਂ ਮਾਰਨ ਵਿੱਚ ਮਹਾਨ ਹੈ, ਅਮਲ ਕਰਨ ਦੇ ਪੱਖੋਂ ਬਹੁਤ ਹੀ ਨਿਪੁੰਸਕ ਹੈ ਤੇ ਕੋਈ ਵੀ ਖ਼ਤਰਾ ਸਹੇੜਨ ਪੱਖੋਂ ਬੜੀ ਸ਼ਰਮਾਕਲ ਹੈ। ਇਸ ਦੇ

ਵਣਜੀ ਲੈਣ ਦੇਣ ਦਾ ਅਤੇ ਇਸ ਦੇ ਕਰਜ਼ਾ ਦੇਣ ਦੇ ਅਮਲਾਂ ਦਾ ਹੋਛਾ ਤੇ ਘਟੀਆ ਚਰਿੱਤਰ, ਸ਼ਕਤੀ ਤੇ ਤਾਕਤ ਦੀ ਥੁੜ੍ਹ ਕਾਰਨ ਇਸ ਦੇ ਰਾਜਨੀਤਕ ਕਿਰਦਾਰ ਇਸ ਨੂੰ ਦਾਗ਼ੀ ਕਰਨ ਦੇ ਅਤੇ ਆਪਣੇ ਆਪਣੇ ਰਾਜਨੀਤਕ ਰਉਂ ਨੂੰ ਉਜਾਗਰ ਕਰਨ ਲਈ ਕੇਵਲ ਲੱਫ਼ਾਜ਼ੀ ਤੇ ਵੱਡੀਆਂ ਵੱਡੀਆਂ ਫੜ੍ਹਾਂ ਨਾਲ਼ ਬਗ਼ਾਵਤ ਨੂੰ ਉਤਸ਼ਾਹਤ ਕਰਨ ਦੇ ਬਹੁਤ ਹੀ ਯੋਗ ਹੈ। ਇਸੇ ਅਨੁਸਾਰ ਨਿੱਕ-ਬੁਰਜੂਆਜ਼ੀ ਨੇ ਜੋ ਕੁੱਝ ਉਹ ਕਰਨਾ ਚਾਹੁੰਦੀ ਸੀ ਉਸ ਬਾਰੇ ਆਪਣੀ ਭਾਰੀ ਸ਼ਬਦਾਵਲੀ ਤੇ ਬਹੁਤ ਵੱਡੀਆਂ ਫੜ੍ਹਾਂ ਨਾਲ਼ ਬਗ਼ਾਵਤ ਨੂੰ ਉਤਸ਼ਾਹਤ ਕੀਤਾ; ਉਹ, ਜਿਵੇਂ ਹੀ ਬਗ਼ਾਵਤ, ਜੋ ਬਹੁਤ ਕਰਕੇ ਉਸ ਦੀ ਮਰਜ਼ੀ ਦੇ ਵਿਰੁੱਧ ਸੀ, ਭੜਕ ਉੱਠੇ, ਸੱਤ੍ਹਾ ਕਾਬੂ ਕਰਨ ਲਈ ਉਤਾਵਲੀ ਸੀ; ਉਸ ਨੇ ਇਸ ਸੱਤ੍ਹਾ ਨੂੰ ਬਗ਼ਾਵਤ ਦੇ ਅਸਰਾਂ ਨੂੰ ਤਬਾਹ ਕਰਨ ਦੇ ਉਦੇਸ਼ ਲਈ ਹੀ ਵਰਤਿਆ। ਜਿੱਥੇ ਕਿਤੇ ਵੀ ਹਥਿਆਰਬੰਦ ਟੱਕਰ ਨੇ ਮਾਮਲਿਆਂ ਨੂੰ ਇੱਕ ਗੰਭੀਰ ਸੰਕਟ ਤੱਕ ਪਹੁੰਚਾਇਆ, ਉੱਥੇ ਹੀ ਦੁਕਾਨਦਾਰ ਉਹਨਾਂ ਲਈ ਪੈਦਾ ਕੀਤੀ ਗਈ ਖ਼ਤਰਨਾਕ ਸਥਿਤੀ ਨੂੰ ਡੌਰ ਭੌਰ ਹੋ ਕੇ ਤੱਕਦੇ ਰਹਿ ਗਏ; ਉਹਨਾਂ ਲੋਕਾਂ ਤੇ ਹੱਕੇ ਬੱਕੇ ਰਹਿ ਕੇ, ਜਿਨ੍ਹਾਂ ਨੇ ਪਹਿਲਾਂ ਹੀ ਹਥਿਆਰਬੰਦ ਹੋਣ ਦੀਆਂ ਉਹਨਾਂ ਦੀਆਂ ਦਮਗੱਜੇ ਵਾਲ਼ੀਆਂ ਅਪੀਲਾਂ ਨੂੰ ਪ੍ਰਵਾਨ ਕੀਤਾ ਸੀ; ਉਸ ਸੱਤ੍ਹਾ ਉੱਤੇ ਹੱਕੇ ਬੱਕੇ ਰਹਿ ਕੇ ਜਿਹੜੀ ਉਹਨਾਂ ਦੇ ਹੱਥਾਂ ਵਿੱਚ ਸੌਂਪ ਦਿੱਤੀ ਗਈ ਸੀ; ਸਭ ਤੋਂ ਵੱਧ ਉਹਨਾਂ ਦੇ ਆਪਣੇ ਲਈ, ਉਹਨਾਂ ਦੀਆਂ ਸਮਾਜਕ ਪੁਜ਼ੀਸ਼ਨਾਂ ਲਈ, ਉਸ ਨੀਤੀ ਤੋਂ ਪ੍ਰਾਪਤ ਕੀਤੇ ਲਾਭਾਂ ਲਈ, ਜਿਸ ਨੂੰ ਅਪਨਾਉਣ ਲਈ ਉਹ ਮਜ਼ਬੂਰ ਹੋਏ ਸਨ, ਨਿਕਲੇ ਸਿੱਟਿਆਂ ਉੱਤੇ ਹੱਕੇ ਬੱਕੇ ਰਹਿ ਗਏ। ਕੀ ਉਹਨਾਂ ਤੋਂ ਬਗ਼ਾਵਤ ਦੇ ਉਦੇਸ਼ ਲਈ "ਜੀਵਨ ਦੀ ਸੰਪੱਤੀ", ਜਿਵੇਂ ਉਹ ਕਹਿੰਦੇ ਸਨ, ਕੁਰਬਾਨ ਕਰਨ ਦੀ ਆਸ ਨਹੀਂ ਸੀ ? ਕੀ ਉਹ ਬਗ਼ਾਵਤ ਵਿੱਚ ਸਰਕਾਰੀ ਪੁਜ਼ੀਸ਼ਨਾਂ ਲੈਣ 'ਤੇ ਮਜ਼ਬੂਰ ਨਹੀਂ ਸਨ ਹੋਏ, ਜਿਸ ਰਾਹੀਂ, ਹਾਰ ਦੀ ਹਾਲਤ ਵਿੱਚ ਉਹਨਾਂ ਨੇ ਆਪਣਾ ਸਰਮਾਇਆ ਦਾ ਨੁਕਸਾਨ ਦਾਅ 'ਤੇ ਲਾਇਆ ਸੀ ? ਅਤੇ ਫ਼ਤਿਹ ਦੀ ਹਾਲਤ ਵਿੱਚ ਕੀ ਉਹਨਾਂ ਨੂੰ ਯਕੀਨ ਨਹੀਂ ਸੀ ਕਿ ਉਹਨਾਂ ਨੂੰ ਤੁਰੰਤ ਦਫ਼ਤਰ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ ਅਤੇ ਜੇਤੂ ਪ੍ਰੋਲੇਤਾਰੀਆ ਉਹਨਾਂ ਦੀ ਸਮੁੱਚੀ ਨੀਤੀ ਨੂੰ ਉਲਟਾ ਦੇਵੇਗਾ ਜੋ ਜਿਹੜਾ ਪ੍ਰੋਲੇਤਾਰੀਆ ਲੜ ਰਹੀ ਫ਼ੌਜ ਦਾ ਮੁੱਖ ਹਿੱਸਾ ਹੈ ? ਸੋ ਇੱਕ ਦੂਜੇ ਦੇ ਵਿਰੋਧੀ ਖ਼ਤਰਿਆਂ ਵਿਚਾਲੇ, ਜਿਨ੍ਹਾਂ ਨੇ ਉਹਨਾਂ ਨੂੰ ਹਰ ਪਾਸਿਉਂ ਘੇਰਿਆ ਹੋਇਆ ਸੀ, ਨਿੱਕਬੁਰਜੂਆਜ਼ੀ ਹਰ ਚੀਜ਼ ਨੂੰ ਆਪਣਾ ਮੌਕਾ ਪ੍ਰਾਪਤ ਕਰਨ ਨਾਲ਼ੋਂ ਕਿਸੇ ਵੀ ਹੋਰ ਨੂੰ ਆਪਣੀ ਸੱਤ੍ਹਾ ਮੋੜਨਾ ਨਹੀਂ ਸੀ ਜਾਣਦੀ, ਨਿਰਸੰਦੇਹ ਇਸ ਤਰ੍ਹਾਂ ਸਫ਼ਲਤਾ ਦਾ ਜੋ ਵੀ ਥੋੜ੍ਹਾ ਬਹੁਤ ਅਵਸਰ ਸੀ, ਜ਼ਾਇਆ ਹੋ ਗਿਆ ਅਤੇ ਬਗ਼ਾਵਤ ਬਿਲਕੁਲ ਤਬਾਹ ਹੋ ਗਈ। ਉਸ ਦੀ ਨੀਤੀ ਜਾਂ ਨੀਤੀ ਦੀ ਕੁੱਝ ਕੁੱਝ ਘਾਟ ਹਰ ਥਾਂ 'ਤੇ ਇੱਕੋ ਜਿਹੀ ਸੀ ਅਤੇ, ਇਸ ਲਈ ਮਈ 1849 ਦੀਆਂ ਬਗ਼ਾਵਤਾਂ ਜਰਮਨੀ ਦੇ ਸਾਰੇ ਭਾਗਾਂ ਵਿੱਚ ਇਸੇ ਨਮੂਨੇ 'ਤੇ ਖ਼ਤਮ ਕੀਤੀਆਂ ਗਈਆਂ।

ਡਰੇਸਡਨ ਵਿੱਚ, ਜੱਦੋਜਹਿਦ ਸ਼ਹਿਰ ਦੀਆਂ ਗਲੀਆਂ ਬਜ਼ਾਰਾਂ ਵਿੱਚ ਚਾਰ ਦਿਨ ਜਾਰੀ ਰਹੀ। ਡਰੇਸਡਨ ਦੇ ਦੁਕਾਨਦਾਰ, "ਆਮ ਲੋਕਾਂ ਦੇ ਰਾਖੇ" ਨਾ ਕੇਵਲ ਲੜੇ ਹੀ ਨਹੀਂ ਸਨ, ਸਗੋਂ ਉਹਨਾਂ ਨੇ ਕਈ ਹਾਲਤਾਂ ਵਿੱਚ ਬਾਗ਼ੀਆਂ ਦੇ ਵਿਰੁੱਧ ਫ਼ੌਜਾਂ ਦੀਆਂ ਕਾਰਵਾਈਆਂ

ਦੀ ਹਿਮਾਇਤ ਵੀ ਕੀਤੀ। ਇਹ ਫਿਰ ਆਲ਼ੇ ਦੁਆਲ਼ੇ ਦੇ ਉਤਪਾਦਕ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਤੌਰ 'ਤੇ ਕਿਰਤੀ ਲੋਕਾਂ ਉੱਤੇ ਆਧਾਰਤ ਸਨ। ਇਹਨਾਂ ਨੂੰ ਇੱਕ ਰੂਸੀ ਸ਼ਰਨਾਰਥੀ ਮਾਈਕਲ ਬਾਕੂਨਿਨ ਨਾਂ ਦਾ ਇੱਕ ਯੋਗ ਤੇ ਠਰ੍ਹੰਮੇ ਵਾਲ਼ਾ ਕਮਾਂਡਰ ਪ੍ਰਾਪਤ ਹੋਇਆ, ਜਿਸ ਨੂੰ ਮਗਰੋਂ ਕੈਦੀ ਬਣਾ ਲਿਆ ਗਿਆ ਸੀ ਤੇ ਜੋ ਹੁਣ ਹੰਗਰੀ ਦੇ ਮੂਨਕਾਸ* ਵਿੱਚ ਜੇਲ੍ਹ ਵਿੱਚ ਕੈਦ ਹੈ। ਪ੍ਰਸ਼ੀਆ ਦੇ ਅਣਗਿਣਤ ਫ਼ੌਜੀਆਂ ਨੇ ਇਸ ਬਗ਼ਾਵਤ ਨੂੰ ਕੁਚਲ ਦਿੱਤਾ।

ਰ੍ਹਾਈਨਿਸ਼ ਪ੍ਰਸ਼ੀਆ ਵਿੱਚ, ਅਸਲ ਲੜਾਈ ਬਹੁਤ ਹੀ ਥੋੜ੍ਹੀ ਮਹੱਤਤਾ ਵਾਲ਼ੀ ਸੀ। ਸਾਰੇ ਵੱਡੇ ਸ਼ਹਿਰ ਗੜ੍ਹੀਆਂ ਤੇ ਕਿਲ੍ਹੇ ਬਣੇ ਹੋਏ ਸਨ, ਉੱਥੇ ਬਾਗ਼ੀਆਂ ਵੱਲੋਂ ਕੇਵਲ ਝੜਪਾਂ ਹੀ ਹੋ ਸਕਦੀਆਂ ਸਨ। ਜਿਵੇਂ ਹੀ ਕਾਫ਼ੀ ਗਿਣਤੀ ਵਿੱਚ ਫ਼ੌਜਾਂ ਇਕੱਠੀਆਂ ਹੋਈਆਂ ਹਥਿਆਰਬੰਦ ਵਿਰੋਧਤਾ ਦਾ ਅੰਤ ਹੋ ਗਿਆ।

ਪਾਲਾਟੀਨੇਟ ਤੇ ਬਾਦੇਨ ਵਿੱਚ, ਇਸ ਦੇ ਉਲਟ, ਇੱਕ ਖ਼ੁਸ਼ਹਾਲ ਤੇ ਲਾਹੇਵੰਦ ਪ੍ਰਾਂਤ ਅਤੇ ਇੱਕ ਸਮੁੱਚਾ ਕਾਜ਼ ਬਾਗ਼ੀਆਂ ਦੇ ਹੱਥ ਵਿੱਚ ਆ ਗਏ। ਪੈਸਾ, ਹਥਿਆਰ, ਸਿਪਾਹੀ, ਜੰਗੀ ਸਾਜ਼ਸਮਾਨ ਦੇ ਭੰਡਾਰ ਹਰ ਚੀਜ਼ ਵਰਤੇ ਜਾਣ ਲਈ ਤਿਆਰ ਸੀ। ਬਾਕਾਇਦਾ ਫ਼ੌਜ ਦੇ ਸਿਪਾਹੀ ਖ਼ੁਦ ਬਾਗ਼ੀਆਂ ਨਾਲ਼ ਰਲ ਗਏ; ਨਹੀਂ, ਬਾਦੇਨ ਵਿੱਚ ਉਹ ਉਹਨਾਂ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਸਨ। ਸੈਕਸਨੀ ਤੇ ਰ੍ਹਾਈਨਿਸ਼ ਪ੍ਰਸ਼ੀਆ ਵਿੱਚ ਬਗ਼ਾਵਤਾਂ ਨੇ ਇਸ ਦੱਖਣ-ਜਰਮਨ ਲਹਿਰ ਦੀ ਜੱਥੇਬੰਦੀ ਲਈ ਸਮਾਂ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ। ਇੱਕ ਪ੍ਰਾਂਤਕ ਤੇ ਅੰਸ਼ਕ ਬਗ਼ਾਵਤ ਲਈ ਇਸ ਵਰਗੀ ਅਜਿਹੀ ਸਯੋਗ ਪੁਜ਼ੀਸ਼ਨ ਕਦੇ ਵੀ ਨਹੀਂ ਸੀ। ਪੈਰਿਸ ਵਿੱਚ ਇੱਕ ਇਨਕਲਾਬ ਦੀ ਆਸ ਸੀ, ਹੰਗਰਿਆਈ ਵੀਆਨਾ ਦੀਆਂ ਬਰੂਹਾਂ ਉੱਤੇ ਸਨ, ਜਰਮਨੀ ਦੇ ਸਾਰੇ ਕੇਂਦਰੀ ਰਾਜਾਂ ਵਿੱਚ ਨਾ ਕੇਵਲ ਲੋਕ, ਸਗੋਂ ਫ਼ੌਜਾਂ ਵੀ ਪੂਰੀ ਤਰ੍ਹਾਂ ਬਗ਼ਾਵਤ ਦੇ ਹੱਕ ਵਿੱਚ ਸਨ ਅਤੇ ਇਸ ਵਿੱਚ ਖੁੱਲ੍ਹੇ ਤੌਰ 'ਤੇ ਸ਼ਾਮਲ ਹੋਣ ਦਾ ਅਵਸਰ ਚਾਹੁੰਦੀਆਂ ਸਨ ਅਤੇ ਫਿਰ ਵੀ ਲਹਿਰ, ਇੱਕ ਵਾਰ ਨਿੱਕਬੁਰਜੂਆਜ਼ੀ ਦੇ ਹੱਥ ਵਿੱਚ ਆ ਕੇ ਅਰੰਭ ਵਿੱਚ ਹੀ ਤਬਾਹ ਹੋ ਗਈ ਸੀ। ਨਿੱਕਬੁਰਜੂਆਜ਼ੀ ਹਾਕਮ, ਵਿਸ਼ੇਸ਼ ਤੌਰ 'ਤੇ ਬਾਦੇਨ ਦੇ ਹਾਕਮ— ਜਿਨ੍ਹਾਂ ਦਾ ਮੁਖੀ ਐੱਮ. ਬਰੈਂਟਾਨੋ ਸੀ— ਕਦੇ ਨਹੀਂ ਭੁੱਲਣਗੇ ਕਿ ਕਾਨੂੰਨੀ, ਖ਼ੁਦਮੁਖ਼ਤਿਆਰ, ਮਹਾਨ ਡਿਊਕ ਦੀ ਪਦਵੀ ਤੇ ਸ਼ਾਹੀ ਅਖ਼ਤਿਆਰ ਹੜੱਪ ਕਰਕੇ ਉਹ ਬਹੁਤ ਭਾਰੀ ਗ਼ੱਦਾਰੀ ਕਰ ਰਹੇ ਸਨ। ਉਹ ਉਹਨਾਂ ਦੀਆਂ ਵਜ਼ਾਰਤੀ ਕੁਰਸੀਆਂ 'ਤੇ ਬਿਰਾਜਮਾਨ ਹੋ ਗਏ ਜਦ ਕਿ ਉਹਨਾਂ ਦੇ ਦਿਲਾਂ ਵਿੱਚ ਮੁਜ਼ਰਮਾਨਾਂ ਚੇਤਨਾ ਮੌਜੂਦ ਸੀ। ਤੁਸੀਂ ਅਜਿਹੇ ਬੁਜ਼ਦਿਲਾਂ ਤੋਂ ਹੋਰ ਕੀ ਆਸ ਕਰ ਸਕਦੇ ਹੋ ? ਉਹਨਾਂ ਨਾ ਕੇਵਲ ਬਗ਼ਾਵਤ ਨੂੰ ਉਸ ਦੀ ਆਪਣੀ ਅਕੇਂਦਰਤ ਤੇ ਇਸ ਲਈ ਬੇਅਸਰ ਆਮ ਮੁਹਾਰਤਾ ਉੱਤੇ ਛੱਡ ਦਿੱਤਾ, ਸਗੋਂ ਉਹਨਾਂ ਨੇ ਲਹਿਰ ਨੂੰ ਕਮਜ਼ੋਰ ਕਰਨ ਲਈ, ਨਿਸੱਤਾ ਬਣਾਉਣ ਲਈ, ਤਬਾਹ ਕਰਨ ਲਈ ਆਪਣੇ ਵੱਸ ਵਿਚਲੀ ਹਰ ਗੱਲ ਕੀਤੀ ਅਤੇ ਉਹ ਸਿਆਸਤਦਾਨਾਂ, ਨਿੱਕਬੁਰਜੂਆਜ਼ੀ ਦੇ ਡੈਮੋਕਰੈਟਿਕ ਨਾਇਕਾਂ ਦੀ ਉਸ ਗੰਭੀਰ ਜਮਾਤ ਦੀ ਤੀਬਰ ਹਿਮਾਇਤ

* ਯੂਕਰੇਨੀ ਨਾਂਅ : ਮੂਕਾਚੇਵੋ-ਸੰਪਾਦਕ।

ਦੀ ਕਿਰਪਾ ਨਾਲ਼ ਸਫ਼ਲ ਹੋ ਗਏ, ਜਿਨ੍ਹਾਂ ਨੇ ਅਸਲ ਵਿੱਚ ਸਮਝਿਆ ਸੀ ਕਿ ਉਹ "ਦੇਸ਼ ਨੂੰ ਬਚਾ" ਰਹੇ ਸਨ, ਜਦ ਕਿ ਉਹਨਾਂ ਬਰੈਂਟਾਨੋ ਵਰਗੇ ਤਿੱਖੀ ਡੀਲ ਡੌਲ ਵਾਲ਼ੇ ਕੁੱਝ ਕੁ ਆਦਮੀਆਂ ਨੂੰ ਆਪਣੀ ਅਗਵਾਈ ਕਰਨ ਦੀ ਆਗਿਆ ਦਿੱਤੀ ਸੀ।

ਜਿੱਥੋਂ ਤੱਕ ਇਸ ਦੇ ਲੜਾਈ ਵਾਲ਼ੇ ਭਾਗ ਦਾ ਸਬੰਧ ਹੈ, ਬਾਦਿਸ਼ ਜਨਰਲ ਇਨ-ਚੀਫ਼ ਸੀਗਲ, ਦੇ ਹੇਠਾਂ, ਜੋ ਬਾਕਾਇਦਾ ਫ਼ੌਜ ਦਾ ਇੱਕ ਸਾਬਕ ਲਫ਼ਟੈਨ ਸੀ, ਕੀਤੀਆਂ ਗਈਆਂ ਫ਼ੌਜੀ ਕਾਰਵਾਈਆਂ ਨਾਲ਼ੋਂ ਕਦੇ ਵੀ ਵਧੇਰੇ ਬੇ-ਤਰਤੀਬੀ, ਵਧੇਰੇ ਅਲੜ੍ਹਪੁਣੇ ਨਾਲ਼ ਨਹੀਂ ਸਨ ਕੀਤੀਆਂ ਗਈਆਂ। ਹਰ ਚੀਜ਼ ਗੜਬੜਾ ਗਈ, ਹਰ ਚੰਗਾ ਅਵਸਰ ਹੱਥੋਂ ਗਵਾਚ ਗਿਆ, ਹਰ ਇੱਕ ਕੀਮਤੀ ਛਿਣ ਬਹੁਤ ਵੱਡੇ, ਪਰ ਅਮਲ ਵਿੱਚ ਨਾ ਕਰਨ ਯੋਗ ਪ੍ਰੋਜੈਕਟਾਂ ਦੀ ਯੋਜਨਾਬੰਦੀ ਵਿੱਚ ਵਿਅਰਥ ਗਵਾ ਦਿੱਤਾ ਗਿਆ ਅਤੇ ਜਦੋਂ ਅਖ਼ੀਰ ਪ੍ਰਤਿਭਾਸ਼ਾਲੀ ਪੋਲ ਮੀਰੋਸਲਾਵਸਕੀ ਨੇ ਕਮਾਂਡ ਆਪਣੇ ਹੱਥਾਂ ਵਿੱਚ ਲਈ, ਉਸ ਸਮੇਂ ਸੈਨਾ ਗ਼ੈਰ-ਜੱਥੇਬੰਦ, ਹਾਰੀ ਹੋਈ, ਬੇ-ਹੌਸਲਾ, ਭੈੜੀ ਤਰ੍ਹਾਂ ਲੈਸ ਸੀ ਤੇ ਉਸ ਦੇ ਵਿਰੁੱਧ ਦੁਸ਼ਮਣ ਗਿਣਤੀ ਵਿੱਚ ਚਾਰ ਗੁਣਾ ਸੀ ਅਤੇ ਇਹ ਕੁੱਝ ਹੁੰਦਿਆਂ ਉਹ ਵਾਘਾਊਸਲ ਦੇ ਨਿਵਾਸ 'ਤੇ ਇੱਕ ਸ਼ਾਨਦਾਰ, ਪਰ ਅਸਫ਼ਲ ਲੜਾਈ ਲੜਨ, ਦਲੇਰੀ ਨਾਲ਼ ਪਿਛਾਂਹ ਨੂੰ ਮੁੜਨ, ਰਨਟਾਟ ਦੀਆਂ ਕੰਧਾਂ ਦੇ ਹੇਠਾਂ ਆਖ਼ਰੀ ਨਿਰਾਸ਼ਾਜਨਕ ਮੁਕਾਬਲਾ ਕਰਨ ਤੇ ਫਿਰ ਸਬਰ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ ਕਰ ਸਕਦਾ। ਜਿਵੇਂ ਕਿ ਹਰ ਬਗ਼ਾਵਤੀ ਜੰਗ ਵਿੱਚ ਜਿੱਥੇ ਫ਼ੌਜਾਂ ਚੰਗੀ ਤਰ੍ਹਾਂ ਸੁਸਿੱਖਿਅਤ ਤੇ ਕੱਚੇ ਰੰਗਰੂਟਾਂ ਨਾਲ਼ ਰਲ਼ਗੱਡ ਹੁੰਦੀਆਂ ਹਨ, ਉੱਥੇ ਚੋਖੀ ਬਹਾਦਰੀ ਤੇ ਚੋਖਾ ਅਣਸਿਪਾਹੀਪੁਣਾ ਹੁੰਦਾ ਸੀ ਤੇ ਇਨਕਲਾਬੀ ਫ਼ੌਜ ਵਿੱਚ ਬਹੁਤੀ ਵਾਰ ਨਾ ਮੰਨਣ ਯੋਗ ਸਹਿਮ ਹੁੰਦਾ ਸੀ; ਪਰ ਭਾਵੇਂ ਉਹ ਕਿਤਨੀ ਹੀ ਅਪੂਰਣ ਸੀ, ਉਸ ਨੂੰ ਘੱਟੋ ਘੱਟ ਇਹ ਤਸੱਲੀ ਸੀ ਕਿ ਉਸ ਨੂੰ ਹਰਾਉਣ ਲਈ ਚਾਰ ਗੁਣਾ ਵਧੇਰੇ ਫ਼ੌਜ ਵੀ ਕਾਫ਼ੀ ਨਹੀਂ ਸੀ ਸਮਝੀ ਗਈ ਅਤੇ ਕਿ ਇੱਕ ਲੱਖ ਬਾਕਾਇਦਾ ਫ਼ੌਜ ਨੇ, 20 ਹਜ਼ਾਰ ਬਾਗ਼ੀਆਂ ਦੇ ਵਿਰੁੱਧ ਮੁਹਿੰਮ ਵਿੱਚ ਉਹਨਾਂ ਨਾਲ਼ ਸੈਨਿਕ ਤੌਰ 'ਤੇ ਇਤਨੇ ਸਤਿਕਾਰ ਨਾਲ਼ ਸਲੂਕ ਕੀਤਾ ਜਿਵੇਂ ਉਹਨਾਂ ਨੇ ਨੈਪੋਲੀਅਨ ਦੇ ਪੁਰਾਣੇ ਗਾਰਡਾਂ ਨਾਲ਼ ਲੜਾਈ ਕਰਨੀ ਹੋਵੇ।

ਮਈ ਵਿੱਚ ਬਗ਼ਾਵਤ ਦਾ ਲੱਕ ਟੁੱਟ ਗਿਆ; ਜੁਲਾਈ, 1849 ਵਿੱਚ ਇਹ ਪੂਰੀ ਤਰ੍ਹਾਂ ਦਬਾ ਦਿੱਤੀ ਗਈ ਅਤੇ ਪਹਿਲਾ ਜਰਮਨ ਇਨਕਲਾਬ ਸਮਾਪਤ ਹੋ ਗਿਆ।

# XIX
## ਬਗ਼ਾਵਤ ਦੀ ਸਮਾਪਤੀ

ਜਦੋਂ ਕਿ ਜਰਮਨੀ ਦੀ ਦੱਖਣ ਤੇ ਪੱਛਮੀ ਖੁੱਲ੍ਹੀ ਬਗ਼ਾਵਤ ਦੀ ਹਾਲਤ ਵਿੱਚ ਸੀ ਅਤੇ ਜਦੋਂ ਕਿ ਡਰੈਸਡਨ ਵਿੱਚ ਪਹਿਲੀਆਂ ਝੜਪਾਂ ਸ਼ੁਰੂ ਹੋਣ ਤੋਂ ਲੈ ਕੇ ਰਸਤਾਤ ਦੇ ਹਥਿਆਰ ਸੁੱਟਣ ਤੱਕ, ਪਹਿਲੇ ਜਰਮਨ ਇਨਕਲਾਬ ਦੀ ਇਸ ਆਖ਼ਰੀ ਲਾਟ ਨੂੰ ਬੁਝਾਉਣ ਤੱਕ ਸਰਕਾਰਾਂ ਨੂੰ ਦਸ ਹਫ਼ਤਿਆਂ ਤੋਂ ਵੱਧ ਸਮਾਂ ਲੱਗਿਆ ਸੀ, ਕੌਮੀ ਅਸੈਂਬਲੀ ਬਿਨਾਂ ਕਿਸੇ ਨੂੰ

ਪਤਾ ਲੱਗਣ ਦੇ ਰਾਜਨੀਤਕ ਮੰਚ ਤੋਂ ਅਲੋਪ ਹੋ ਗਈ।

ਅਸਾਂ ਇਸ ਪੂਜਨੀਕ ਅਦਾਰੇ ਨੂੰ ਫ਼ਰੈਂਕਫ਼ੋਰਟ ਵਿੱਚ ਸਰਕਾਰਾਂ ਵੱਲੋਂ ਇਸ ਦੇ ਵਕਾਰ ਉੱਤੇ ਗ਼ੁਸਤਾਖ਼ ਹਮਲਿਆਂ ਰਾਹੀਂ ਇਸ ਦੇ ਆਪਣੇ ਵੱਲੋਂ ਪੈਦਾ ਕੀਤੀ ਕੇਂਦਰੀ ਸੱਤ੍ਹਾ ਦੀ ਨਿਪੁੰਸਕਤਾ ਅਤੇ ਗ਼ੱਦਾਰਾਨਾ ਬੇਹਰਕਤੀ ਰਾਹੀਂ, ਇਸ ਦੀ ਹਿਫ਼ਾਜ਼ਤ ਲਈ ਨਿੱਕ–ਤਾਜਰ ਜਮਾਤ ਦੇ ਅਤੇ ਇੱਕ ਵਧੇਰੇ ਇਨਕਲਾਬੀ ਛੇਕੜਲੇ ਅੰਤ ਲਈ ਮਜ਼ਦੂਰ ਜਮਾਤ ਦੇ ਉਭਾਰਾਂ ਰਾਹੀਂ ਪ੍ਰੇਸ਼ਾਨ ਹੋਇਆ ਛੱਡ ਦਿੱਤਾ ਸੀ। ਇਸ ਦੇ ਮੈਂਬਰਾਂ ਵਿੱਚ ਨਿਰਾਸ਼ਤਾ ਤੇ ਨਿਰਾਸ਼ਾ ਪੂਰੀ ਤਰ੍ਹਾਂ ਛਾਈ ਹੋਈ ਸੀ; ਘਟਨਾਵਾਂ ਨੇ ਤੁਰੰਤ ਇੱਕ ਨਿਸ਼ਚਤ ਤੇ ਨਿਰਣਾਇਕ ਰੂਪ ਧਾਰਨ ਕਰ ਲਿਆ ਸੀ, ਕਿ ਕੁੱਝ ਦਿਨਾਂ ਵਿੱਚ ਹੀ ਇਹਨਾਂ ਅਕਲਮੰਦ ਵਿਧਾਨਕਾਰਾਂ ਦੇ ਉਹਨਾਂ ਦੇ ਅਮਲੀ ਸੱਤ੍ਹਾ ਤੇ ਰਸੂਖ ਬਾਰੇ ਭੁਲੇਖੇ ਪੂਰੀ ਤਰ੍ਹਾਂ ਚੂਰ ਚੂਰ ਹੋ ਗਏ ਸਨ। ਸਰਕਾਰਾਂ ਵੱਲੋਂ ਦਿੱਤੇ ਗਏ ਸੰਕੇਤ ਤੇ ਕਨਜ਼ਰਵੇਟਿਵ ਮੈਂਬਰ ਪਹਿਲਾਂ ਹੀ ਅਜਿਹੇ ਅਦਾਰੇ ਨੂੰ ਛੱਡ ਗਏ ਸਨ, ਜਿਹੜਾ ਅਦਾਰਾ ਵਿਧਾਨਕ ਅਧਿਕਾਰਾਂ ਦੀ ਉਲੰਘਣਾ ਕੀਤੇ ਬਿਨਾਂ ਹੁਣ ਹੋਰ ਸਮੇਂ ਲਈ ਕਾਇਮ ਨਹੀਂ ਸੀ ਰਹਿ ਸਕਦਾ। ਲਿਬਰਲ ਮੈਂਬਰਾਂ ਨੇ ਮਾਮਲੇ ਨੂੰ ਨਿਪਟ ਨਮੋਸ਼ੀ ਵਿੱਚ ਛੱਡ ਦਿੱਤਾ; ਉਹਨਾਂ ਨੇ ਵੀ ਪ੍ਰਤੀਨਿਧਾਂ ਵਜੋਂ ਆਪਣੇ ਕਮਿਸ਼ਨ ਤਿਆਗ ਦਿੱਤੇ। ਸੈਂਕੜੇ ਸਤਿਕਾਰ ਯੋਗ ਭੱਦਰਪੁਰਸ਼ ਪੱਤਰਾਵਾਚ ਗਏ। ਕੋਈ ਅੱਠ ਜਾਂ ਨੌਂ ਸੌ ਮੈਂਬਰਾਂ ਤੋਂ ਇਹ ਗਿਣਤੀ ਇਤਨੀ ਤੇਜ਼ੀ ਨਾਲ਼ ਘੱਟਦੀ ਗਈ, ਕਿ ਹੁਣੇ 150 ਸੀ ਅਤੇ ਕੁੱਝ ਦਿਨਾਂ ਮਗਰੋਂ ਇੱਕ ਸੌ, ਕੋਰਮ ਐਲਾਨ ਦਿੱਤਾ ਗਿਆ ਅਤੇ ਇੱਥੋਂ ਤੱਕ ਕਿ ਇਹਨਾਂ ਨੂੰ ਵੀ ਇਕੱਠਾ ਕਰਨਾ ਔਖਾ ਸੀ, ਭਾਵੇਂ ਕਿ ਸਾਰੀ ਦੀ ਸਾਰੀ ਡੈਮੋਕਰੈਟਿਕ ਪਾਰਟੀ ਇਸ ਵਿੱਚ ਮੌਜੂਦ ਰਹੀ।

ਪਾਰਲੀਮੈਂਟ ਦੇ ਬਾਕੀ ਰਹਿ ਗਏ ਮੈਂਬਰਾਂ ਵੱਲੋਂ ਅਪਣਾਇਆ ਜਾਣ ਵਾਲ਼ਾ ਰਾਹ ਕਾਫ਼ੀ ਸਪੱਸ਼ਟ ਸੀ। ਉਹਨਾਂ ਨੇ ਬਗ਼ਾਵਤ ਸਬੰਧੀ ਕੇਵਲ ਆਪਣਾ ਸਪੱਸ਼ਟ ਤੇ ਨਿਰਣਾਇਕ ਸਟੈਂਡ ਹੀ ਲੈਣਾ ਸੀ, ਤਾਂ ਜੋ ਉਹ, ਜਿੰਨੀ ਵੀ ਤਾਕਤ ਕਾਨੂੰਨੀਅਤ ਉਸ ਨੂੰ ਪ੍ਰਦਾਨ ਕਰ ਸਕਦੀ ਸੀ, ਉਸ ਨੂੰ ਦੇ ਸਕਦੇ, ਜਦ ਕਿ ਉਹਨਾਂ ਨੇ ਆਪਣੀ ਹਿਫ਼ਾਜ਼ਤ ਲਈ ਤੁਰੰਤ ਹੀ ਇੱਕ ਫ਼ੌਜ ਬੁਲਾ ਲਈ। ਉਹਨਾਂ ਨੂੰ, ਸਾਰੀਆਂ ਹਿੰਸਾਤਮਕ ਕਾਰਵਾਈਆਂ ਤੁਰੰਤ ਖ਼ਤਮ ਕਰਨ ਲਈ ਕੇਂਦਰੀ ਸੱਤ੍ਹਾ ਬੁਲਾਉਣੀ ਪੈਣੀ ਸੀ ਅਤੇ ਜੇ ਜਿਵੇਂ ਕਿ ਪਹਿਲਾਂ ਹੀ ਵੇਖਿਆ ਜਾ ਸਕਦਾ ਸੀ, ਇਹ ਸੱਤ੍ਹਾ ਇਹ ਕੁੱਝ ਨਾ ਕਰ ਸਕਦੀ ਕੇ ਨਹੀਂ ਹੀ ਕਰੇਗੀ, ਤਾਂ ਇਸ ਨੂੰ ਤੁਰੰਤ ਹਟਾ ਕੇ ਉਸ ਦੀ ਥਾਂ ਇੱਕ ਵਧੇਰੇ ਸ਼ਕਤੀਸ਼ਾਲੀ ਸਰਕਾਰ ਸਥਾਪਤ ਕਰਨੀ ਚਾਹੀਦੀ ਸੀ। ਜੇ ਬਾਗ਼ੀ ਫ਼ੌਜਾਂ ਨੂੰ ਫ਼ਰੈਂਕਫ਼ੋਰਟ ਵਿੱਚ ਲਿਆਂਦਾ ਨਹੀਂ ਵੀ ਜਾ ਸਕਦਾ (ਇਹ ਕੰਮ, ਅਰੰਭ ਵਿੱਚ, ਜਦੋਂ ਰਾਜ ਸਰਕਾਰਾਂ ਬਹੁਤ ਘੱਟ ਤਿਆਰ ਸਨ ਤੇ ਜੱਕੋਤੱਕੀ ਵਿੱਚ ਸਨ, ਹੋ ਸਕਦਾ ਹੈ, ਸੌਖਿਆਂ ਹੀ ਕੀਤਾ ਜਾ ਸਕਦਾ ਸੀ) ਤਾਂ ਅਸੈਂਬਲੀ ਨੂੰ ਤੁਰੰਤ ਹੀ ਬਾਗ਼ੀ ਇਲਾਕੇ ਦੇ ਕੇਂਦਰ ਵਿੱਚ ਲਿਜਾਇਆ ਜਾ ਸਕਦਾ ਸੀ। ਇਹ ਸਭ ਕੁੱਝ, ਤੁਰੰਤ ਹੀ ਮਈ ਦੇ ਅੱਧ ਜਾਂ ਅੰਤ ਤੱਕ ਹਰ ਹਾਲਤ ਵਿੱਚ ਕੀਤਾ ਜਾਣਾ ਸੀ। ਜੇ ਸਭ ਕੁੱਝ ਮਈ ਦੇ ਮੱਧ ਦੇ ਅੱਧ ਜਾਂ ਅੰਤ ਤੱਕ ਤੁਰੰਤ ਤੇ ਦ੍ਰਿੜਤਾ ਨਾਲ਼ ਕਰ ਦਿੱਤਾ ਜਾਂਦਾ ਤਾਂ ਹੋ ਸਕਦਾ ਹੈ ਕਿ ਬਗ਼ਾਵਤ ਲਈ ਅਤੇ ਕੌਮੀ ਅਸੈਂਬਲੀ ਦੋਹਾਂ ਲਈ ਅਵਸਰ ਪੈਦਾ ਹੋ ਜਾਂਦੇ।

ਪਰ ਜਰਮਨੀ ਦੁਕਾਨਦਾਰੀ ਦੇ ਪ੍ਰਤੀਨਿਧਾਂ ਤੋਂ ਅਜਿਹੇ ਦ੍ਰਿੜਤਾ ਵਾਲ਼ੇ ਰਾਹ ਦੀ ਆਸ ਨਹੀਂ ਸੀ ਕੀਤੀ ਜਾਂਦੀ। ਇਹ ਅਭਲਾਸ਼ੀ ਨੀਤੀਵਾਨ ਆਪਣੇ ਭੁਲੇਖਿਆਂ ਤੋਂ ਉੱਕਾ ਮੁਕਤ ਨਹੀਂ ਸਨ। ਉਹ ਮੈਂਬਰ ਜਿਨ੍ਹਾਂ ਨੇ ਪਾਰਲੀਮੈਂਟ ਦੀ ਤਾਕਤ ਤੇ ਅਲੰਘਤਾ ਵਿੱਚ ਆਪਣਾ ਅਟੱਲ ਵਿਸ਼ਵਾਸ਼ ਗਵਾ ਲਿਆ ਸੀ ਪਹਿਲਾਂ ਹੀ ਦੌੜ ਗਏ ਸਨ; ਡੈਮੋਕਰੈਟ, ਜਿਹੜੇ ਬਾਕੀ ਰਹਿ ਗਏ ਸਨ, ਸੱਤ੍ਹਾ ਤੇ ਮਹਾਨਤਾ ਦੇ ਸੁਪਨੇ ਲੈਣੇ ਇਤਨੀ ਆਸਾਨੀ ਨਾਲ਼ ਛੱਡਣ ਲਈ ਤਿਆਰ ਨਹੀਂ ਸਨ, ਜਿਸ ਸੱਤ੍ਹਾ ਤੇ ਮਹਾਨਤਾ ਨੂੰ ਉਹ ਪਿਛਲੇ ਬਾਰਾਂ ਮਹੀਨਿਆਂ ਤੋਂ ਆਪਣੇ ਮਨ ਵਿੱਚ ਵਸਾਈ ਆ ਰਹੇ ਸਨ। ਜਿਹੜਾ ਰਾਹ ਉਹਨਾਂ ਨੇ ਇੱਕ ਪਾਸੇ ਵੱਲ ਅਪਣਾਇਆ ਉਸ ’ਤੇ ਅਮਲ ਕਰਦਿਆਂ, ਜਦੋਂ ਤੱਕ ਸਫ਼ਲਤਾ ਦਾ ਹਰ ਮੌਕਾ, ਨਹੀਂ, ਜਦੋਂ ਤੱਕ, ਘੱਟੋ ਘੱਟ ਜੰਗ ਦੀ ਭਿਅੰਕਰਤਾ ਨਾਲ਼ ਮਰਨ ਦਾ ਹਰ ਮੌਕਾ ਗੁਜ਼ਰ ਨਹੀਂ ਸੀ ਗਿਆ, ਉਹ ਨਿਰਣਾਇਕ ਕਾਰਵਾਈ ਕਰਨ ਤੋਂ ਪਿਛਾਂਹ ਹਟ ਗਏ। ਫਿਰ, ਇੱਕ ਨਕਲੀ ਸ਼ਰਾਰਤੀ ਕਿਸਮ ਦੀ ਸਰਗਰਮੀ ਵਿਕਸਤ ਕਰਨ ਲਈ, ਜਿਸ ਨੂੰ ਨਿਪਟ ਹੀ, ਆਪਣੇ ਉੱਚੇ ਦਾਅਵਿਆਂ ਸਮੇਤ ਨਿਪੁੰਸਕਤਾ, ਤਰਸ ਤੇ ਮਖ਼ੌਲ ਹੀ ਉਕਸਾ ਸਕਦੀ ਸੀ, ਉਹਨਾਂ ਨੇ ਇੱਕ ਵਾਰੀ ਲੈਫ਼ਟੀਨੈਂਟ ਨੂੰ ਅਸਪੱਸ਼ਟ ਮਤੇ, ਮਾਣ-ਪੱਤਰ ਤੇ ਬੇਨਤੀ ਪੱਤਰ ਪੇਸ਼ ਕਰਨੇ ਜਾਰੀ ਰੱਖੇ, ਉਸ ਸ਼ਾਹੀ ਲੈਫ਼ਟੀਨੈਂਟ ਨੇ ਉਹਨਾਂ ਨੂੰ, ਮੰਤਰੀਆਂ ਦੇ, ਜਿਹੜੇ ਖੁੱਲ੍ਹੇ ਤੌਰ ’ਤੇ ਦੁਸ਼ਮਣ ਨਾਲ਼ ਮਿਲ਼ੇ ਹੋਏ ਸਨ, ਨੋਟਸ ਵਿੱਚ ਵੀ ਨਾ ਲਿਆਂਦਾ ਅਤੇ ਜਦੋਂ ਸਟਰੀਗਾਊ ਦੇ ਮੈਂਬਰ ਨਿਊ ਰ੍ਹਈਨਿਸ਼ ਗਜ਼ਟ ਦੇ ਇੱਕ ਸੰਪਾਦਕ ਵਿਲੀਅਮ ਵੂਲਫ਼ ਨੇ, ਜੋ ਸਾਰੀ ਅਸੈਂਬਲੀ ਵਿੱਚ ਇੱਕੋ ਇੱਕ ਇਨਕਲਾਬੀ ਬੰਦਾ ਸੀ, ਉਹਨਾਂ ਨੂੰ ਆਖਿਆ ਕਿ ਜੇ ਉਹਨਾਂ ਦਾ ਅਰਥ ਉਹੋ ਹੈ ਜੋ ਕੁੱਝ ਉਹਨਾਂ ਆਖਿਆ ਹੈ, ਤਾਂ ਉਹਨਾਂ ਲਈ ਚੰਗੀ ਗੱਲ ਇਹ ਹੈ ਕਿ ਉਹ ਗੱਲਾਂ ਕਰਨੀਆਂ ਛੱਡ ਦੇਣ ਅਤੇ ਸ਼ਾਹੀ ਲੈਫ਼ਟੀਨੈਂਟ ਨੂੰ ਦੇਸ਼ ਦਾ ਮੁੱਖ ਗ਼ੱਦਾਰ ਕਰਾਰ ਦੇ ਦੇਣ ਤੇ ਉਹਨੂੰ ਤੁਰੰਤ ਜਲਾਵਤਨ ਕਰ ਦੇਣ, ਤਾਂ ਇਹਨਾਂ ਪਾਰਲੀਮੈਂਟਰੀ ਭੱਦਰਪੁਰਸ਼ਾਂ ਦਾ ਸਾਰੇ ਦਾ ਸਾਰਾ ਦੱਬਿਆ ਹੋਇਆ ਅਸਲੀ ਗ਼ੁੱਸਾ ਇਤਨੀ ਤਾਕਤ ਨਾਲ਼ ਭੜਕ ਉੱਠਿਆ ਜਿਹੜਾ ਉਹਨਾਂ ਨੇ ਉਦੋਂ ਵੀ ਕਦੇ ਨਹੀਂ ਸੀ ਵੇਖਿਆ ਜਦੋਂ ਸਰਕਾਰ ਨੇ ਵਾਰ ਵਾਰ ਉਹਨਾਂ ਦਾ ਅਪਮਾਨ ਕੀਤਾ ਸੀ। ਨਿਰਸੰਦੇਹ, **ਸੇਂਟ ਪਾਲ ਦੇ ਚਰਚ** ਵਿੱਚ ਵੂਲਫ਼ ਦੀ ਤਜਵੀਜ਼ ਪਹਿਲੀ ਸੂਝਵਾਨ ਗੱਲ ਸੀ; ਨਿਰਸੰਦੇਹ, ਕਿਉਂ ਜੋ ਇਹੋ ਕੰਮ ਸੀ ਜੋ ਕਰਨ ਵਾਲ਼ਾ ਸੀ— ਅਜਿਹੀ ਸਾਫ਼ ਤੇ ਸਪੱਸ਼ਟ ਭਾਸ਼ਾ ਜੋ ਐਨ ਟਿਕਾਣੇ ’ਤੇ ਪੁੱਜਦੀ ਹੈ, ਕੁੱਝ ਕੁ ਜ਼ਜ਼ਬਾਤੀ ਵਿਅਕਤੀਆਂ ਦਾ ਅਪਮਾਨ ਕੀਤੇ ਬਿਨਾਂ ਨਹੀਂ ਸੀ ਰਹਿ ਸਕਦੀ, ਜਿਹੜੇ ਕੁੱਝ ਵੀ ਕਰਨ ਜੋਗੇ ਨਹੀਂ ਸਨ ਅਤੇ ਜੋ ਇਤਨੇ ਬੁਜ਼ਦਿਲ ਸਨ ਕਿ ਕੋਈ ਕਾਰਵਾਈ ਨਹੀਂ ਸਨ ਕਰ ਸਕਦੇ, ਉਹਨਾਂ ਨੇ ਹਮੇਸ਼ਾਂ ਲਈ ਇਹ ਪੱਕਾ ਇਰਾਦਾ ਕਰ ਲਿਆ ਕਿ ਕੁਝ ਵੀ ਨਾ ਕਰਦੇ ਹੋਏ, ਉਹ, ਉਹ ਕੁੱਝ ਕਰ ਰਹੇ ਸਨ ਜੋ ਕੁੱਝ ਕਰਨਾ ਚਾਹੀਦਾ ਸੀ। ਹਰ ਸ਼ਬਦ, ਜਿਸ ਨੇ ਉਹਨਾਂ ਦੇ ਮਨਾਂ ਦੀ ਮੋਹਿਤ ਕਰਨ ਵਾਲ਼ੀ ਪਰ ਭਾਵਨਾ ਅਨੁਸਾਰ ਅਸਪੱਸ਼ਟਤਾ ਨੂੰ ਬਿਜਲੀ ਵਾਂਗ ਸਾਫ਼ ਕਰ ਦਿੱਤਾ, ਹਰ ਇਸ਼ਾਰਾ ਜੋ ਉਹਨਾਂ ਨੂੰ ਗੋਰਖਧੰਦੇ ਵਿੱਚੋਂ ਕੱਢਣ ਦੇ ਯੋਗ ਸੀ, ਜਿਸ ਗੋਰਖਧੰਦੇ ਵਿੱਚ ਉਹ ਸੰਭਵ ਹੱਦ ਤੱਕ ਸਦੀਵੀ ਤੌਰ ’ਤੇ ਰਹਿਣ ਲਈ ਬਜ਼ਿੱਦ ਸਨ, ਮਾਮਲਿਆਂ ਦੀ ਅਸਲੀ ਹਾਲਤ ਦਾ ਹਰ

ਸਪੱਸ਼ਟ ਸੰਕਲਪ, ਇਸ ਖ਼ੁਦਮੁਖ਼ਤਿਆਰ ਅਸੈਂਬਲੀ ਦੀ ਸ਼ਾਨ ਦੇ ਵਿਰੁੱਧ ਨਿਸ਼ਚੇ ਹੀ ਇੱਕ ਜੁਰਮ ਸੀ।

ਫ਼ਰੈਂਕਫ਼ੋਰਟ ਵਿੱਚ ਸਤਿਕਾਰਯੋਗ ਭੱਦਰਪੁਰਸ਼ਾਂ ਦੀ ਪੁਜ਼ੀਸ਼ਨ ਕਮਜ਼ੋਰ ਹੋਣ ਦੇ ਝੱਟ ਹੀ ਮਗਰੋਂ, ਮਤਿਆਂ, ਅਪੀਲਾਂ, ਸਵਾਲਾਂ ਅਤੇ ਐਲਾਨਾਂ ਦੀ ਬਾਵਜੂਦ ਉਹ ਪਿਛਾਂਹ ਨੂੰ ਹਟੇ, ਪਰ ਵਿਦਰੋਹੀ ਜ਼ਿਲ੍ਹਿਆਂ ਵੱਲ ਨਹੀਂ; ਅਜਿਹਾ ਕਦਮ ਬਹੁਤ ਹੀ ਦ੍ਰਿੜ ਕਦਮ ਹੁੰਦਾ। ਉਹ ਸਟੁਟਗਾਰਟ ਵੀ ਗਏ, ਜਿੱਥੇ ਵੂਰਟੈਂਬਰਗ ਸਰਕਾਰ ਨੇ ਇੱਕ ਪ੍ਰਕਾਰ ਦੀ ਲੋੜੀਂਦੀ ਨਿਰਪੱਖਤਾ ਕਾਇਮ ਰੱਖੀ ਹੋਈ ਸੀ। ਉੱਥੇ, ਅਖ਼ੀਰ ਉਹਨਾਂ ਨੇ ਸਲਤਨਤ ਦੇ ਲੈਫ਼ਟੀਨੈਂਟ ਤੋਂ ਅਧਿਕਾਰ ਖੋਹ ਲੈਣ ਦਾ ਐਲਾਨ ਕੀਤਾ ਅਤੇ ਆਪਣੇ ਅਦਾਰੇ ਵਿੱਚੋਂ ਪੰਜਾਂ ਮੈਂਬਰਾਂ ’ਤੇ ਆਧਾਰਤ ਇੱਕ ਰੀਜੈਨਸੀ ਦੀ ਚੋਣ ਕਰ ਲਈ। ਇਸ ਰੀਜੈਨਸੀ ਨੇ ਤੁਰੰਤ ਇੱਕ ਮਲੀਸ਼ੀਆ ਕਾਨੂੰਨ ਪਾਸ ਕੀਤਾ, ਜਿਹੜਾ ਅਸਲ ਵਿੱਚ ਸਾਰੀ ਉਚਿੱਤ ਤਾਕਤ ਨਾਲ਼ ਜਰਮਨੀ ਦੀਆਂ ਸਾਰੀਆਂ ਸਰਕਾਰਾਂ ਨੂੰ ਭੇਜਿਆ ਗਿਆ। ਉਹਨਾਂ ਨੂੰ ਜਿਹੜੇ ਅਸੈਂਬਲੀ ਦੇ ਦੁਸ਼ਮਣ ਸਨ, ਇਸ ਦੀ ਹਿਫ਼ਾਜ਼ਤ ਲਈ ਫ਼ੌਜਾਂ ਭਰਤੀ ਕਰਨ ਦਾ ਹੁਕਮ ਦਿੱਤਾ ਗਿਆ! ਫਿਰ ਕੌਮੀ ਅਸੈਂਬਲੀ ਦੀ ਹਿਫ਼ਾਜ਼ਤ ਲਈ ਇੱਕ ਸੈਨਾ— ਨਿਰਸੰਦੇਹ, ਕਾਗ਼ਜ਼ਾਂ ਉੱਤੇ — ਬਣਾਈ ਗਈ। ਡਵੀਜ਼ਨ, ਬਰੀਗੇਡ, ਰਜਮੈਂਟਾਂ, ਪਲਟਣਾਂ, ਹਰ ਚੀਜ਼ ਨੇਮਬੱਧ ਕੀਤੀ ਗਈ ਅਤੇ ਕਾਨੂੰਨੀ ਤੌਰ ’ਤੇ ਸਥਾਪਤ ਕੀਤੀ ਗਈ। ਉਸ ਸੈਨਾ ਲਈ ਹਕੀਕਤ ਤੋਂ ਬਿਨਾਂ ਸਭ ਕੁਝ ਸੀ, ਨਿਰਸੰਦੇਹ ਉਹ ਕਦੇ ਵੀ ਹੋਂਦ ਵਿੱਚ ਨਹੀਂ ਆਈ।

ਇੱਕ ਆਖ਼ਰੀ ਵਿਉਂਤ ਕੌਮੀ ਅਸੈਂਬਲੀ ਵਿੱਚ ਪੇਸ਼ ਹੋਈ। ਦੇਸ਼ ਦੇ ਸਾਰੇ ਭਾਗਾਂ ਤੋਂ ਡੈਮੋਕਰੈਟਿਕ ਵਸੋਂ ਨੇ ਆਪਣੇ ਆਪ ਨੂੰ ਪਾਰਲੀਮੈਂਟ ਦੇ ਹਵਾਲੇ ਕਰਨ ਲਈ ਅਤੇ ਉਸ ਨੂੰ ਇੱਕ ਨਿਰਣਾਇਕ ਕਾਰਵਾਈ ਕਰਨ ਵਾਸਤੇ ਪ੍ਰੇਰਨਾ ਲਈ ਡੈਪੂਟੇਸ਼ਨ ਭੇਜੇ। ਲੋਕਾਂ ਨੇ, ਇਹ ਜਾਣਦੇ ਹੋਏ ਕਿ ਵੂਰਟੈਂਬਰਗ ਸਰਕਾਰ ਦੇ ਕੀ ਇਰਾਦੇ ਸਨ ਕੌਮੀ ਅਸੈਂਬਲੀ ਨੂੰ ਮਿੰਨਤਾਂ ਤੇ ਤਰਲੇ ਕੀਤੇ ਕਿ ਉਹ ਉਸ ਸਰਕਾਰ ਨੂੰ ਉਹਨਾਂ ਦੇ ਬਾਗ਼ੀ ਗਵਾਂਢੀਆਂ ਨਾਲ਼ ਖੁੱਲ੍ਹ ਕੇ ਤੇ ਸਰਗਰਮੀ ਨਾਲ਼ ਮਿਲਣ ਲਈ ਮਜਬੂਰ ਕਰੇ। ਸੋ ਉਹਨਾਂ ਨੇ ਬਾਕੀ ਰਹਿੰਦਾ ਅਖ਼ੀਰੀ ਅਸਰ ਵੀ ਗਵਾ ਦਿੱਤਾ ਜਿਹੜਾ ਉਹਨਾਂ ਹੁਣ ਤੱਕ ਸ਼ਾਇਦ ਸਾਂਭ ਕੇ ਰੱਖਿਆ ਹੋਇਆ ਸੀ। ਉਹਨਾਂ ਨੂੰ ਉਹ ਤ੍ਰਿਸਕਾਰ ਮਿਲ਼ ਗਿਆ ਜਿਸ ਦੇ ਉਹ ਹੱਕਦਾਰ ਸਨ ਅਤੇ ਵੂਰਟੈਂਬਰਗ ਸਰਕਾਰ ਨੇ ਪ੍ਰਸ਼ੀਆ ਤੇ ਸ਼ਾਹੀ ਲੈਫ਼ਟੀਨੈਂਟ ਦੇ ਦਬਾਅ ਹੇਠ 18 ਜੂਨ 1849 ਨੂੰ ਉਹ ਕਮਰਾ ਬੰਦ ਕਰਕੇ ਜਿਸ ਵਿੱਚ ਪਾਰਲੀਮੈਂਟ ਜੁੜੀ ਸੀ ਅਤੇ ਰੀਜੈਨਸੀ ਦੇ ਮੈਂਬਰਾਂ ਨੂੰ ਦੇਸ਼ ਛੱਡ ਜਾਣ ਦਾ ਹੁਕਮ ਦੇ ਕੇ ਡੈਮੋਕਰੈਟਿਕ ਸਾਂਗ ਰੋਕ ਦਿੱਤਾ।

ਫਿਰ ਉਹ ਬਾਦੇਨ ਬਗ਼ਾਵਤ ਦੇ ਕੈਂਪ ਵਿੱਚ ਗਏ, ਪਰ ਉੱਥੇ ਵੀ ਇਹ ਹੁਣ ਵਿਅਰਥ ਸਿੱਧ ਹੋਏ। ਕਿਸੇ ਨੇ ਵੀ ਉਹਨਾਂ ਵੱਲ ਧਿਆਨ ਨਾ ਦਿੱਤਾ। ਪਰ, ਰੀਜੈਨਸੀ ਨੇ, ਖ਼ੁਦਮੁਖ਼ਤਿਆਰ ਜਰਮਨ ਕੌਮ ਦੇ ਨਾਂ ’ਤੇ ਆਪਣੇ ਯਤਨਾਂ ਰਾਹੀਂ ਦੇਸ਼ ਨੂੰ ਬਚਾਉਣਾ ਜਾਰੀ ਰੱਖਿਆ। ਉਸ ਨੇ ਵਿਦੇਸ਼ੀ ਤਾਕਤਾਂ ਤੋਂ ਉਸ ਲਈ ਮਾਣਤਾ ਪ੍ਰਾਪਤ ਕਰਨ ਦਾ, ਹਰ ਕਿਸੇ ਨੂੰ ਜੋ ਵੀ ਉਸ ਨੂੰ ਪ੍ਰਵਾਨ ਕਰੇ; ਪਾਸਪੋਰਟ ਜਾਰੀ ਕਰਨ ਰਾਹੀਂ ਯਤਨ ਕੀਤਾ। ਉਸ ਨੇ ਐਲਾਨ

ਜਾਰੀ ਕੀਤੇ ਅਤੇ ਵੂਰਟੈਂਬਰਗ ਦੇ ਉਹਨਾਂ ਹੀ ਜ਼ਿਲ੍ਹਿਆਂ ਨੂੰ ਉਤਸ਼ਾਹਤ ਕਰਨ ਲਈ ਕਮਿਸ਼ਨਰ ਭੇਜੇ ਜਿਨ੍ਹਾਂ ਦੀ ਸਰਗਰਮ ਹਿਮਾਇਤ ਲੈਣ ਤੋਂ ਉਸ ਨੇ ਉਦੋਂ ਇਨਕਾਰ ਕਰ ਦਿੱਤਾ ਸੀ ਜਦੋਂ ਅਜੇ ਸਮਾਂ ਸੀ, ਨਿਰਸੰਦੇਹ ਇਸ ਦਾ ਕੋਈ ਅਸਰ ਨਾ ਹੋਇਆ। ਹੁਣ ਸਾਡੇ ਸਾਹਮਣੇ ਇੱਕ ਮੂਲਕ ਰਿਪੋਰਟ ਹੈ ਜੋ ਇਹਨਾਂ ਕਮਿਸ਼ਨਰਾਂ ਵਿੱਚੋਂ ਇੱਕ ਮਿਸਟਰ ਰੂਜ਼ਲਰ (ਓਲਸ ਲਈ ਮੈਂਬਰ*) ਨੇ ਰੀਜੈਨਸੀ ਨੂੰ ਭੇਜੀ ਸੀ, ਜਿਸ ਦਾ ਮਜ਼ਮੂਨ ਕੁਝ ਕੁਝ ਲੱਛਣਾਤਮਕ ਹੈ। ਇਸ ਉੱਤੇ ਸਟੁਟਗਾਰਤ, 30 ਜੂਨ 1849 ਦੀ ਤਾਰੀਕ ਪਈ ਹੋਈ ਹੈ। ਇਹਨਾਂ ਕਮਿਸ਼ਨਰਾਂ ਵਿੱਚੋਂ ਕੋਈ ਅੱਧੀ ਦਰਜਨ ਕਮਿਸ਼ਨਰਾਂ ਦੇ ਨਕਦੀ ਪ੍ਰਾਪਤ ਕਰਨ ਦੀ ਬੇਨਤੀਜਾ ਖੋਜ ਸਬੰਧੀ ਮਾਹਰਕਿਆਂ ਨੂੰ ਬਿਆਨ ਕਰਦਿਆਂ ਉਹ ਆਪਣੀ ਪਦਵੀ ਉੱਤੇ ਅਜੇ ਨਾ ਜਾ ਸਕਣ ਬਾਰੇ ਕਈ ਬਹਾਨੇ ਪੇਸ਼ ਕਰਦਾ ਹੈ ਅਤੇ ਫਿਰ ਪ੍ਰਸ਼ੀਅਨ, ਅਸਟਰੀਆ, ਬਾਵੇਰੀਆ ਅਤੇ ਵੂਰਟੈਂਬਰਗ ਵਿਚਾਲੇ ਸੰਭਵ ਮੱਤਭੇਦਾਂ, ਉਹਨਾਂ ਦੇ ਸੰਭਵ ਨਤੀਜਿਆਂ ਬਾਰੇ ਇੱਕ ਵਜ਼ਨੀ ਦਲੀਲ ਰਾਹੀਂ ਆਪਣੇ ਆਪ ਨੂੰ ਬਚਾ ਲੈਂਦਾ ਹੈ। ਪਰ, ਇਸ ਨੂੰ ਪੂਰੀ ਤਰ੍ਹਾਂ ਵਿਚਾਰਨ ਦੇ ਮਗਰੋਂ, ਉਹ ਇਸ ਸਿੱਟੇ ’ਤੇ ਪਹੁੰਚਦਾ ਹੈ ਕਿ ਹੁਣ ਕੋਈ ਸੰਭਾਵਨਾ ਨਹੀਂ ਰਹੀ ਹੈ। ਇਸ ਤੋਂ ਅੱਗੇ ਉਹ ਜਾਸੂਸੀ ਕਰਨ ਲਈ ਭਰੋਸੇਯੋਗ ਬੰਦੇ ਨਿਯੁਕਤ ਕਰਨ ਦਾ ਅਤੇ ਜਾਸੂਸੀ ਦੇ ਇੱਕ ਪ੍ਰਬੰਧ ਦਾ ਸੁਝਾਅ ਪੇਸ਼ ਕਰਦਾ ਹੈ ਤਾਂ ਜੋ ਵੂਰਟੈਂਬਰਗ ਵਜ਼ਾਰਤ ਦੇ ਇਰਾਦਿਆਂ ਅਤੇ ਫ਼ੌਜਾਂ ਦੇ ਇੱਧਰ ਉੱਧਰ ਜਾਣ ਦਾ ਪਤਾ ਲੱਗਦਾ ਰਹੇ। ਇਹ ਚਿੱਠੀ ਆਪਣੇ ਟਿਕਾਣੇ ’ਤੇ ਕਦੇ ਨਾ ਪੁੱਜੀ, ਕਿਉਂ ਜੋ ਜਦੋਂ ਇਹ ਲਿਖੀ ਗਈ ਸੀ, ਰੀਜੈਨਸੀ ਪਹਿਲਾਂ ਹੀ ਪੂਰੀ ਤਰ੍ਹਾਂ "ਵਿਦੇਸ਼ੀ ਵਿਭਾਗ", ਅਰਥਾਤ ਸਵਿਟਜ਼ਰਲੈਂਡ ਵਿੱਚ ਪੁੱਜ ਚੁੱਕੀ ਸੀ ਅਤੇ ਜਦੋਂ ਵਿਚਾਰਾ ਮਿਸਟਰ ਰੋਜ਼ਲਰ ਛੇਵੇਂ ਦਰਜੇ ਦੀ ਸਲਤਨਤ ਦੀ ਪ੍ਰਬਲ ਵਜ਼ਾਰਤ ਦੇ ਇਰਾਦਿਆਂ ਬਾਰੇ ਮਗ਼ਜ਼ ਪੱਚੀ ਕਰ ਰਿਹਾ ਸੀ ਉਦੋਂ ਪ੍ਰਸ਼ੀਆ ਬਾਵੇਰੀਆ ਤੇ ਹੇਸੀਆ ਦੇ ਇੱਕ ਲੱਖ ਸਿਪਾਹੀਆਂ ਨੇ ਰਾਸਟਾਟ ਦੀਆਂ ਕੰਧਾਂ ਹੇਠ ਅਖ਼ੀਰੀ ਲੜਾਈ ਵਿੱਚ ਸਾਰੇ ਮਾਮਲੇ ਨੂੰ ਹੱਲ ਵੀ ਕਰ ਲਿਆ ਸੀ।

ਸੋ, ਇਸ ਤਰ੍ਹਾਂ ਜਰਮਨ ਪਾਰਲੀਮੈਂਟ ਤੇ ਇਸ ਦੇ ਨਾਲ਼ ਹੀ ਇਨਕਲਾਬ ਦੀ ਪਹਿਲੀ ਤੇ ਅਖ਼ੀਰੀ ਰਚਨਾ ਅਲੋਪ ਹੋ ਗਈ। ਇਸ ਦਾ ਬੁਲਾਇਆ ਜਾਣਾ ਇਸ ਗੱਲ ਦਾ ਪਹਿਲਾ ਸਬੂਤ ਸੀ ਕਿ ਇੱਥੇ ਜਨਵਰੀ ਵਿੱਚ ਸੱਚ ਮੁੱਚ ਇਨਕਲਾਬ ਹੋਇਆ ਸੀ ਅਤੇ ਉਤਨੀ ਦੇਰ ਮੌਜੂਦ ਰਿਹਾ ਜਦੋਂ ਤੱਕ ਇਹ ਆਧੁਨਿਕ ਜਰਮਨ ਇਨਕਲਾਬ ਸਮਾਪਤ ਨਾ ਕਰ ਦਿੱਤਾ ਗਿਆ। ਸਰਮਾਏਦਾਰ ਜਮਾਤ ਦੇ ਪ੍ਰਭਾਵ ਹੇਠ, ਗ਼ੈਰ–ਜੱਥੇਬੰਦ, ਖਿੰਡਰੀ ਪੁੰਡਰੀ ਪੇਂਡੂ ਵਸੋਂ ਵੱਲੋਂ, ਜਿਸ ਦਾ ਵੱਡਾ ਭਾਗ ਜਾਗੀਰਦਾਰੀ ਦੇ ਗੁੰਗਪੁਣੇ ਤੋਂ ਕੇਵਲ ਜਾਗਿਆ ਹੀ ਸੀ, ਚੁਣੀ ਗਈ ਇਹ ਪਾਰਲੀਮੈਂਟ ਨੇ 1820–1848 ਦੇ ਸਾਰੇ ਹੀ ਬਹੁਤ ਉੱਘੇ ਨਾਵਾਂ ਨੂੰ ਰਾਜਨੀਤਕ ਪਿੜ ਉੱਤੇ ਇੱਕ ਅਦਾਰੇ ਵਿੱਚ ਲਿਆਉਣ ਦਾ ਕੰਮ ਕੀਤਾ। ਮੱਧ–ਵਰਗੀ ਲਿਬਰਲਇਜ਼ਮ ਦੇ ਸਾਰੇ ਪ੍ਰਤਿਸ਼ਟ ਵਿਅਕਤੀ ਇੱਥੇ ਇਕੱਤਰ ਹੋ ਗਏ ਸਨ, ਬੁਰਜੂਆਜ਼ੀ ਨੂੰ ਚਮਤਕਾਰਾਂ ਦੀ ਆਸ ਸੀ, ਇਸ ਨੇ ਆਪਣੇ ਲਈ ਤੇ ਆਪਣੇ ਪ੍ਰਤੀਨਿਧਾਂ ਲਈ ਸ਼ਰਮ

---

* ਪੋਲਿਸ਼ ਨਾਂਅ : ਓਲੇਸ ਨੀਕਾ–ਸੰਪਾਦਕ।

ਵਿਹਾਜੀ। ਸਨਅਤੀ ਤੇ ਤਿਜਾਰਤੀ ਸਰਮਾਏਦਾਰ ਜਮਾਤ ਕਿਸੇ ਵੀ ਹੋਰ ਦੇਸ਼ ਨਾਲੋਂ ਜਰਮਨੀ ਵਿੱਚ ਬਹੁਤ ਹੀ ਬੁਰੀ ਤਰ੍ਹਾਂ ਹਾਰੀ ਸੀ, ਸਭ ਤੋਂ ਪਹਿਲਾਂ ਉਹਨਾਂ ਨਾਲ਼ ਭੈੜੇ ਤੋਂ ਭੈੜਾ ਸਲੂਕ ਕੀਤਾ ਗਿਆ, ਤੋੜਿਆ ਗਿਆ, ਜਰਮਨੀ ਦੇ ਹਰ ਰਾਜ ਵਿੱਚ ਦਫ਼ਤਰੋਂ ਬਾਹਰ ਕੱਢ ਦਿੱਤਾ ਗਿਆ ਅਤੇ ਫਿਰ ਕੇਂਦਰੀ ਜਰਮਨ ਪਾਰਲੀਮੈਂਟ ਵਿੱਚ ਉਹਨਾਂ ਨੂੰ ਬੁਰੀ ਤਰ੍ਹਾਂ ਹਰਾਇਆ ਗਿਆ, ਬਦਨਾਮ ਕੀਤਾ ਗਿਆ ਅਤੇ ਉਹਨਾਂ ਦੀ ਹੋ ਹੋ ਕੀਤੀ ਗਈ। ਰਾਜਨੀਤਕ ਲਿਬਰਲਇਜ਼ਮ, ਬੁਰਜੂਆਜ਼ੀ ਦਾ ਰਾਜ, ਭਾਵੇਂ ਉਹ ਇੱਕ ਸਾਮਰਾਜਵਾਦੀ ਜਾਂ ਰੀਪਬਲਿਕਨ ਤਰਜ਼ ਦੀ ਹਕੂਮਤ ਅਧੀਨ ਹੋਵੇ, ਜਰਮਨੀ ਵਿੱਚ ਹਮੇਸ਼ਾ ਲਈ ਅਸੰਭਵ ਹੈ।

ਆਪਣੀ ਹੋਂਦ ਦੇ ਮਗਰਲੇ ਸਮੇਂ ਵਿੱਚ, ਜਰਮਨ ਪਾਰਲੀਮੈਂਟ ਨੇ ਉਸ ਭਾਗ ਨੂੰ ਹਮੇਸ਼ਾ ਲਈ ਬਦਨਾਮ ਕਰਨ ਦਾ ਕੰਮ ਕੀਤਾ, ਜਿਸ ਨੇ ਮਾਰਚ 1848 ਤੋਂ ਸਰਕਾਰੀ ਅਪੋਜ਼ੀਸ਼ਨ ਡੈਮੋਕਰੈਟਾਂ ਦੀ ਅਗਵਾਈ ਕੀਤੀ ਸੀ ਜਿਨ੍ਹਾਂ ਨੇ ਵਪਾਰੀਆਂ ਦੇ ਅਤੇ ਅੰਸ਼ਕ ਤੌਰ 'ਤੇ ਕਿਰਸਾਣੀ ਦੇ ਹਿੱਤਾਂ ਦੀ ਪ੍ਰਤੀਨਿਧਤਾ ਕੀਤੀ ਸੀ। ਇਸ ਜਮਾਤ ਨੂੰ, ਮਈ ਤੇ ਜੂਨ 1849 ਵਿੱਚ, ਜਰਮਨੀ ਵਿੱਚ ਇੱਕ ਪਾਏਦਾਰ ਸਰਕਾਰ ਬਣਾਉਣ ਦੇ ਆਪਣੇ ਸਾਧਨ ਦਰਸਾਉਣ ਲਈ ਇੱਕ ਮੌਕਾ ਦਿੱਤਾ ਗਿਆ ਸੀ। ਅਸਾਂ ਵੇਖਿਆ ਹੈ ਕਿ ਉਹ ਕਿਵੇਂ ਅਸਫ਼ਲ ਹੋਈ, ਇਹ ਹਾਰ ਇਸ ਨੂੰ ਬਹੁਤੀ ਵਿਰੋਧੀ ਹਾਲਤ ਕਾਰਨ ਨਹੀਂ ਸੀ ਹੋਈ, ਜਿਨੀ ਸਾਰੀਆਂ ਅਜ਼ਮਾਇਸ਼ੀ ਲਹਿਰਾਂ ਵਿੱਚ ਅਮਲੀ ਤੇ ਲਗਾਤਾਰ ਬੁਜ਼ਦਿਲੀ ਦੇ ਕਾਰਨ ਹੋਈ ਸੀ, ਉਹ ਲਹਿਰਾਂ ਇਨਕਲਾਬ ਦੇ ਅਰੰਭ ਹੋਣ ਸਮੇਂ ਤੋਂ ਹੀ ਪੈਦਾ ਹੋਈਆਂ ਸਨ, ਇਹ ਹਾਰ ਰਾਜਨੀਤੀ ਵਿੱਚ ਉਹੋ ਘੱਟ-ਦ੍ਰਿਸ਼ਟੀ ਵਾਲ਼ੀ, ਕਾਇਰ ਤੇ ਡਾਵਾਂਡੋਲ ਭਾਵਨਾ ਵਿਖਾਉਣ ਰਾਹੀਂ ਹੋਈ ਜਿਹੜੀ ਭਾਵਨਾ ਇਸ ਦੀਆਂ ਤਜ਼ਾਰਤੀ ਕਾਰਵਾਈਆਂ ਦਾ ਖ਼ਾਸਾ ਹੈ। ਮਈ, 1849 ਵਿੱਚ, ਇਸ ਨੀਤੀ ਰਾਹੀਂ, ਇਸ ਨੇ ਸਾਰੀਆਂ ਯੂਰਪੀ ਬਗ਼ਾਵਤਾਂ ਦੇ ਅਸਲੀ ਸੰਗਰਾਮੀਏ, ਸਮੂਹ ਮਜ਼ਦੂਰ ਜਮਾਤ ਦਾ ਵਿਸ਼ਵਾਸ਼ ਗਵਾ ਲਿਆ ਸੀ। ਪਰ ਫਿਰ ਵੀ ਇਸ ਨੂੰ ਇੱਕ ਚੰਗਾ ਮੌਕਾ ਪ੍ਰਾਪਤ ਹੋਇਆ। ਜਰਮਨ ਪਾਰਲੀਮੈਂਟ ਵਿੱਚ, ਵਿਸ਼ੇਸ਼ ਤੌਰ 'ਤੇ, ਪਿਛਾਂਹਖਿਚੂਆਂ ਤੇ ਲਿਬਰਲਾਂ ਦੇ ਨਿਕਲ ਜਾਣ ਮਗਰੋਂ ਇਹੋ ਜਮਾਤ ਹੀ ਭਾਰੂ ਸੀ। ਪੇਂਡੂ ਵਸੋਂ ਇਸ ਦੇ ਪੱਖ ਵਿੱਚ ਸੀ। ਛੋਟੇ ਰਾਜਾਂ ਦੀਆਂ ਦੋ-ਤਿਹਾਈ ਫ਼ੌਜਾਂ, ਪ੍ਰਸ਼ੀਆ ਦੀ ਤੀਜਾ ਹਿੱਸਾ ਫ਼ੌਜ, ਪ੍ਰਸ਼ੀਆ ਦੀ ਰਾਖਵੀਂ ਸੈਨਾ ਦੀ ਬਹੁਗਿਣਤੀ ਇਸ ਨਾਲ਼ ਮਿਲ਼ਣ ਨੂੰ ਤਿਆਰ ਸਨ, ਜੇ ਇਸ ਨੇ ਦ੍ਰਿੜਤਾ ਨਾਲ਼ ਅਤੇ ਉਸ ਹੌਂਸਲੇ ਨਾਲ਼ ਅਮਲ ਕੀਤਾ ਹੁੰਦਾ ਜੋ ਮਾਮਲਿਆਂ ਦੀ ਹਾਲਤ ਬਾਰੇ ਇੱਕ ਸਪੱਸ਼ਟ ਸੂਝ ਦਾ ਹਿਸਾ ਹੈ। ਪਰ ਸਿਆਸਤਦਾਨ ਜੋ ਇਸ ਜਮਾਤ ਦੇ ਆਗੂ ਸਨ ਉਸ ਨਿਕਚੂ ਵਪਾਰੀਆਂ ਦੀ ਭੀੜ ਨਾਲ਼ੋਂ, ਜੋ ਉਹਨਾਂ ਦੇ ਪਿੱਛੇ ਸੀ, ਵਧੇਰੇ ਸਪੱਸ਼ਟ ਦ੍ਰਿਸ਼ਟੀ ਵਾਲ਼ੇ ਨਹੀਂ ਸਨ। ਉਹ ਲਿਬਰਲਾਂ ਨਾਲ਼ੋਂ ਵਧੇਰੇ ਬੁੱਧੂ, ਸਵੈਇੱਛਾ ਨਾਲ਼ ਅਪਣਾਏ ਧੋਖਿਆਂ ਨਾਲ਼ ਵਧੇਰੇ ਕਰੜਾਈ ਨਾਲ਼ ਜੁੜੇ ਹੋਏ, ਵਧੇਰੇ ਕੰਨਾਂ ਦੇ ਕੱਚੇ, ਤੱਥਾਂ ਨਾਲ਼ ਦ੍ਰਿੜਤਾ ਨਾਲ਼ ਨਿਪਟਣ ਦੇ ਵਧੇਰੇ ਅਯੋਗ ਸਨ। ਉਹਨਾਂ ਦੀ ਰਾਜਨੀਤਕ ਮਹੱਤਤਾ ਵੀ ਰਸਾਤਲ ਤੱਕ ਜਾ ਪੁੱਜੀ ਹੈ। ਪਰ ਉਹਨਾਂ ਨੇ ਅਸਲ ਵਿੱਚ ਆਮ ਅਸੂਲਾਂ ਨੂੰ ਅਜੇ ਬਲ਼ੀ ਨਹੀਂ ਸੀ ਚੜ੍ਹਾਇਆ, ਉਹ ਬਹੁਤ ਹੀ ਯੋਗ ਹਾਲਤਾਂ ਅਧੀਨ ਸਨ, ਜੋ ਇੱਕ ਛਿੰਨਭੰਗਰੀ ਬਗ਼ਾਵਤ ਕਰਨ ਦੇ ਯੋਗ ਸਨ, ਜਦੋਂ

ਇਹ ਆਖ਼ਰੀ ਉਮੀਦ ਵੀ ਉਹਨਾਂ ਕੋਲ਼ੋਂ ਖੋਹ ਲਈ ਗਈ ਜਿਵੇਂ ਫ਼ਰਾਂਸ ਵਿੱਚ "ਨਿਰੋਲ ਜਮਹੂਰੀਅਤ" ਦੇ ਉਹਨਾਂ ਦੇ ਸਾਥੀਆਂ ਕੋਲ਼ੋਂ ਲੂਈ ਬੋਨਾਪਾਰਟ ਦੇ ਰਾਜ-ਪਲਟੇ ਰਾਹੀਂ ਖੋਹ ਲਈ ਗਈ ਸੀ।

ਦੱਖਣ-ਪੱਛਮ ਜਰਮਨ ਬਗ਼ਾਵਤ ਦੀ ਹਾਰ ਨੇ ਅਤੇ ਜਰਮਨ ਪਾਰਲੀਮੈਂਟ ਦੇ ਉਠਾਏ ਜਾਣ ਨੇ ਪਹਿਲੇ ਜਰਮਨ ਇਨਕਲਾਬ ਦੇ ਇਤਿਹਾਸ ਨੂੰ ਸਮਾਪਤ ਕਰ ਦਿੱਤਾ ਹੈ। ਹੁਣ ਸਾਨੂੰ ਉਲਟ-ਇਨਕਲਾਬੀ ਗੱਠਜੋੜ ਦੇ ਜੇਤੂ ਮੈਂਬਰਾਂ ਉੱਤੇ ਇੱਕ ਉੱਡਦੀ ਉੱਡਦੀ ਨਜ਼ਰ ਪਾਉਣੀ ਚਾਹੀਦੀ ਹੈ; ਅਸੀਂ ਇਹ ਆਪਣੀ **ਅਗਲੀ ਚਿੱਠੀ** ਵਿੱਚ ਕਰਾਂਗੇ।

ਲੰਡਨ, 24 ਸਤੰਬਰ, 1852.

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | | |
|---|---|---|
| 1. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 |
| 2. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 |
| 3. | ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) | 50.00 |
| 4. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 |
| 5. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 |
| 6. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 05.00 |
| 7. | ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) | 30.00 |
| 8. | ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) | 35.00 |
| 9. | ਰਾਜ ਅਤੇ ਇਨਕਲਾਬ (ਲੈਨਿਨ) | 50.00 |
| 10. | ਰਾਜ (ਲੈਨਿਨ) | 10.00 |
| 11. | ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 |
| 12. | ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) | 50.00 |
| 13. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 |
| 14. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 |
| 15. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 |
| 16. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 |
| 17. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 |
| 18. | ਦਵੰਦਵਾਦ ਜਰੀਏ ਲੋਕਾਂ ਦੀ ਸੇਵਾ (ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ) | 10.00 |
| 19. | ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) | 100.00 |
| 20. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 |
| 21. | ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ | 10.00 |
| 22. | ਚੋਰ, ਭ੍ਰਿਸ਼ਟ ਤੇ ਅੱਯਾਸ਼ ਨੇਤਾਸ਼ਾਹੀ | 3.00 |
| 23. | ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ | 3.00 |
| 24. | ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 |
| 25. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 |
| 26. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 10.00 |

| | | |
|---|---|---|
| 27. | ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) | 10.00 |
| 28. | ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ | 10.00 |
| 29. | ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) | 15.00 |
| 30. | ਜੰਗਲਨਾਮਾ – ਇੱਕ ਸਿਆਸੀ ਪੜਚੋਲ | 10.00 |
| 31. | ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ | 10.00 |
| 32. | ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ | 20.00 |
| 33. | ਕਿਉਂ ਮਾਓਵਾਦ ? | 10.00 |
| 34. | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) | 10.00 |
| 35. | ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ | 10.00 |
| 36. | ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ | 10.00 |
| 37. | ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ | 10.00 |
| 38. | ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) | 25.00 |
| 39. | ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) | 60.00 |
| 40. | ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) | 10.00 |
| 41. | ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) | 5.00 |
| 42. | ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ | 20.00 |
| 43. | ਭਗਤ ਸਿੰਘ ਨੇ ਕਿਹਾ... | 5.00 |
| 44. | ਸ਼ਹੀਦ ਕਰਤਾਰ ਸਿੰਘ ਸਰਾਭਾ | 5.00 |
| 45. | ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) | 10.00 |
| 46. | ਫ਼ਲਸਫ਼ਾਨਾ ਲਿਖ਼ਤਾਂ (ਮਾਓ-ਜ਼ੇ-ਤੁੰਗ) | 25.00 |
| 47. | ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ | 10.00 |
| 48. | ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) | 20.00 |
| 49. | ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ | 20.00 |
| 50. | ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) | 10.00 |
| 51. | ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ ਸੁਤੰਤਰ ਵਪਾਰ ਸੰਬੰਧੀ ਵਿਚਾਰ) | 10.00 |

52. ਆਈਨਸਟੀਨ ਦੇ ਸਮਾਜਿਕ ਸਰੋਕਾਰ 10.00
53. ਫਾਸੀਵਾਦ ਕੀ ਹੈ ? ਅਤੇ ਇਸ ਨਾਲ਼ ਕਿਵੇਂ ਲੜੀਏ ? 15.00
54. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) 50.00
55. ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) 60.00
56. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) 60.00
57. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) 125.00
58. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) 20.00
59. ਪੂੰਜੀ ਦੀ ਉਤਪਤੀ (ਮਾਰਕਸ) 45.00
60. ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) 45.00
61. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) 70.00
62. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) 125.00
63. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) 65.00
64. ਸਾਹਿਤ ਅਤੇ ਕਲਾ ਬਾਰੇ (ਲੈਨਿਨ) 150.00
65. ਸਮਾਜਵਾਦ ਤੇ ਜੰਗ (ਲੈਨਿਨ) 45.00
66. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) 65.00
67. ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) 25.00
68. ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) 70.00
69. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) 100.00
70. ਅਡੋਲ ਬਾਲਸ਼ਵਿਕ ਨਤਾਸ਼ਾ 30.00
71. ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) 60.00
72. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) 60.00
73. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) 60.00
74. ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) 15.00
75. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) 20.00
76. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) 10.00

## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | |
|---|---|
| 1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) | 80.00 |
| 2. ਮੇਰੇ ਸ਼ਗਿਰਦੀ ਦੇ ਦਿਨ (ਨਾਵਲ) (ਮੈਕਸਿਮ ਗੋਰਕੀ) | 100.00 |
| 3. ਮੇਰੇ ਵਿਸ਼ਵ-ਵਿਦਿਆਲੇ (ਨਾਵਲ) (ਮੈਕਸਿਮ ਗੋਰਕੀ) | 70.00 |
| 4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 |
| 5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 |
| 6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 |
| 7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 |
| 8. ਪਹਿਲਾ ਅਧਿਆਪਕ (ਨਾਵਲੈੱਟ—ਚੰਗੀਜ਼ ਆਇਤਮਾਤੋਵ) | 20.00 |
| 9. ਸ਼ੋਲੋਖੋਵ ਦੀਆਂ ਕਹਾਣੀਆਂ | 30.00 |
| 10. ਸ਼ਾਂਤ ਸਰਘੀ ਵੇਲਾ (ਨਾਵਲ—ਬੋਰਿਸ ਵਾਸੀਲਿਯੇਵ) | 30.00 |
| 11. ਭਾਂਜ (ਨਾਵਲ—ਐਲੈਗਜ਼ਾਂਦਰ ਫ਼ਦੇਯੇਵ) | 100.00 |
| 12. ਫ਼ੌਲਾਦੀ ਹੜ੍ਹ (ਨਾਵਲ—ਅਲੈਗਜ਼ਾਂਦਰ ਸਰਾਫ਼ੀਮੋਵਿਚ) | 100.00 |
| 13. ਇਕਤਾਲ਼ੀਵਾਂ (ਨਾਵਲੈੱਟ—ਬੋਰਿਸ ਲਵਰੇਨਿਓਵ) | 30.00 |

**‘ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ’** ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਸਰਮਾਏਦਾਰ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ–ਨੌਜਵਾਨਾਂ, ਲੋਕ–ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 50. ਰੁਪਏ